
# ਨਿਰਭਉ ਨਿਰਵੈਰ

(ਜੀਵਨੀ ਗੁਰੂ ਹਰਿ ਰਾਇ ਜੀ)



**ਸਤਿਬੀਰ ਸਿੰਘ**

ਨਿਰਭਉ ਨਿਰਵੈਰ ਸਤਿਬੀਰ ਸਿੰਘ

 www.sikhbookclub.com

ਨਿਰਭਉ

ਨਿਰਵੈਰੁ

SIKHBOOKCLUB.COM

| | |
|---|---|
| ਸਾਡਾ ਇਤਿਹਾਸ (ਭਾਗ ੧) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ੨) | (ਬਾਬਾ ਬੰਦਾ ਸਿੰਘ ਤੋਂ ਸਿੱਖ ਰਾਜ ਤੱਕ) |
| ਬਲਿਓ ਚਿਰਾਗ | (ਜੀਵਨੀ ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਜੀਵਨੀ ਗੁਰੂ ਅੰਗਦ ਦੇਵ ਜੀ) |
| ਪਰਬਤੁ ਮੇਰਾਣੁ | (ਜੀਵਨੀ ਗੁਰੂ ਅਮਰਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਜੀਵਨੀ ਗੁਰੂ ਰਾਮਦਾਸ ਜੀ) |
| ਪਰਤਖੁ ਹਰਿ | (ਜੀਵਨੀ ਗੁਰ ਅਰਜਨ ਦੇਵ ਜੀ) |
| ਗੁਰ ਭਾਰੀ | (ਜੀਵਨੀ ਗੁਰੂ ਹਰਗੋਬਿੰਦ ਜੀ) |
| ਨਿਰਭਉ ਨਿਰਵੈਰੁ | (ਜੀਵਨੀ ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਜੀਵਨੀ ਗੁਰੂ ਤੇਗ ਬਹਾਦਰ ਜੀ) |
| ਪੁਰਖ ਭਗਵੰਤ | (ਜੀਵਨੀ ਗੁਰੂ ਗੋਬਿੰਦ ਸਿੰਘ ਜੀ) |
| ਕਥਾ ਪੁਰਾਤਨ ਇਉਂ ਸੁਣੀ (ਭਾਗ 1, 2) | (ਪੁਰਾਤਨ ਗ੍ਰੰਥਾਂ ਦਾ ਭਾਵ ਪ੍ਰਕਾਸ਼) |
| ਮੇਰੇ ਲੈਕਚਰ (ਭਾਗ ੧) | (ਦੇਸ਼ ਵਿੱਚ) |
| ਮੇਰੇ ਲੈਕਚਰ (ਭਾਗ ੨) | (ਵਿਦੇਸ਼ ਵਿੱਚ) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ) |
| ਰਛਿਆ ਰਹਿਤ | (ਰਹਿਤ ਦੀ ਮਹੱਤਤਾ ਸਬੰਧੀ) |
| ਖਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸੌ ਸਵਾਲ | (ਗੁਰਮਤਿ ਸਬੰਧੀ ਸਵਾਲ ਜਵਾਬ) |
| ਆਦਿ ਸਿੱਖ ਤੇ ਆਦਿ ਸਾਖੀਆਂ | (ਸਿੱਖਾਂ ਪ੍ਰਤੀ ਗੁਰੂ ਸਾਹਿਬ ਦੇ ਬਚਨ) |
| ਅਨਾਦਿ ਅਨਾਹਤਿ | (ਜਪੁ ਤੇ ਉਹਦੇ ਪੱਖ) |
| ਰਬਾਬ ਤੋਂ ਨਗਾਰਾ | (ਇੱਕੜ ਦੁੱਕੜ) |
| ਮਨਿ ਬਿਸ੍ਰਾਮ | (ਸੁਖਮਨੀ ਸਾਹਿਬ ਬਾਰੇ) |
| ਦਰਵੇਸ਼ੀ ਗਾਖੜੀ | (ਦਰਵੇਸ਼ਾਂ ਦੀਆਂ ਜੀਵਨੀਆਂ) |
| ਬਾਰਹ ਮਾਹਾ ਤਿੰਨੇ | (ਬਾਰਹਮਾਹ ਮਾਝ, ਤੁਖਾਰੀ ਤੇ ਬਾਰਹ ਮਾਹਾ ਗੁਰੂ ਗੋਬਿੰਦ ਸਿੰਘ ਜੀ ਬਾਰੇ) |
| ਪੂਰਨ ਸਚਿ ਭਰੇ | (ਮੰਨੋ ਭਾਵੇਂ ਨਾਂਹ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਪ੍ਰਸਤਾਵਨਾ, ਜਪੁ, ਸੋਦਰ, ਸੋ ਪੁਰਖ ਤੇ ਸੋਹਿਲਾ) (ਸੈਂਚੀ ੧) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਸਿਰੀ ਰਾਗ ਸੰਪੂਰਨ) ਸੈਂਚੀ ੨ ਤੇ ੩) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਮਾਝ ਰਾਗ ਸਾਰਾ ਮੁਕੰਮਲ) (ਸੈਂਚੀ ੪) |

# ਨਿਰਭਉ ਨਿਰਵੈਰੁ

## ਜੀਵਨੀ ਗੁਰੂ ਹਰਿ ਰਾਇ ਜੀ

SIKHBOOKCLUB.COM

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ-144 008


www.sikhbookclub.com

**Nirbhau Nirvair** (Biography of Guru Har Rai Ji)
*by* SATBIR SINGH

Published by :
New Book Co.. Mai Hiran Gate, Jalandhar.
Ph : 2280045, 3293190, 2284325

ISBN 81-87476-15-X

© ਲੇਖਕ

ਪਹਿਲੀ ਵਾਰ : 1981, ਦੂਜੀ ਵਾਰ : 1984, ਤੀਜੀ ਵਾਰ : 1991,
ਚੌਥੀ ਵਾਰ : 1996, ਪੰਜਵੀਂ ਵਾਰ : 2002, ਛੇਵੀਂ ਵਾਰ : 2007

SIKHBOOKCLUB.COM

ਮੁੱਲ : 85 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3293190, 2284325
Fax : 0181-2234081
E-mail : contact@newbookcompany.com
Website : www.newbookcompany.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।


www.sikhbookclub.com

ਮਿੱਤਰਾਂ ਦੇ ਮਿੱਤਰ

ਸਰਦਾਰ ਗੁਰਚਰਨ ਸਿੰਘ ਜੀ ਟੋਹੜਾ

SIKHBOOKCLUB.COM

ਨੂੰ



www.sikhbookclub.com

SIKHBOOKCLUB.COM

## ਤੀਜਾ ਐਡੀਸ਼ਨ ਛਪ ਆਉਣ ਤੇ

ਇਤਿਹਾਸ ਹਾਲਾਤ-ਵਾਕਯਾਤ, ਛਪੇ-ਅਣਛਪੇ ਅਤੇ ਅੱਜ ਤੇ ਕਲ ਵਿਚਕਾਰ ਨਿਰੰਤਰ ਹੋ ਰਹੀ ਗੋਸ਼ਟੀ ਹੈ। ਕੋਈ ਇਤਿਹਾਸ ਕੀ ਲਿਖੇਗਾ ਜੇ ਉਸ ਪਾਸ ਤੱਥ ਹੀ ਨਹੀਂ ਅਤੇ ਤੱਥ ਕੀ ਕਰ ਸਕਣਗੇ ਜੇ ਉਨਾਂ ਪਾਸ ਆਪਣਾ ਇਤਿਹਾਸਕਾਰ ਹੀ ਨਹੀਂ। ਸਾਡੀ ਬਦਕਿਸਮਤੀ ਹੀ ਇਹ ਰਹੀ ਹੈ ਕਿ ਅਸੀਂ ਦੂਜਿਆਂ ਤੇ ਨਿਰਭਰ ਰਹੇ ਅਤੇ ਇਤਨਾ ਰਲਾ ਪੈ ਗਿਆ ਕਿ ਕੱਢਦੇ ਕੱਢਦੇ ਹੀ ਉਮਰਾਂ ਲੱਗ ਜਾਣਗੀਆਂ।

ਸੋ ਜੋ ਕੋਈ ਇਹ ਕਹਿੰਦਾ ਹੈ ਕਿ ਆਖਰੀ ਗੱਲ ਕਹਿ ਦਿੱਤੀ ਗਈ ਹੈ ਤਾਂ ਜਪੁ ਜੀ ਦੀ ਬੋਲੀ ਵਿਚ '**ਬੋਲ ਵਿਗਾੜ**' ਹੈ। ਜਦ ਵੀ ਮੇਰੀ ਕਿਸੇ ਰਚਨਾ ਦਾ ਨਵਾਂ ਐਡੀਸ਼ਨ ਛਪਣਾ ਹੁੰਦਾ ਹੈ ਤਾਂ ਮੈਂ ਇਕ ਨਜ਼ਰ ਜ਼ਰੂਰ ਪਾਉਂਦਾ ਹਾਂ ਤਾਂ ਕਿ ਉਕਾਈਆਂ ਨਾ ਰਹਿਣ। ਭਾਵੇਂ ਸਰੀਰ ਨੂੰ ਖੇਚਲ ਹੋ ਜਾਣ ਕਾਰਨ ਇਸ ਵਾਰੀ ਮੇਰਾ ਵੀ ਚਿੱਤ ਹੋ ਆਇਆ ਸੀ ਕਿ 'ਨਿਰਭਉ ਨਿਰਵੈਰੁ' ਨੂੰ ਉਸੇ ਤਰ੍ਹਾਂ ਛਾਪ ਦਿਆਂ ਪਰ ਮਨ ਨ ਮੰਨਿਆ। ਸੋ ਸਿਰੇ ਤੋਂ ਸੋਧ ਕੇ ਤੀਜੀ ਐਡੀਸ਼ਨ ਨੂੰ ਤਾਜ਼ਾ ਕਰਕੇ ਪਾਠਕਾਂ ਹੱਥੀਂ ਦੇ ਰਿਹਾ ਹਾਂ।

ਦਾਰਾ ਸ਼ਿਕੋਹ, ਭਾਈ ਸਾਧੂ (ਬੀਬੀ ਵੀਰੋ ਜੀ ਦੇ ਪਤੀ), ਬਾਬਾ ਗੁਰਦਿੱਤਾ ਜੀ ਅਤੇ ਬਖਸ਼ਾਂ ਤੇ ਨਵੀਂ ਰੌਸ਼ਨੀ ਪਾਈ ਹੈ।

ਛਾਪੇ ਦੀਆਂ ਗਲਤੀਆਂ ਵੀ ਦੂਰ ਕਰਨ ਦੀ ਪੂਰੀ ਵਾਹ ਲਗਾਈ ਹੈ ਪਰ ਇਹ ਛਾਪੇ ਦੀ ਚੰਦਰੀ ਭੁੱਲ (ਪ੍ਰਿੰਟਰਜ਼ ਡੈਵਲ) ਫਿਰ ਵੀ ਮੱਲੋ-ਮੱਲੀ ਵਿਚ ਆ ਬੈਠ ਜਾਂਦੀ ਹੈ। ਗੁਰੂ ਹਰਿ ਰਾਇ ਜੀ 'ਤੇ ਨਿਰੋਲ ਇੱਕੋ-ਇੱਕ ਸੰਪੂਰਨ ਜੀਵਨੀ ਹੋਣ ਕਾਰਨ ਮੈਨੂੰ ਜਿੱਥੇ ਮਾਣ ਹੈ ਉਥੇ ਜ਼ਿੰਮੇਵਾਰੀ ਦਾ ਵੀ ਅਹਿਸਾਸ ਵੀ ਹੈ।

ਗੁਰੂ ਹਰਿ ਰਾਇ ਜੀ ਨੇ ਜਿਨ੍ਹਾਂ ਆਉਣ ਵਾਲੇ ਖਤਰਿਆਂ ਤੋਂ ਪੰਥ ਦੇ ਬੇੜੇ ਨੂੰ ਸੁਚੇਤ ਕੀਤਾ ਸੀ, ਉਨਾਂ ਵਿਚੋਂ ਸਭ ਤੋਂ ਵੱਡਾ ਸੀ

**ਆਪ ਆਪ ਹੁਇ ਸਭ ਸੋ ਗਏ।**

ਆਪ ਹੁਦਰੀ ਹੋਣ ਨਾਲ ਬੇੜਾ ਖੰਡ ਖੰਡ ਹੋ ਜਾਏਗਾ। ਉਸ ਤੋਂ ਬਚਣ ਦਾ ਉਪਾਅ ਵੀ ਉਨ੍ਹਾਂ ਹੀ ਦੱਸਿਆ ਕਿ ਜੇ '**ਜਾਨਹਿ ਸਤਿਗੁਰ ਏਕ ਅਖੰਡਾ**' ਤਾਂ ਬੇੜੇ ਦਾ ਕੋਈ ਕੁਝ ਵਿਗਾੜ ਨਹੀਂ ਸਕੇਗਾ।

 www.sikhbookclub.com

ਗੁਰੂ ਅਮਰ ਦਾਸ ਜੀ ਨੇ ਬਹੁਤ ਪਹਿਲਾਂ ਸਾਨੂੰ ਚੇਤਾਵਨੀ ਦਿੱਤੀ ਸੀ ਕਿ ਹਾਕਮ ਤੇ ਪਰਜਾ ਦੋਵਾਂ ਵਿਚ ਮਾੜੀ ਸੋਚਣੀ ਕਾਰਨ ਬੜੀ ਦੁਬਿਧਾ ਪੈ ਜਾਂਦੀ ਹੈ ਤੇ ਜੇ ਗੁਰੂ ਦੇ ਬਚਨਾਂ ਤੇ ਦਿਲੋਂ ਜਾਨ ਨਾਲ ਪਹਿਰਾ ਦੇਈਏ ਤਾਂ ਏਕਾ ਕਾਇਮ ਰਹਿੰਦਾ ਹੈ ਤੇ ਨਾ ਕੋਈ ਤੋੜ ਸਕਦਾ ਹੈ।

ਰਈਅਤਿ ਰਾਜੇ ਦੁਰਮਤਿ ਦੋਈ।
ਬਿਨੁ ਸਤਿਗੁਰ ਸੇਵੇ ਏਕੁ ਨ ਹੋਈ।
ਮੇਹਰਾਂ ਦਾ ਸਾਈਂ ਮੇਹਰ ਕਰੇ।

54, ਖਾਲਸਾ ਕਾਲਜ ਕਾਲੋਨੀ, ਸਤਿਬੀਰ ਸਿੰਘ
ਪਟਿਆਲਾ
ਅਪ੍ਰੈਲ 30, 1991

SIKHBOOKCLUB.COM

## ਬਾਰ-ਬਾਰ ਬੰਦਨਾ

ਗੁਰੂ ਹਰਿ ਰਾਇ ਜੀ ਦੀ ਜੀਵਨੀ "**ਨਿਰਭਉ ਨਿਰਵੈਰੁ**" ਨੂੰ ਹਰ ਪਾਸਿਓਂ ਇਤਨਾ ਪਿਆਰ-ਸਤਿਕਾਰ, ਆਦਰ-ਮਾਣ ਮਿਲਿਆ ਕਿ ਮੈਂ ਸਭ ਦਾ ਰਿਣੀ ਹੋ ਧੰਨਵਾਦ ਕਰਨਾ ਹੈ।

ਇਹ ਮੈਨੂੰ ਦੱਸ ਕੇ ਪ੍ਰਸੰਨਤਾ ਹੋ ਰਹੀ ਹੈ ਕਿ ਭਾਸ਼ਾ ਵਿਭਾਗ ਪੰਜਾਬ ਨੇ ਇਸ ਨੂੰ ਸੰਨ ੧੯੮੧ ਦੀ ਜੀਵਨੀ ਦੀ ਸਰਵ-ਉੱਤਮ ਪੁਸਤਕ ਕਹਿ ਕੇ ਇਨਾਮ ਦਿੱਤਾ ਹੈ ਅਤੇ ਸਰਦਾਰ ਕਰਤਾਰ ਸਿੰਘ ਜੀ ਦੁੱਗਲ ਨੇ 'ਫਰਾਮ ਮਾਈ ਬੁੱਕ ਸ਼ੈਲਫ' ਦੇ ਕਾਲਮ ਹੇਠ ਉਚੇਚਾ ਇਸ ਗੱਲ ਦਾ ਜਿਕਰ ਕੀਤਾ ਕਿ ਸਮੱਗਰੀ ਦੀ ਘਾਟ ਹੋਣ ਦੇ ਬਾਵਜੂਦ ਗੁਰੂ ਹਰਿ ਰਾਇ ਜੀ ਦੀ ਪੂਰੀ ਜੀਵਨੀ ਲਿਖਣੀ ਇਕ ਕਾਰਨਾਮੇ ਤੋਂ ਘੱਟ ਨਹੀਂ। ਜਦ ਇਹ ਪੁਸਤਕ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਸ੍ਰੀ ਅੰਮ੍ਰਿਤਸਰ ਵਿਖੇ ਰਲੀਜ਼ ਕੀਤੀ ਤਾਂ ਉਨ੍ਹਾਂ ਵੀ ਕਹਿਆ ਕਿ ਗੁਰੂ ਹਰਿ ਰਾਇ ਜੀ ਬਾਰੇ ਇਤਨਾ ਕੁਝ ਪਹਿਲੀ ਵਾਰੀ ਹੀ ਦੇਖਣ ਨੂੰ ਆਇਆ ਹੈ।

SIKHBOOKCLUB.COM

ਅੱਜ "**ਨਿਰਭਉ ਨਿਰਵੈਰੁ**' ਦਾ ਦੂਜਾ ਐਡੀਸ਼ਨ ਛਪਣ ਤੇ ਮੈਂ ਕੇਵਲ ਬਾਰ-ਬਾਰ ਬੰਦਨਾ ਲਿਖ ਕੇ ਸ਼ੁਕਰ-ਸ਼ੁਕਰ ਦੁਹਰਾਉਣਾ ਹੈ। ਇਹ ਸਭ ਵਡਿਆਈਆਂ ਕਰਤਾ ਪੁਰਖ ਦੀਆਂ ਹਨ ਜੋ ਸਾਨੂੰ ਨਿਮਾਣਿਆਂ ਨੂੰ ਮਾਣ ਆਪਣੇ ਬਿਰਦ ਬਾਣੇ ਦੀ ਲਾਜ ਰੱਖਣ ਲਈ ਦੇ ਰਹਿਆ ਹੈ।

ਹਰਿ ਜੀਉ ਨਿਮਾਣਿਆ ਤੂ ਮਾਣੁ।<br>
ਨਿਚੀਜਿਆਂ ਚੀਜ ਕਰੇ ਮੇਰਾ ਗੋਵਿੰਦ<br>
ਤੇਰੀ ਕੁਦਰਤ ਕਉ ਕੁਰਬਾਣੁ।

ਜਨਵਰੀ ੨੦, ੧੯੮੪ —**ਸਤਿਬੀਰ ਸਿੰਘ**

ਯਮਨਾਨਗਰ

## ਸਪਤਮ ਮਹਿਲ ਅਗਮ ਹਰਿ ਰਾਇਆ

ਮੇਰੇ ਸ਼ਾਹ ਗੁਰੂ ਹਰਿ ਰਾਇ ਜੀ ਦੀ ਬਖਸ਼ਸ਼ ਦਾ ਜਿਤਨਾ ਵੀ ਧੰਨਵਾਦ ਕਰਾਂ ਥੋੜ੍ਹਾ ਹੈ ਜਿਨ੍ਹਾਂ ਆਪਣੇ ਅਮੁੱਕ ਖਜ਼ਾਨੇ ਵਿਚੋਂ ਸਿਫਤ ਸਲਾਹ ਦੀ ਪੂੰਜੀ ਦਿੱਤੀ ਤੇ ਇਹ ਜੀਵਨੀ ਵੀ ਮੁਕੰਮਲ ਹੋਈ :

ਹਰਿ ਪੂਜੀ ਹਰਿ ਪੂਜੀ
ਚਾਹੀ, ਮੇਰੇ ਸਤਿਗੁਰ ਸਾਹਾ
ਹਰਿ ਪੂਜੀ ਹਰਿ ਪੂਜੀ ਚਾਹੀ,
ਮੇਰੇ ਸਤਿਗੁਰ ਸਾਹਾ ਰਾਮ ।

ਪੁਸਤਕ 'ਕੁਦਰਤੀ ਨੂਰ' (ਜੀਵਨੀ ਗੁਰੂ ਅੰਗਦ ਦੇਵ ਜੀ) ਦੇ ਮੁੱਖ ਸ਼ਬਦ ਵਿਚ ਮੈਂ ਆਸ ਕਰਦਿਆਂ ਇਹ ਅਰਦਾਸ ਕੀਤੀ ਸੀ ਕਿ ਗੁਰੂ ਹਰਿ ਰਾਇ ਜੀ ਦੀ ਜੀਵਨੀ ਵੀ ਇਸੇ ਸਾਲ ਮਈ ਵਿਚ ਛਪ ਕੇ ਪਾਠਕਾਂ ਦੇ ਹੱਥ ਆ ਜਾਏਗੀ। ਗੁਰੂ ਪਾਤਸ਼ਾਹ ਨੇ ਆਸ ਪੁਜਾਈ ਹੈ।

ਇਹ ਗੁਰੂ ਸਾਹਿਬਾਨ ਦੀਆਂ ਪਾਵਨ ਜੀਵਨੀਆਂ ਦੀ ਨੌਵੀਂ ਜਿਲਦ ਹੈ ਅਤੇ ਦਸਵੀਂ 'ਪੂਰੀ ਹੋਈ ਕਰਾਮਾਤ' (ਜੀਵਨੀ ਗੁਰੂ ਰਾਮ ਦਾਸ ਜੀ) ਭਾਵੇਂ ਲਿਖ ਲਈ ਹੈ ਤੇ ਛਪ ਵੀ ਅਗਸਤ ਤੱਕ ਆ ਜਾਏਗੀ ਪਰ ਰੀਝ ਇਹ ਹੀ ਹੈ ਕਿ ਦਸੋਂ ਹੀ ਪੁਸਤਕਾਂ ਸੋਨੇ ਦੀਆਂ ਜਿਲਦਾਂ ਵਿਚ ਮੜ੍ਹੀਆਂ ਹੋਈਆਂ ਸ੍ਰੀ ਦਰਬਾਰ ਸਾਹਿਬ ਦੀ ਦਲ੍ਹੀਜ਼ ਤੇ ਸਰਦਾਰ ਇੰਦਰਜੀਤ ਸਿੰਘ ਜੀ ਆਪਣੇ ਹੱਥੀਂ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਦਿਵਸ ਤੋਂ ਅਗਲੇ ਦਿਹਾੜੇ ਸੰਗਤਾਂ, ਸਨੇਹੀਆਂ, ਸੰਬੰਧੀਆਂ, ਸਹਿਯੋਗੀਆਂ ਦੀ ਅਸੀਸ ਨਾਲ ਰਲਾ ਰੱਖਣ। "ਇਛਾ ਪੂਰਕ ਸਰਬ ਸੁਖ ਦਾਤਾ,' ਉਹ ਦਿਨ ਸੁੱਖਾਂ ਦਾ ਲਿਆਏ।

ਗੁਰੂ ਹਰਿ ਰਾਇ ਜੀ ਦੀਆਂ ਰਹਿਮਤਾਂ ਕਿਤਨੀਆਂ ਸਾਡੇ ਤੇ ਹੋਈਆਂ ਉਸ ਦਾ ਅੰਦਾਜ਼ਾ ਸਹਿਜੇ ਹੀ ਜੀਵਨੀ ਪੜ੍ਹ ਕੇ ਲੱਗ ਜਾਏਗਾ। ਬਹੁਤੇ ਲਿਖਾਰੀ ਤਾਂ ਇਹ ਹੀ ਲਿਖ ਕੇ ਗੱਲ ਮੁਕਾ ਦੇਂਦੇ ਹਨ ਕਿ ਜੀਵਨੀ ਸੰਬੰਧੀ ਮਸਾਲਾ ਹੀ ਨਹੀਂ ਮਿਲਦਾ ਅਤੇ ਜੋ ਕੁਝ ਮਿਲਦਾ ਵੀ ਹੈ ਤਾਂ ਆਈ ਗਈ ਵਾਲੀ ਗੱਲ ਲਗਦੀ ਹੈ ਪਰ ਰਤਾ ਕੁ ਖੋਜੀਏ ਤਾਂ ਇਹ ਪ੍ਰਗਟ ਹੋਵੇਗਾ ਕਿ ਜਿਸ ਮਰਯਾਦਾ 'ਤੇ ਪੰਥ ਦ੍ਰਿੜ੍ਹ ਖੜਾ ਹੈ ਇਸ ਨੂੰ ਉਸਾਰਨ ਵਿਚ ਗੁਰੂ ਹਰਿ ਰਾਇ ਜੀ ਦਾ ਬਹੁਤ ਵੱਡਾ ਹੱਥ ਹੈ।

ਲੰਗਰ ਵਰਤਾਉਣ ਵੇਲੇ ਨਗਾਰਾ, ਖੜੇ ਹੋ ਕੇ ਅਰਦਾਸ ਕਰਨਾ, ਗੁਰਬਾਣੀ ਦਾ ਅਦਬ, ਦੋਖੀਆਂ ਨੂੰ ਮੂੰਹ ਨਾਂਹ ਲਗਾਉਣਾ, ਹੰਕਾਰੀਆਂ ਦਾ ਹੰਕਾਰ ਭੰਨਣਾ ਭਾਵੇਂ ਉਹ ਰਾਜੇ ਹਨ ਜਾਂ ਹੁਕਮਰਾਨ, ਜੋ ਜੀਅ ਆਵੇ ਸੋ ਰਾਜ਼ੀ ਜਾਵੇ ਦੇ ਪ੍ਰਤੱਖ ਦਰਸ਼ਨ,

 www.sikhbookclub.com

ਪ੍ਰਚਾਰ ਲਈ ਉਚੇਚੀਆਂ ਬਖਸ਼ਾਂ ਦੀ ਅਸਥਾਪਣਾ, ਪੰਥਕ ਬੇੜੇ ਨੂੰ ਆਉਣ ਵਾਲੇ ਖਤਰਿਆਂ ਤੋਂ ਆਗਾਹ ਕਰਨਾ, ਦਿੱਲੀ ਨਾਲ ਪੰਥ ਦੇ ਸੰਬੰਧਾਂ ਸੰਬੰਧੀ ਪੂਰਨੇ ਪਾਉਣੇ, ਖੁਸ਼ਾਮਦੀਆਂ ਨੂੰ ਦੁਰਕਾਰ ਭਾਵੇਂ ਉਹ ਪੁੱਤਰ ਹੀ ਹੋਵੇ, ਸਿੱਖ ਘਰ ਕੈਸੇ ਹੋਣ, ਨਿਤਾਣਿਆਂ ਨੂੰ ਤਾਣ ਅਤੇ ਅਨੇਕਾਂ ਹੀ ਹੋਰ ਕੌਤਕ ਹਨ ਜਿਨ੍ਹਾਂ ਦਾ ਵਰਣਨ ਅਸੀਂ ਕਦੇ ਨਹੀਂ ਕੀਤਾ।

ਮਹਾਰਾਜ ਦਾ ਇਕ ਹੀ ਬਚਨ ਦੇਖੋ ਸਾਨੂੰ ਕਿਤਨੀ ਅਗਵਾਈ ਬਖਸ਼ਦਾ ਹੈ। ਸਭ ਕਹਿਣ ਲੱਗੇ ਕਿ ਦਿੱਲੀ ਨਾਲ ਬਣਾ ਕੇ ਹੀ ਚਲਣਾ ਚਾਹੀਦਾ ਹੈ ਤਾਂ ਸਪਤਮ ਮਹਲ ਗੁਰੂ ਹਰਿ ਰਾਇ ਜੀ ਨੇ ਕਿਹਾ :

ਜੋ ਤੁਸੀਂ ਆਖ ਰਹੇ ਹੋ, ਇਹ ਸਿਆਸਤ ਹੈ ਅਤੇ ਮੈਂ ਧਰਮ ਬਣਾ ਰਖਿਆ ਹੈ, ਕਿ ਐਸੇ ਧ੍ਰੋਹੀ ਨੂੰ ਨਹੀਂ ਮਿਲਣਾ ਜੋ ਭਰਾਵਾਂ ਦਾ ਕਤਲ, ਸੰਤ ਪੁਰਖਾਂ ਨੂੰ ਤਸੀਹੇ ਤੇ ਬਾਪ ਦੀ ਛਾਤੀ ਤੇ ਪੈਰ ਰੱਖ ਤੱਖਤ ਤੇ ਬੈਠਾ ਹੈ। ਫਿਰ **'ਦੇਨੇ ਨਹੀਂ ਦਾਮ, ਲੈਣੇ ਕੀ ਨਹੀਂ ਖਾਹਿਸ਼।'**

ਗੁਰੂ ਪਾਤਸ਼ਾਹਾਂ ਦੀਆਂ ਜੀਵਨੀਆਂ ਮੁਕੰਮਲ ਹੋਣ ਤੇ ਮੇਰੀ ਇਹ ਇੱਛਾ ਵੀ ਉਪਜੀ ਹੈ ਕਿ ਇਕ ਵੱਖਰੀ ਪੁਸਤਕ **ਅਦੁਭੀ ਬਾਤਾਂ** (ਮੰਨੋ ਭਾਵੇਂ ਨਾਂਹ ਦੇ ਸਿਰਲੇਖ ਹੇਠਾਂ) ਲਿਖ ਦਿਆਂ ਤਾਂਕਿ ਕੌਮ ਵਿਚ ਗੌਰਵ ਪੈਦਾ ਹੋਵੇ।

ਮੈਨੂੰ ਅੱਜ ਇਹ ਲਿਖ ਕੇ ਖੁਸ਼ੀ ਹੋ ਰਹੀ ਹੈ ਕਿ 'ਇਤਿਹਾਸ ਸਭਨਾਂ ਭਗਤਾਂ ਦਾ' ਵੀ ਤਿੰਨ ਜਿਲਦਾਂ ਵਿਚ ਮੁਕੰਮਲ ਕੀਤਾ ਹੈ ਤਾਂਕਿ ਉਨ੍ਹਾਂ ਸੂਰਮੇ ਭਗਤਾਂ ਦੀ ਵਡਿਆਈ ਵੀ ਓਹਲੇ ਨਾਂਹ ਰਹੇ। ਪਹਿਲੀ ਜਿਲਦ ਵਿਚ ਕਬੀਰ, ਤਰਲੋਚਨ, ਸਧਨਾ, ਸੈਨ ਅਤੇ ਬਾਬਾ ਫ਼ਰੀਦ ਜੀ ਰੱਖੇ ਹਨ।

**'ਨਿਰਭਉ ਨਿਰਵੈਰੁ'** ਮੈਂ ਆਪਣੇ ਮਿੱਤਰ-ਵੀਰ ਆਗੂ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਨੂੰ ਭੇਟ ਕਰ ਰਿਹਾ ਹਾਂ। ਪਿਛਲੇ ੨੧ ਸਾਲਾਂ ਤੋਂ ਨੇੜੇ ਦੇ ਸੰਬੰਧ ਤੇ ਸੱਤ ਸਾਲਾਂ ਤੋਂ ਡੂੰਘਾ ਸਨੇਹ ਹੋਣ ਦਾ ਮਾਣ ਮੈਨੂੰ ਮਿਲਦਾ ਰਿਹਾ ਹੈ। ਜਿਤਨਾ ਪਿਆਰ ਉਹ ਦੇਂਦੇ ਅਤੇ ਜਿਤਨਾ ਵਿਸ਼ਵਾਸ ਦ੍ਰਿੜ੍ਹਾਂਦੇ ਹਨ, ਉਸ ਦਾ ਕੇਵਲ ਪ੍ਰਗਟਾਵਾ ਹੀ ਹੈ, ਇਹ ਪੁਸਤਕ ਉਨ੍ਹਾਂ ਦੇ ਨਾਮ। ਉਨ੍ਹਾਂ ਨੂੰ ਇਕੋ ਹੀ ਲਗਨ ਲਈ ਟੁਰੀ ਜਾਂਦੀ ਹੈ ਕਿ ਕੌਮ ਦਾ ਹਰ ਅੰਗ ਨਰੋਆ ਹੋਵੇ, ਉਜਾਗਰ ਹੋਵੇ ਤੇ ਕੌਮ ਗਵਾਚਿਆ ਮਾਣ ਪ੍ਰਾਪਤ ਕਰੇ। ਜੋ ਤੁਕ ਭਾਈ ਅੱਡਾ ਜੀ ਨੇ ਕਲਗੀਧਰ ਨੂੰ ਸੰਬੋਧਨ ਕਰਕੇ ਕਹੀ ਸੀ, ਉਹ ਹੀ ਟੌਹੜਾ ਸਾਹਿਬ ਦੇ ਮੂੰਹ ਤੇ ਹੈ। ਤੁਕ ਸੀ :

"ਤੇਰੇ ਚੁੱਖ ਚਰਨਾਂ ਦੀ ਮਿੱਟੀ,
ਸਾਡੇ ਸਿਰ ਦਾ ਤਾਜ ਹੈ।"

ਵਿਸ਼ਵਾਸ ਇਹ ਹੀ ਰੱਖਿਆ ਹੋਇਆ ਹੈ :

ਮਣੀ ਸਿੰਘਾ ਕਾਨ ਨ ਕਾਹੂ ਦੀ,
ਜਿਸ ਦੇ ਸਿਰ ਤੇ ਕਲਗੀਆਂ ਵਾਲਾ।

ਵਾਹਿਗੁਰੂ ਕਰੇ ਇਹ ਦ੍ਰਿੜ੍ਹਤਾ ਕਾਇਮ ਰਹੇ।

 www.sikhbookclub.com

ਸਰਦਾਰ ਅਮੋਲਕ ਸਿੰਘ ਜੀ ਨੇ ਰੰਗਾਂ ਦੀ ਖੇਡ ਵਰਤਾ "**ਨਿਰਭਉ ਨਿਰਵੈਰੁ**" ਦੇ ਖਿਆਲ ਨੂੰ ਟਾਈਟਲ ਤੇ ਮੂਰਤੀਮਾਨ ਕੀਤਾ ਹੈ ਅਤੇ ਵੀਰ ਸ਼ਰਦਾਰ ਸਵਰਨਜੀਤ ਸਿੰਘ ਤੇ ਸਰਦਾਰ ਤੇਜਵੀਰ ਸਿੰਘ ਨੇ ਆਪਣੀ ਨਿਗਰਾਨੀ ਹੇਠ ਛਾਪ ਦੱਖ ਉਘਾੜ ਦਿੱਤੀ ਹੈ। ਸਰਦਾਰ ਮਹਿਤਾਬ ਸਿੰਘ ਜੀ ਜਿਸ ਚਾਅ ਨਾਲ ਪੁਸਤਕਾਂ ਛਾਪ ਰਹੇ ਹਨ, ਉਸ ਨੂੰ ਦਰਸਾਉਣ ਦੀ ਲੋੜ ਨਹੀਂ, ਪ੍ਰਤੱਖ ਹੀ ਹੈ।

ਸਰਦਾਰ ਚਰਨਜੀਤ ਸਿੰਘ ਜੀ ਨੇ ਖਰੜੇ ਨੂੰ ਬੜੀ ਸਫਾਈ ਨਾਲ ਟਾਈਪ ਕਰ ਕੇ ਛਾਪੇ ਦੇ ਕੰਮ ਨੂੰ ਸਹਿਲ ਬਣਾਇਆ ਹੈ. ਮੈਂ ਰਿਣੀ ਹਾਂ।

ਸ਼ਿਵ ਅਗੈ ਸ਼ਕਤੀ ਹਾਰਿਆ,
ਏਵੈ ਹਰਿ ਭਾਇਆ।

**ਸੱਖਰ**
ਯਮਨਾ ਨਗਰ (ਅੰਬਾਲਾ)
੧੭ ਮਈ, ੧੯੮੧,

**—ਸਤਿਬੀਰ ਸਿੰਘ**
(ਪ੍ਰਿੰਸੀਪਲ)

SIKHBOOKCLUB.COM

ਕੀ ਕਿੱਥੇ

੧. **ਧੰਨ ਪਿਤਾ ਪਰਧਾਨ-ਬਾਬਾ ਗੁਰਦਿੱਤਾ ਜੀ** ੧੭—੩੧
ਡਰੋਲੀ ੧੭, ਬਾਬਾ ਗੁਰਦਿੱਤਾ ਜੀ ਦਾ ਜਨਮ ੨੦, ਬੀਬੀ ਵੀਰੋ ਜੀ ਦਾ ਜਨਮ ੨੧, ਬਾਬਾ ਸੂਰਜ ਮੱਲ ਦਾ ਜਨਮ ੨੨, ਬਾਬਾ ਅਣੀ ਰਾਇ ਦਾ ਜਨਮ ੨੩, ਬਾਬਾ ਅਟੱਲ ਰਾਇ ਜੀ ਦਾ ਜਨਮ ੨੩, ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ੨੩, ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ੨੩, ਕੀਰਤਪੁਰ ਦਾ ਵਸਾਉਣਾ ੨੪, ਉਦਾਸੀ ਮੱਤ ਦੀ ਰੀਤ ਚਲਾਈ ੨੭, ਧੀਰ ਮੱਲ ਦਾ ਜਨਮ ੩੦।

੨. **ਪ੍ਰਕਾਸ਼ ਤੇ ਪਾਲਣ-ਪੋਸਣ** : ੩੨—੪੦
ਜਹਾਂਗੀਰ ਦੀ ਮ੍ਰਿਤੂ ੩੨, ਪਹਿਲੀ ਜੰਗ ੩੩, ਦੂਜੀ ਜੰਗ ੩੪, ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ੩੪, ਮਾਤਾ ਦਮੋਦਰੀ, ਸਾਂਈਂ ਦਾਸ, ਰਾਮੋ, ਦਇਆ ਕੌਰ, ਨਾਰਾਇਣ ਦਾਸ ਦਾ ਅਕਾਲ ਚਲਾਣਾ ੩੪, ਤੀਜੀ ਜੰਗ ੩੫, ਚੌਥੀ ਜੰਗ ੩੫, ਬਾਬਾ ਗੁਰਦਿੱਤਾ ਜੀ ਦਾ ਅਕਾਲ ਚਲਾਣਾ ੩੬, ਸਦਾ ਸੰਗ ਰਾਖੇ ੩੮, ਕੋਮਲ ਹਿਰਦੇ ਦੇ ਪ੍ਰਭਾਵ ੩੮, ਦਾਮਨ ਸੰਕੋਚ ਚਲੋ ੩੯, ਸੁਭਾਅ ੪੦।

੩. **ਪੋਤਰਾ ਪਰਵਾਣੁ** : ੪੧—੪੮
ਬਾਬਾ ਧੀਰ ਮੱਲ ਦੀ ਈਰਖਾ ੪੧, ਦੀਪਕ ਪ੍ਰਕਾਸ਼ ਦੀਪ ਸੋ ਕਰਾ ੪੨, ਜੋਤੀ ਜੋਤ ਰਲੀ ੪੩, ਅੰਤਮ ਉਪਦੇਸ਼ ੪੪, ਅੰਤਮ ਸੰਸਕਾਰ ੪੬।

੪. **ਕੀਰਤਪੁਰ ਵਿਖੇ ਗੁਰਿਆਈ ਦੇ ਮੁੱਢਲੇ ਸਾਲ** : ੪੯—੫੬
ਪਹਿਲਾ ਉਪਦੇਸ਼ ੪੯, ਨਿੱਤ ਕਰਮ ੫੦, ਬਾਗਾਤ ੫੧, ਰੱਖ ਜਾਂ ਚਿੜੀਆਘਰ ੫੨, ਕੋਟ ਬੱਧਾ ੫੨, ਕਾਲ ਸਮੇਂ ਲੰਗਰਾਂ ਦੀ ਸਥਾਪਨਾ ੫੨, ਦਵਾਖਨਾ ਤੇ ਸ਼ਫ਼ਾਖਾਨਾ ੫੪, ਅਨੰਦ ਵਿਆਹ ੫੫।

੫. **ਫੈਲਯੋ ਦੇਸ-ਦੇਸ ਜਸ ਗੁਰੂ ਕਾ** : ੫੭—੬੭
ਅਦੁੱਤੀ ਸਿੱਖ ਦੀ ਘਾੜਤ ੫੭, ਦੱਖ ਦਰਬਾਰ ਦੀ ੫੭, ਫ਼ਕੀਰਾਂ ਓਟ ਤੱਕੀ ੫੯, ਰਾਜਿਆਂ ਦਾ ਹੰਕਾਰ ਭੰਨਿਆ ੫੯, ਰਾਜਿਆਂ ਨੂੰ ਉਪਦੇਸ਼ ੬੦, ਭਾਈ ਭਗਤੂ ੬੧, ਦਾਰਾ ਬੀਮਾਰ ਤੇ ਸ਼ਾਹਜਹਾਨ ਨੇ ਸ਼ਰਨ ਤੱਕੀ ੬੪, ਦਾਰਾ ਗੁਰੂ ਦਰ ੬੬।


SIKHBOOKCLUB.COM

੬. **ਗੁਰ ਕੇ ਬਚਨ ਕਰਨ ਸੁਨ ਧਿਆਵੈ :** ੬੮—੮੦
ਮਹਿਮਾ ਗੁਰ ਬਚਨਾਂ ਦੀ ੬੮, ਬੀਬੀ ਰੂਪ ਕੌਰ ਜੀ ੭੦, ਸੁਹਣਾ ਤੇ ਕਸੁਹਣਾ ੭੧, ਮੁਕਤਾ ਕਿਹੜਾ ੭੧, ਪਾਪ ਦਾ ਮੂਲ ੭੨, ਮੌਤ ਨਹੀਂ ਅਕਾਲ ਚਲਾਣਾ ੭੨, ਹਮ ਭੂਲ ਵਿਗਾੜੇ ਦਿਨਸ ਰਾਤਿ ੭੨, ਹਉ ਤਿਸ ਵਿਟਹੁ ਵਾਰਿਆ ੭੩, ਅਰਦਾਸ ਤੇ ਅਰਾਧਨਾ ੭੩, ਹਉ ਹੀ ਵੱਡਾ ਰੋਗ ੭੩, ਸੇਵਾ ਕਰਨ ਦਾ ਵੱਲ ੭੪, ਵਿਣ ਦਿੱਤੇ ਕਿਛੁ ਹੱਥ ਨ ਆਈ ੭੪, ਚੌਥੇ ਪਦ ਕੋ ਪਾਵੈ ਸੋਈ ੭੫, ਮਹਿਮਾ ਸਾਧੂ ਸੰਗ ਕੀ ੭੫, ਸਿਰ-ਸਿਰ ਰਿਜਕ ਸੰਬਾਹਿ ਠਾਕਰ ੭੬, ਰਹੱਸ ਤੇ ਰਮਜ਼ਾਂ ਖੋਲ੍ਹ ਦੇਂਦੇ ੭੭, ਕਰਮ ਯੋਗ ਕਾਰਜ ੭੮, ਗੁਰ ਅਨੁਸਾਰੀ ਲੋਕ ਅਪਾਰੀ ੭੯, ਭਾਈ ਪੁੰਗਰ ਜੀ ੭੯, ਭਾਈ ਬਿਧੀ ਚੰਦ ਸੰਸਨ ੮੦, ਭਾਈ ਕਾਲਾ ਦੁੱਲਟ ੮੦।

੭. **ਬਖਸ਼ਾਂ** : ੮੧—੮੯
ਬਖਸ਼ਾਂ ੮੧, ਬਖਸ਼ ਸੰਗਤਿ ਸਾਹਿਬ ੮੧, ਭਗਤਿ ਭਗਵਾਨ ੮੪, ਬਖਸ਼ ਸੁੱਥਰੇ ਸ਼ਾਹ ੮੩, ਚੌਥੀ ਬਖਸ਼, ਭਾਈ ਮੀਹਾਂ ਸਾਹਿਬ ੮੮, ਪੰਜਵੀਂ ਬਖਸ਼, ਬੱਖਤ ਮੱਲੀਏ ੮੯, ਛੇਵੀਂ ਬਖਸ਼, ਜੀਤ ਮੱਲੀਏ ੮੯।

੮. **ਕੌਤਕ ਤੇ ਕਰਮ** : ੯੦—੯੭
ਪਖੰਡੀ ਸੱਪ ਨਿਆਈਂ ੯੦, ਤੁਸੀਂ ਹੀ ਤਾਂ ਰਾਜ ਕਮਾਉਣਾ ਹੈ ੯੧, ਭਾਉ ਭਗਤ ਦਾ ਭੁੱਖਾ ੯੨, ਬਾਧੇ ਭਗਤ ਨ ਛੂਟੇ ਮੋਹਿ ੯੩, ਮਹਿਮਾ ਬਾਣੀ ਦੀ ੯੪, ਅਦਬ ਬਾਣੀ ਦਾ ੯੬, ਰੋਗੀ ਦਾ ਪ੍ਰਭੂ ਖੰਡਹੁ ਰੋਗ ੯੬।

੯. **ਦੁਆਬਾ—ਮਾਲਵਾ ਰਟਨ** : (੧੬੩੫-੧੬੫੬ ੯੮—੧੦੬
ਸਿੱਖਾਂ ਦੀਆਂ ਅਰਜ਼ੋਈਆਂ ੯੮, ਯਾਤਰਾ ਦੇ ਅਸੂਲ ਦ੍ਰਿੜ੍ਹਾਏ ੯੯, ਰੋਪੜ ੯੯, ਸੇਵਕ ਨਿਹਾਲ, ਬਡੀ ਲਾਹਲੀ ੯੯, ਹਰੀਆਂ ਵੇਲਾਂ ੯੯, ਹੁਸ਼ਿਆਰਪੁਰ ੧੦੦, ਭੁੰਗਾਨੀ ਸਾਹਿਬ ੧੦੦, ਚੌਂਤਰਾ ਸਾਹਿਬ ੧੦੦, ਕਰਤਾਰਪੁਰ ਸਹਿਬ ੧੦੧, ਨੂਰ ਮਹਿਲ ੧੦੨, ਪੁਆਂਦੜਾ ਸਾਹਿਬ ੧੦੩, ਡਰੋਲੀ ੧੦੩, ਜ਼ੀਰਾ ੧੦੩, ਕਾਂਗੜ-ਲੱਖੀ ਜੰਗਲ, ਬਹਿਬਲ ਤੋਂ ਮੇਹਰਾਜ ੧੦੩, ਮੇਹਰਾਜੀਆਂ ਨੂੰ ਪਾਤਸ਼ਾਹੀਆਂ ੧੦੪, ਤਖਤੂਪੁਰਾ, ਗਹਿਲ ਤੋਂ ਭਦੌੜ ੧੦੫, ਪਹੇਆ ਸਾਹਿਬ ੧੦੫, ਥਾਨੇਸਰ ੧੦੬, ਕਾਕਰੂ ਕਾ ਅੰਬ ੧੦੬।

SIKHBOOKCLUB.COM

१०. **ਰਾਜ ਬਦਲੀ, ਦਾਰਾ ਦੀ ਮਦਦ ਤੇ ਮਾਝੇ ਦੀ ਫੇਰੀ :** १०७—११६

ਦੋਲੇਵਾਲ ਅਤੇ ਬੁੰਗਾ ਸਾਹਿਬ १०७, ਸ਼ਾਹਜਹਾਨ ਦਾ ਬੀਮਾਰ ਹੋਣਾ १०८, ਗੁਰੂ ਹਰਿ ਰਾਇ ਜੀ ਦੀ ਪੰਜਾਬ ਫੇਰੀ १०८. ਜਸਪਾਲ ਭਾਈ ਕੇ १०८. ਧੂਮਾਂਝ ਮਸੰਦਾਂ, १०९, ਪਲਾਹੀ ਲਾਗੇ ਕਾਸਮ ਬੇਗ ਦਾ ਹੱਲਾ १०९. ਹਦੀਆਬਾਦ. ਫਗਵਾੜਾ १०९. ਕਰਤਾਰਪੁਰ ११०. ਬਾਬਾ ਬਕਾਲਾ ११०, ਸਾਡੇ ਲਈ ਪੂਰਨੇ १११, ਗੋਇੰਦਵਾਲ ਵਿਖੇ १११, ਦਾਰਾ—ਸਤਿਗੁਰ ਮਿਲਾਪ ११२, ਗੁਰੂ ਹਰਿ ਰਾਇ ਜੀ ਦਾ ਅੰਮ੍ਰਿਤਸਰ ਪਧਾਰਨਾ ११५, ਨਨਕਾਣਾ ਸਾਹਿਬ ११५. ਭਾਈ ਹਕੀਕਤ ਰਾਇ ਦੇ ਦਾਦਾ ਜੀ ਨੂੰ ਉਪਦੇਸ਼ ११६, ਕਸ਼ਮੀਰ ਪਯਾਨਾ ११६।

११. **ਔਰੰਗਜ਼ੇਬ ਦੇ ਹੱਲੇ ਤੇ ਹੀਲੇ :** ११७—१३४

ਸਰਮਦ ਦਾ ਕਤਲ ११७, ਕੌਤਕ ਬਾਰ ਕੀਰਤਪੁਰ ਔਰੰਗੇ ਫ਼ੌਜ ਪਠਾਈ ११८. ਪਹਿਲਾ ਹੱਲਾ ११९, ਔਰੰਗਜ਼ੇਬ ਵਲੋਂ ਚਿੱਠੀ १२१. ਗੁਰੂ ਹਰਿ ਰਾਇ ਜੀ ਦਾ ਮੋੜਵਾਂ ਉੱਤਰ १२९. ਦੂਤ ਕੀਰਤਪੁਰ १२०. ਰਾਮ ਰਾਇ ਦਿੱਲੀ ਪਠਾਯਾ १२३ ਮੁਲਾਕਾਤ ਔਰੰਗਜ਼ੇਬ ਤੇ ਮਹਾਰਾ ਕਰਾਮਾਤਾਂ ਦਾ १२४, ਹਮਰੈ ਮੁੱਖ ਲਾਗਹਿ ਨਾਹੀ १२६. ਰਾਮ ਰਾਇ ਨਾਲ ਕੀ ਬੀਤੀ १३१, ਆਉਣ ਵਾਲਿਆਂ ਖਤਰਿਆਂ ਤੋਂ ਪੰਥ ਨੂੰ ਚਿਤਾਵਨੀ १३३।

१२. **ਜੋਤ ਸਮਰਪੀ ਅਸ਼ਟ ਗੁਰ :** १३५—१४०

ਗੁਰੂ ਹਰਿ ਰਾਇ ਜੀ ਦਾ ਨਿਰਣਾ १३५, ਗੁਰੂ ਹਰਿ ਕ੍ਰਿਸ਼ਨ ਜੀ ਦੀ ਪ੍ਰਭਾ ਤੇ ਪ੍ਰਭਾਵ १३५. ਗੁਰਤਾ ਦੇ ਲਾਇਕ १३६. ਮਰਯਾਦਾ ਦਰਸਾਈ १३७. ਗੁਰੂ ਗੱਦੀ ਬਖਸ਼ੀ १३੯, ਜੋਤੀ ਜੋਤ ਸਮਾਉਣਾ १३९।

१३. **ਨਿਰਭਉ ਨਿਰਵੈਰੁ :** १४१—१४७

ਸਮੁੱਚੇ ਜੀਵਨ ਤੇ ਇਕ ਝਾਤ १४१।


SIKHBOOKCLUB.COM

SIKHBOOKCLUB.COM

## ੧

# ਧੰਨ ਪਿਤਾ ਪਰਧਾਨ

### ਬਾਬਾ ਗੁਰਦਿੱਤਾ ਜੀ

**ਡਰੋਲੀ**—ਲੁਧਿਆਣੇ ਤੋਂ ਫ਼ਿਰੋਜ਼ਪੁਰ ਵੱਲ ਰੇਲ ਦੀ ਪਟੜੀ 'ਤੇ ਜਾਂਦਿਆਂ ਮੋਗੇ ਤੋਂ ਘਲ ਕਲਾਂ ਪਿਛੋਂ ਇਕ ਸਟੇਸ਼ਨ ਡਗਰੂ ਆਂਦਾ ਹੈ, ਜਿਸਨੂੰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਚਰਨਾਂ ਨਾਲ ਕਈ ਵਾਰੀ ਪਾਵਨ ਕੀਤਾ ਸੀ। ਉਸੇ ਡਗਰੂ ਦੇ ਦੱਖਣ ਪੱਛਮ ਵਲ ਡੇਢ ਕੁ ਮੀਲ ਦੂਰੀ 'ਤੇ ਡਰੋਲੀ ਦਾ ਪ੍ਰਸਿੱਧ ਅਸਥਾਨ ਹੈ, ਜਿੱਥੇ ਗੁਰੂ ਹਰਿਗੋਬਿੰਦ ਜੀ ਦੇ ਸਾਂਢੂ ਪਰ ਅਨਿੰਨ ਸੇਵਕ ਭਾਈ ਸਾਈ ਦਾਸ ਜੀ ਰਹਿੰਦੇ ਸਨ। ਇਤਨਾ ਪਿਆਰ ਸੀ ਉਨ੍ਹਾਂ ਦਾ ਛੱਟਮ ਪੀਰ ਨਾਲ ਕਿ ਜਦ ਉਨ੍ਹਾਂ ਆਪਣਾ ਨਵਾਂ ਮਕਾਨ ਬਣਾਇਆ ਤਾਂ ਉਸ ਸਮੇਂ ਤਕ ਪ੍ਰਵੇਸ਼ ਨਾ ਕੀਤਾ ਜਦ ਤਕ ਗੁਰੂ ਜੀ ਨੇ ਆ ਕੇ ਚਰਨ ਨਾ ਪਾਏ। ਵਿਸ਼ਵਾਸ ਵੀ ਹੱਦੋਂ ਵੱਧ ਸੀ ਕਿਉਂਕਿ ਇਹ ਸਭ 'ਤੇ ਪਰਗਟ ਸੀ ਕਿ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਬੰਦੀ ਪਾ ਦਿੱਤੇ ਗਏ ਹਨ ਤੇ ਪ੍ਰਭੂ ਜਾਣੇ ਕਦੋਂ ਮੁਕਤ ਹੁੰਦੇ ਹਨ।

ਗੁਰੂ ਅਰਜਨ ਦੇਵ ਜੀ ਜਿਸ ਤਰ੍ਹਾਂ ਲਾਹੌਰ ਸ਼ਹਾਦਤ ਦੇਣ ਜਾਂਦੇ ਬੇਟੇ ਗੁਰੂ ਹਰਿਗੋਬਿੰਦ ਜੀ ਨੂੰ ਹੁਕਮ ਕਰ ਗਏ ਸਨ ਕਿ **'ਦੁਆਬੇ ਵਿਚ ਕਰਨਾ ਟਿਕਾਣਾ'**, ਤਿਵੇਂ ਹੀ ਗੁਰੂ ਹਰਿਗੋਬਿੰਦ ਜੀ ਨੇ ਕੀਤਾ ਅਤੇ 'ਆਪਣੇ ਕਬੀਲੇ ਅਤੇ ਮਾਤਾ ਦਮੋਦਰੀ ਸਮੇਤ ਡਰੋਲੀ ਨੂੰ ਟਿਕਾਣਾ ਬਣਾਇਆ।

ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਸੁਣਦੇ ਸਾਰ ਗੁਰੂ ਹਰਿਗੋਬਿੰਦ ਜੀ ਸਿੱਧੇ ਲਾਹੌਰ ਗਏ ਸਨ। ਮਹਿਮਾ ਪ੍ਰਕਾਸ਼ ਵਾਰਤਕ ਦੀ ਗਵਾਹੀ ਹੈ ਕਿ :

**"ਸਤਿਗੁਰ ਹਰਿਗੋਬਿੰਦ ਗੁਰੂ ਅਰਜਨ ਦੇਵ ਜੀ ਦੀ ਜੋਤੀ ਜੋਤ ਸਮਾਣੇ ਕਾ ਖ਼ਬਰ ਸੁਣੇ ਕਰ ਲਾਹੌਰ ਆਏ।"** ਜਹਾਂਗੀਰ ਨੂੰ ਕਿਹਾ :

*"ਦਿੱਲੀ ਪਤਿ ਹੋਇ ਕਿ ਅਨਿਆਓ ਕੀਤਾ ਈ !"*

ਅਤੇ ਲਾਹੌਰੋਂ ਅੰਮ੍ਰਿਤਸਰ ਆ ਕੇ ਮੀਰੀ ਪੀਰੀ ਦੀਆਂ ਕ੍ਰਿਪਾਨਾਂ ਧਾਰਨ ਕਰ ਕੇ ਕੌਮ ਨੂੰ ਜਵਾਨੀਆਂ ਭੇਟ ਕਰਨ ਦਾ ਹੁਕਮਨਾਮਾ ਜਾਰੀ ਕੀਤਾ। ਇਹ ਵੀ


www.sikhbookclub.com

ਫ਼ਰਮਾਇਆ ਸੀ : 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤ ਤੇ ਚੰਗੀ ਜਵਾਨੀ ਹੈ। ਮੇਰੀ ਖ਼ੁਸ਼ੀ ਲੈਣੀ ਜੇ ਤਾਂ ਕਸਰਤਾਂ ਕਰੋ, ਘੋਲ ਕਰੋ। ਗੱਤਕੇ ਖੇਡੋ, ਸ਼ਿਕਾਰ ਖੇਡਣ ਲਈ ਜੰਗਲਾਂ ਵਿਚ ਜਾਓ। ਕਮਜ਼ੋਰੀ ਇਕ ਕੌਮੀ ਗੁਨਾਹ ਹੈ। ਤੁਸੀਂ ਇਸ ਲਈ ਤਲਵਾਰ ਪਕੜਨੀ ਅਤੇ ਮੈਂ ਇਸ ਲਈ ਪਹਿਨੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਣੀ ਬੰਦ ਕਰ ਦੇਣ।'

ਢਾਡੀਆਂ-ਅਬਦੁੱਲਾ ਤੇ ਨਾਥ ਮੱਲ ਨੇ ਚੜ੍ਹਦੀ ਕਲਾ ਦੀਆਂ ਵਾਰਾਂ ਗਾਈਆਂ ਸਨ। ਜਿਹੜੇ ਕਹਿੰਦੇ ਸਨ ਕੀਹ ਬਣੇਗਾ, ਉਹ ਹੀ ਲੱਕ ਬੰਨ੍ਹ ਉੱਠ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨ ਦੀ ਨਿੰਦਨੀ ਦਸ਼ਾ ਦਾ ਜ਼ਿਕਰ ਕਰਦੇ ਕਿਹਾ ਸੀ ਕਿ ਹਿੰਦੁਸਤਾਨ ਦੀਆਂ ਹੱਡੀਆਂ ਵਿਚ 'ਡਰ' ਹੈ ਅਤੇ 'ਤਰਸ' ਖਾਣ ਵਾਲਾ ਸੁਭਾਅ ਨਹੀਂ।

ਹੁਣ ਡਰ ਨੱਸਣ ਲੱਗੇ ਤੇ ਹਰ ਇਕ-ਦੂਜੇ ਲਈ 'ਤਰਸ' ਖਾ ਉਠਿਆ। ਨਿਮਾਣੀਆਂ ਗਾਵਾਂ ਹੀ ਸਕਤਾ ਸ਼ੀਂਹ ਬਣ, 'ਯਾਰ ਦੀ ਗਲੀ' ਸਿਰ ਧਰ ਤਲੀ ਆਉਣ ਲੱਗੀਆਂ। ਇਕੋ ਪਿੰਡ ਸੁਰ ਸਿੰਘ ਵਿਚੋਂ ਪ੨ ਨੌਜਵਾਨ ਨਿੱਤਰ ਆਏ। ਇਤਨੀ ਭੀੜ ਲੱਗ ਗਈ ਜਵਾਨੀਆਂ ਭੇਟ ਕਰਨ ਵਾਲਿਆਂ ਦੀ ਕਿ ਉਨ੍ਹਾਂ ਦੇ ਅੰਨ ਪਾਣੀ ਦਾ ਇੰਤਜ਼ਾਮ ਕਰਨਾ ਵੀ ਮੁਸ਼ਕਲ ਹੋਣ ਲੱਗਾ, ਪਰ ਮਰਜੀਵੜਿਆਂ ਨੇ ਹੱਥ ਜੋੜ ਕਿਹਾ : ਸਾਨੂੰ ਹੋਰ ਕੁਝ ਨਹੀਂ ਚਾਹੀਦਾ, ਸਿਵਾਇ ਦੋ ਵਕਤ ਪਰਸ਼ਾਦੇ ਦੇ ਤੇ ਛੇ ਮਹੀਨਿਆਂ ਬਾਅਦ ਇਕ ਕਮੀਜ਼ ਦੇ।

*"ਦੀਨ ਹੇਤ ਸਿਰ ਦੇਹਿੰਗੇ" ਇਹ ਹੀ ਸਾਡੀ ਇੱਛਾ ਹੈ।*

ਅੰਮ੍ਰਿਤਸਰ ਪਨਾਹ ਬਣ ਗਈ ਸੂਰਮਿਆਂ ਦੀ। ਇਕ-ਇਕ ਹਜ਼ਾਰ ਦਾ ਜਥਾ ਬਣਾ ਕੇ ਚਾਰ ਜਥੇਦਾਰ ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਨਾ ਤੇ ਭਾਈ ਜੇਠਾ ਨਿਯਤ ਕਰ ਦਿੱਤੇ ਗਏ:

*'ਸਹਸ ਸਹਸ ਤਾਬਿਆ ਇਨ ਦੀਏ ।*
*ਚਾਰੋਂ ਸਿੱਖ ਸੈਨ ਪਤਿ ਕੀਏ" ।੭੯।।*

ਅਕਾਲ ਤਖ਼ਤ ਵੀ ਰਚ ਦਿੱਤਾ। ਇਹ ਤਖ਼ਤ ਰਚਨ ਵੇਲੇ ਵੱਡੀ ਸੰਭਾਲ ਇਹ ਰੱਖੀ ਕਿ ਕਿਸੇ ਰਾਜ, ਮਜ਼ਦੂਰ ਜਾਂ ਮਿਸਤ੍ਰੀ ਦਾ ਹੱਥ ਨਾ ਲੱਗੇ। ਵਰਨਣ ਵੀ ਹੈ :

*"ਪ੍ਰਿਥਮ ਨੀਵ ਸ੍ਰੀ ਗੁਰੂ ਰਖੀ।*
*'ਅਬਚਲ ਤਖਤੁ' ਸੁਹਾਇ" ।੩੮।।*

"ਕਿਸੀ ਰਾਜ ਨਹਿ ਹਾਥ ਲਗਾਯੋ । ਬੁਢੇ ਔ ਗੁਰਦਾਸ ਬਨਾਯੋ ।"[੧]

ਆਪਣੇ ਹੱਥੀਂ ਹੀ ਉਸਾਰੀ ਕੀਤੀ ਤੇ ਪਹਿਲੀ ਵਾਰੀ ਜਦ ਛੇਵੇਂ ਪਾਤਸ਼ਾਹ ਤਖ਼ਤ 'ਤੇ ਬਿਰਾਜੇ ਤਾਂ ਕੇਸਰੀ ਬਾਣਾ ਧਾਰਿਆ ਅਤੇ ਦਸਤਾਰ ਤੇ ਕਲਗੀ ਵੀ ਲਗਾਈ ਜੋ ਤਿਆਗ ਤੇ ਕੁਰਬਾਨੀ ਨਾਲ ਚੜ੍ਹਦੀ ਕਲਾ ਦਾ ਲਖਾਇਕ ਸੀ।[੨]

---

੧ ਗੁਰਬਿਲਾਸ ਪਾਤਸ਼ਾਹੀ ਛੇਵੀਂ। (ਅਧਿਆਇ ਸਤਵਾਂ)

੨ ਪੀਤ ਪੁਸ਼ਾਕਾ ਧਰੀ ਸੁਖ ਸਾਗਰ, ਔ ਕਲਗੀ ਗੁਰ ਸੀਸ ਸੁਹਾਏ ।
(ਗੁਰਬਿਲਾਸ ਪਾਤਸ਼ਾਹੀ ਛੇਵੀਂ)

 www.sikhbookclub.com

ਇਹ ਹੁਕਮ ਵੀ ਕਰ ਦਿੱਤਾ ਕਿ ਸੋਦਰ ਦੀ ਚੌਕੀ ਪਿਛੋਂ ਵਾਰਾਂ ਗਾਈਆਂ ਜਾਣ। ਧੁਨੀਆਂ ਆਪ ਲਿਖੀਆਂ।

ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਥਾਪਿਆ[1] ਜਿਸ ਵੇਲੇ

ਗੁਰੂ ਜੀ ਤਖ਼ਤ ਤੇ ਬੈਠਦੇ ਆਪਣੇ ਸੱਜੇ ਹੱਥ ਭਾਈ ਜੀ ਨੂੰ ਬਿਠਾਲਦੇ ਤੇ ਇਹ ਬਚਨ ਵੀ ਕੀਤੇ:

*'ਭਾਈ ਸਮ ਨਹਿ ਸਿਖ ਔਰ ਮਮ ਭਾਇਓ।'*

ਹਰਿਮੰਦਰ ਸਾਹਿਬ ਦੀ ਮਰਯਾਦਾ ਬਾਬਾ ਬੁੱਢਾ ਜੀ ਪਾਸ ਅਤੇ ਤਖ਼ਤ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਦਿੱਤੀ।

੧੬੦੯ ਈਂ: ਨੂੰ ਗੁਰੂ ਜੀ ਨੇ ਅਕਾਲ ਤਖ਼ਤ ਸਾਜਿਆ ਤੇ ੧੬੧੦ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਭੇਜ ਦਿੱਤਾ ਗਿਆ। ਕਿਸੇ ਤਪੱਸਿਆ ਲਈ ਜਾਂ ਵਰ ਲੈਣ ਨਹੀਂ। ਗੁਰੂ ਜੀ ਦੀ ਵਧਦੀ ਸ਼ਾਨ, ਸ਼ਕਤੀ ਤੇ ਸ਼ੌਕਤ ਨੂੰ ਜਹਾਂਗੀਰ ਜਰ ਨਾ ਸਕਿਆ। ਜਹਾਂਗੀਰ ਨੂੰ ਇਹ ਵੀ ਖ਼ਬਰ ਪਹੁੰਚ ਰਹੀ ਸੀ ਕਿ 'ਜੇ **ਗੁਰੂ ਹਰਿਗੋਬਿੰਦ ਜੀ ਬਾਹਰ ਰਹਿਣਗੇ ਤਉ ਤੁਮਾਰੀ ਪਾਤਸ਼ਾਹੀ ਖਲਲ ਕਰਨਗੇ।' ਫਿਰ 'ਬੰਦਾ ਹੋਇ ਕੇ ਸੱਚਾ ਪਾਤਸ਼ਾਹ ਅਖਵਾਂਦਾ ਹੈ'** ਖੁਫ਼ੀਆਂ ਨੇ ਇਹ ਸੂਹ ਵੀ ਘੱਲੀ ਕਿ ਮਾਝੇ ਵਿਚ ਕੋਈ ਟੈਕਸ ਵੀ ਨਹੀਂ ਦੇ ਰਿਹਾ ਅਤੇ ਅਕਾਲ ਤਖ਼ਤ ਇਕ ਨੇਜ਼ਾ ਉਚਾ ਉਸਾਰਿਆ ਹੈ ਜਿੱਥੇ ਲੈਣ-ਦੇਣ ਅਤੇ ਨਿੱਤ ਮੁਆਮਲਿਆਂ ਦੇ ਫ਼ੈਸਲੇ ਗੁਰੂ ਜੀ ਖਿਨ ਭਰ ਵਿਚ ਕਰ ਦੇਂਦੇ ਹਨ। ਇਹ ਯਾਦ ਰਹੇ ਕਿ ਜਦ ਜਹਾਂਗੀਰ ਗੋਇੰਦਵਾਲ ਪੁੱਜਾ ਸੀ ਤਾਂ ਗੋਇੰਦਵਾਲ ਦੀ ਉੱਚੀ ਮਮਟੀ ਦੇਖ ਕੇ ਹੀ ਗਿਰਾਉਣ ਦਾ ਹੁਕਮ ਦਿੱਤਾ ਸੀ। ਸਿੱਖਾਂ ਦੀ ਸ਼ਰਧਾ ਦੀਆਂ ਵਾਰਤਾਵਾਂ ਉਹ ਸੁਣ ਕਰਿਝ ਰਿਹਾ ਸੀ।

ਹੁਕਮ ਜ਼ਰੂਰ ਜਹਾਂਗੀਰ ਨੇ ੧੨ ਸਾਲ ਬੰਦੀ ਪਾਉਣ ਦਾ ਕੀਤਾ ਸੀ ਪਰ ਗੁਰੂ ਜੀ ਛੇਤੀ ਰਿਹਾਅ ਕਰ ਦਿੱਤੇ ਗਏ। ਨਿਰੇ ਆਪ ਹੀ ਰਿਹਾਅ ਨਾ ਹੋਏ ਸਗੋਂ ੫੨ ਹੋਰ ਦੁਖੀ ਨਿਰਦੋਸ਼ ਰਾਜਿਆਂ ਨੂੰ ਵੀ ਮੁਕਤ ਕਰਾਇਆ। ਰਿਹਾਈ ਦੇ ਕਾਰਨਾਂ ਨੂੰ ਕਿਧਰੋਂ ਹੋਰ ਬਾਹਰੋਂ ਭਾਲਣ ਦੀ ਲੋੜ ਨਹੀਂ। ਨੂਰ ਜਹਾਨ ਨਾਲ ਸ਼ਾਦੀ ਉਪਰੰਤ ਰਾਜ ਜਹਾਂਗੀਰ ਦਾ ਜ਼ਰੂਰ ਕਹਿਲਾਂਦਾ ਸੀ ਪਰ ਹਕੂਮਤ ਨੂਰ ਜਹਾਨ ਦੀ ਸੀ। ਨੂਰ ਜਹਾਨ ਜੋ ਮੀਆਂ ਮੀਰ ਦੀ ਜੇਠੀ ਚੇਲੀ ਸੀ, ਨੇ ਸਾਫ਼ ਕਹਿ ਦਿੱਤਾ ਸੀ :

*ਫਕੀਰ ਜ਼ਾਤ ਹੈ ਸਾਈਂ ਦੀ ਸਾਈਂ ਜੈਸੇ,*
*ਕੈਦ ਨਹੀਂ ਕਰੀਏ ਕਹੇ ਕਹਾਏ*
*ਫਕੀਰ ਦੀ ਮਾਰੀ ਕੋਈ ਨਹੀਂ ਹਟਾਏ।*[2]

---

੧. ਤਖ਼ਤ ਪੂਜ ਕਰਬੇ ਨਮਿਤ, ਗੁਰਦਾਸ ਭਾਈ ਠਹਿਰਾਏ।
(ਗੁਰ ਬਿਲਾਸ ਪਾਤਸ਼ਾਹੀ ਛੇਵੀ)

੨. ਬੰਸਾਵਲੀਨਾਮਾ।

 www.sikhbookclub.com

ਮੀਆਂ ਮੀਰ ਜੀ ਗੁਰੂ ਹਰਗੋਬਿੰਦ ਜੀ ਦੀ ਕਿਤਨੀ ਇੱਜ਼ਤ ਕਰਦੇ ਸਨ ਤੇ ਕਿਤਨਾ ਆਦਰ ਦੇਂਦੇ ਸਨ, ਉਸ ਦੀ ਗਵਾਹੀ ਉਹ ਸ਼ਬਦ ਹਨ ਜੋ ਉਨ੍ਹਾਂ ਜਹਾਂਗੀਰ ਨੂੰ ਕਹੇ ਸਨ।

ਸ਼ਬਦ ਸਨ :

**ਗੁਰੂ ਹਰਿਗੋਬਿੰਦ ਜੋ ਹੈ, ਸੋ ਮਕਬੂਲ ਇਲਾਹੀ ਹੈ।**
**ਅਰ ਜਬ ਹਮਾਰੀ ਆਠਵੇਂ ਦਿਨ,**
**ਖੁਦਾ ਕੀ ਦਰਗਾਹ ਮੇਂ ਵਾਰੀ ਹੋਤੀ ਹੈ।**
**ਉਹਾਂ ਜਾ ਕਰ ਹਮ ਅਰਜ਼ ਕਰਤੇ ਹੈਂ, ਅਰ,**
**ਇਨ ਹੀ ਕੋ ਦੇਖਤੇ ਹੈਂ।**[1]

ਜਿੱਥੇ ਜਹਾਂਗੀਰ ਨੇ ਆਪਣੀ ਗਲਤੀ ਮੰਨੀ ਕਿ :

*"ਬੇ ਮੂਜਬ ਦੁਖ ਦੀਆ ਫਕੀਰ ਕੋ"* ਉਥੇ ਇਹ ਵੀ ਕਿਹਾ :
*"ਜਹਾਂ ਤਬੀਅਤ ਹੋਇ ਰਹੀਏ, ਜਹਾਂ ਖੁਸ਼ੀ ਹੋਇ ਜਾਈਏ।"*

ਇਹ ਸਭ ਦਰਸਾਂਦਾ ਹੈ ਕਿ ਗੁਰੂ ਜੀ ਬਹੁਤੀ ਦੇਰ ਗਵਾਲੀਅਰ ਬੰਦੀ ਵਿਚ ਨਹੀਂ ਰਹੇ। ਉਸੇ ਮੁਹਸਨ ਫਾਨੀ ਨੇ, ਜਿਸ ਨੇ ਪਹਿਲਾਂ ਬਾਰ੍ਹਾਂ ਸਾਲ ਦੀ ਕੈਦ ਵਾਲੀ ਗੱਲ ਲਿਖੀ, ਪਿਛੋਂ ਉਹ ਹੀ ਲਿਖਦਾ ਹੈ ਕਿ 'ਅਜ਼ ਰਾਹਿ ਸ਼ਫ਼ਕਤ'[2] ਛੇਤੀ ਰਿਹਾਅ ਕਰ ਦਿੱਤਾ।

ਗੁਰੂ ਹਰਿਗੋਬਿੰਦ ਜੀ ਦਿੱਲੀ ਤੇ ਹੋਰ ਇਲਾਕਿਆਂ ਤੋਂ ਹੁੰਦੇ ਹੋਏ ਸਿੱਧੇ ਡਰੋਲੀ ਹੀ ਆਏ। ਉਥੇ ਬੀਬੀ ਰਾਮੋ ਜੀ ਤੇ ਸਾਈਂ ਦਾਸ ਜੀ ਨਵੇਂ ਮਕਾਨ ਬਣਾ ਕੇ ਦਿਨ-ਰਾਤ ਉਡੀਕਾਂ ਕਰ ਰਹੇ ਸਨ। ਪ੍ਰੇਮ-ਖਿੱਚਾਂ ਜਾਣਨ ਵਾਲੇ ਤੇ ਪ੍ਰੇਮ-ਵਸ ਗੁਰੂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਡਰੋਲੀ ਹੀ ਗਏ। ਦੋਨੋਂ ਹੀ ਖੀਵੇ ਹੋਈ ਜਾਣ। ਮਾਤਾ ਦਮੋਦਰੀ ਨੂੰ ਡਰੋਲੀ ਹੀ ਛੱਡ ਗੁਰੂ ਜੀ ਸ੍ਰੀ ਅੰਮ੍ਰਿਤਸਰ ਆ ਗਏ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਹ ਵੀ ਲਿਖਿਆ ਹੈ ਕਿ ਜਹਾਂਗੀਰ ਪਛਤਾਵਾ ਕਰਨ ਲਈ ਸ੍ਰੀ ਦਰਬਾਰ ਸਾਹਿਬ ਆਇਆ ਅਤੇ ਮਾਤਾ ਗੰਗਾ ਜੀ ਦੇ ਚਰਨ ਪਰਸੇ ਅਤੇ ਕਿਹਾ : *'ਖਿਮਾ ਮਾਤ ਮਮ ਕੀਜੀਏ।'* ਜਦ ਤਕ ਮਾਤਾ ਜੀ ਨੇ ਖਿਮਾ ਕੀਤਾ ਨ ਕਹਿਆ ਤਦ ਤਕ ਜਹਾਂਗੀਰ ਨੂੰ ਚੈਨ ਨਾ ਆਇਆ।

*ਯੋਂ ਸੁਨ ਮਾਤਾ ਕੇ ਤਬ ਬੈਨਾ।*
*ਜਹਾਂਗੀਰ ਮਨ ਆਯੋ ਚੈਨਾ। ੬੫੭।*[3]

**ਬਾਬਾ ਗੁਰਦਿੱਤਾ ਜੀ ਦਾ ਜਨਮ**—ਬਾਬਾ ਗੁਰਦਿੱਤਾ ਜੀ ਦਾ ਜਨਮ ਇਸੇ ਡਰੋਲੀ ਵਿਖੇ ਸੰਨ ੧੬੧੩ ਨੂੰ ਹੋਇਆ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਥਨ ਹੈ ਕਿ ਮਾਤਾ ਦਮੋਦਰੀ ਜੀ ਬਾਬਾ ਗੁਰਦਿੱਤਾ ਦੇ ਜਨਮ ਤੋਂ ਪਹਿਲਾਂ ਰੋਜ਼ ਹੀ

---

੧. ਮਹਿਮਾ ਪ੍ਰਕਾਸ਼ ਵਾਰਤਕ।

੨. ਪੰਨਾ ੨੩੪, ਦਬਿਸਤਾਨਿ ਮਜ਼ਾਹਬ।

੩. ਪੂਰੇ ਵਿਸਥਾਰ ਲਈ ਮੇਰੀ ਹੀ ਰਚਿਤ 'ਕਥਾ ਪੁਰਾਤਨ ਇਉਂ ਸੁਣੀ' ਪੜ੍ਹਣ ਦੀ ਖੇਚਲ ਕਰਨੀ।

 www.sikhbookclub.com

ਇਸ਼ਨਾਨ ਕਰ ਕੇ ਗੁਰੂ ਨਾਨਕ ਦਾ ਧਿਆਨ ਧਰ ਸਤਿਨਾਮ ਦੀ ਧੁਨੀ ਲਗਾ ਜੁੜ ਜਾਂਦੇ ਸਨ। ਲੋੜਵੰਦਾਂ ਨੂੰ ਅੰਨ ਬਸਤ੍ਰ ਵੰਡਦੇ ਰਹਿੰਦੇ ਸਨ।

ਬਾਲਕ ਦੇ ਜਨਮ ਦੀ ਖ਼ਬਰ ਸ੍ਰੀ ਅੰਮ੍ਰਿਤਸਰ ਪੁੱਜਦੇ ਸਾਰ ਹੀ ਗੁਰੂ ਹਰਿਗੋਬਿੰਦ ਜੀ, ਬਾਬਾ ਬੁੱਢਾ ਜੀ ਤੇ ਹੋਰ ਪਤਵੰਤੇ ਸਿੱਖ ਛੇਤੀ ਹੀ ਡਰੋਲੀ ਆਣ ਪੁੱਜੇ। ਬਾਬਾ ਬੁੱਢਾ ਹੀ ਗੁਰੂ ਨਾਨਕ ਦੇ 'ਸਮ ਰੂਪ ਅਪਾਰਾ' ਦੇ ਬਚਨ ਕਹੇ ਅਤੇ ਸਾਰੇ 'ਬਾਬਾ ਜੀ' ਹੀ ਕਹਿਣ ਲੱਗ ਪਏ। ਕੁਝ ਦਿਨ ਡਰੋਲੀ ਵਿਖੇ ਟਿਕ ਗੁਰੂ ਹਰਿਗੋਬਿੰਦ ਜੀ ਬਾਲਕ ਅੰਮ੍ਰਿਤਸਰ ਹੀ ਲੈ ਆਏ।

ਰਾਹ ਵਿਚ ਸੁਲਤਾਨਪੁਰ, ਗੋਇੰਦਵਾਲ, ਖਡੂਰ ਸਾਹਿਬ, ਤਰਨਤਾਰਨ ਹੁੰਦੇ ਸ੍ਰੀ ਅੰਮ੍ਰਿਤਸਰ ਆਏ। ਪਹਿਲਾਂ ਹਰਿਮੰਦਰ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟਿਕਵਾ ਕੇ ਬਾਬੇ ਬੁੱਢੇ ਤੇ ਭਾਈ ਗੁਰਦਾਸ ਜੀ ਕੋਲੋਂ ਅਸੀਸ ਦਿਲਵਾਈ। ਬੜਾ ਰੂਪ ਨਿੱਖਰ ਰਿਹਾ ਸੀ, ਬਾਬਾ ਗੁਰਦਿੱਤਾ ਜੀ ਦਾ। ਨੈਣ-ਨਕਸ਼, ਕੱਦ ਕਾਠ, ਮੂੰਹ ਮੁਹਾਂਦਰਾ ਗੁਰੂ ਨਾਨਕ ਜੀ ਜਿਹਾ ਹੀ ਨਿਕਲ ਆਇਆ ਸੀ। ਵਿੱਦਿਆ, ਘੋੜ ਸੁਆਰੀ, ਸ਼ਸਤ੍ਰ ਆਦਿ ਦੀ ਸਿੱਖਿਆ ਉਚੇਚੀ ਗੁਰੂ ਜੀ ਆਪੂੰ ਦੇਂਦੇ ਰਹੇ। ਗੁਰੂ ਜੀ ਬਹੁਤਾ ਚਿਰ ਕੋਲ ਹੀ ਰੱਖਦੇ।

**ਬੀਬੀ ਵੀਰੋ ਜੀ ਦਾ ਜਨਮ**—ਬੀਬੀ ਵੀਰੋ ਜੀ ਦਾ ਜਨਮ ੧੬੧੫ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਬੀਬੀ ਦਮੋਦਰੀ ਦੀ ਕੁੱਖੋਂ ਹੀ ਹੋਇਆ। ਗੁਰੂ ਘਰ ਵਿਚ ਲੜਕੇ ਲੜਕੀ ਦਾ ਅੰਤਰ ਨਹੀਂ ਰੱਖਿਆ ਜਾਂਦਾ। ਇਸ ਦੀ ਅਤਿ ਸੁੰਦਰ ਉਦਾਹਰਣ ਗੁਰਬਿਲਾਸ ਨੇ ਦਿੱਤੀ ਹੈ ਕਿ ਜਦ ਕੁੱਖ ਭਰੀ ਤਾਂ ਮਾਤਾ ਜੀ ਨੇ ਅਸੀਸ ਦੇਂਦੇ ਕਿਹਾ ਕਿ ਜੋੜੀ ਰਲੇ ਤਾਂ ਗੁਰੂ ਹਰਿਗੋਬਿੰਦ ਜੀ ਨੇ ਕਿਹਾ :

ਜੋੜੀ ਨਹੀਂ, ਬੇਟੇ ਪੰਜ ਹੋਣਗੇ ਪਰ ਘਰ ਇਕ ਲੜਕੀ ਜ਼ਰੂਰ ਚਾਹੀਦੀ ਹੈ। ਬਿਨਾਂ ਲੜਕੀ ਦੇ ਘਰ ਸਭਿਅਤਾ ਆ ਹੀ ਨਹੀਂ ਸਕਦੀ।

*'ਸੀਲ ਵਾਨ ਕੰਨਯਾ ਇਕ ਹੋਵੈ।*
*ਪੁਤ੍ਰੀ ਬਿਨ ਜਗ ਗ੍ਰਹਸਤ ਵਗੋਵੇ।'*

ਇਥੇ ਮਾਤਾ ਗੰਗਾ 'ਸੱਸ' ਦੇ ਬਹੁਤ ਖ਼ੁਸ਼ੀ ਹੋਣ ਦਾ ਜ਼ਿਕਰ ਵੀ ਕੀਤਾ ਗਿਆ ਹੈ :

*"ਜਬ ਐਸੇ ਬਚਨ ਸ੍ਰੀ ਗੁਰੂ ਕਹੇ।*
*ਮਾਤ ਗੰਗਾ ਸੁਨ ਅਨੰਦ ਲਹੇ" ।।੯੨੦।।*[1]

ਬੱਚੀ ਦੇ ਜਨਮ 'ਤੇ ਬਹੁਤ ਹੀ ਖ਼ੁਸ਼ੀ ਮਨਾਈ ਗਈ। ਨਾਮ ਵੀ ਵੀਰੋ ਰੱਖਿਆ ਗਿਆ ਜੋ ਸੂਰਮਾ ਹੋਣ ਦਾ ਲਖਾਇਕ ਸੀ। ਮਹਾਨ ਕੋਸ਼ ਨੇ ਇਸ ਲਈ ਬੀਰੋ ਬੀਬੀ ਕਰ ਕੇ ਲਿਖਿਆ ਹੈ। ਗੁਣਾਂ ਦੇ ਸਾਗਰ 'ਗੁਣ ਸਾਗਰ' ਕਰ ਕੇ ਇਤਿਹਾਸ ਨੇ ਵਡਿਆਇਆ ਹੈ। ਬੀਬੀ ਜੀ ਦੀ ਸ਼ਾਦੀ ਭਾਈ ਧਰਮ ਦਾਸ ਦੇ ਸਪੁਤਤ੍ਰ ਸਾਧੂ ਜੀ ਨਾਲ ਜੋ ਮੱਲ੍ਹੇ (ਬਠਿੰਡਾ) ਦੇ ਰਹਿਣ ਵਾਲੇ ਸਨ, ਨਾਲ ਵਰ੍ਹਦੀਆਂ ਗੋਲੀਆਂ ਤੇ ਦਲਦੀਆਂ ਤੇਗ਼ਾਂ ਵਿਚ ਜੂਨ ੧੬੨੯ ਨੂੰ ਹੋਈ ਸੀ । ਉਸੇ ਸਮੇਂ ਅਚਨਚੇਤ ਮੁਖ਼ਲਿਸ

---

੧. ਗੁਰ ਬਿਲਾਸ ਪਾਤਸ਼ਾਹੀ ਛੇਵੀਂ।

 www.sikhbookclub.com

ਖ਼ਾਨ ਚੜ੍ਹ ਆਇਆ ਸੀ। ਬੀਬੀ ਵੀਰੋ ਜੀ ਦੇ ਪੰਜ ਪੁੱਤਰਾਂ, ਭਾਈ ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮਲ, ਗੰਗਾ ਰਾਮ ਤੇ ਮਾਹਰੀ ਚੰਦ ਨੇ ਜੋ ਬੀਰਤਾ ਦੱਸੀ ਉਸ ਦਾ ਵਰਨਣ ਆਪੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਕੀਤਾ ਸੀ।[1]

ਭਾਈ ਸਾਧੂ ਜੀ ਬਾਰੇ ਇਹ ਲਿਖਣਾ ਕੁਥਾਂ ਨਹੀਂ ਕਿ ਗੁਰੂ ਹਰਿਗੋਬਿੰਦ ਜੀ ਨੇ ਸਾਧੂ ਦੇ ਨੇਕ ਆਚਰਣ ਤੇ ਮਿੱਠੇ ਸੁਭਾਉ ਨੂੰ ਦੇਖ ਕੇ 'ਸਾਧੂ ਜਨ' ਕਹਿਆ ਸੀ।

ਮਹਿਮਾ ਪ੍ਰਕਾਸ਼ ਦੇ ਕਹਿਣ ਅਨੁਸਾਰ ਜਦ ਭਾਈ ਧਰਮ ਦਾਸ ਜੀ ਆਪਣੀ ਪਤਨੀ ਬੀਬੀ ਨੰਦ ਕੌਰ ਤੇ ਬੇਟੇ ਨਾਲ ਸ੍ਰੀ ਅੰਮ੍ਰਿਤਸਰ ਆਏ ਤਾਂ ਸਾਧੂ ਨੂੰ ਭਗਤੀ ਵਿਚ ਲੀਨ ਤੇ ਹਰ ਸਮੇਂ ਸੇਵਾ ਵਿਚ ਜੁਟਿਆ ਤੱਕ ਸਾਧੂ ਜਨ ਕਿਹਾ ਤਾਂ ਉਸੇ ਸਮੇਂ ਭਗਤੀ ਦੀ ਇਕ ਨਿਰਾਲੀ ਲਹਿਰ ਉਨ੍ਹਾਂ ਦੇ ਤਨ ਵਿਚ ਅਜਿਹੀ ਦੌੜੀ ਕਿ ਉਨ੍ਹਾਂ ਵਿਚੋਂ ਕਵਿਤਾ ਫੁੱਟ ਪਈ। ਭਾਈ ਸਾਧੂ ਜੀ ਨੇ ਲਿਖਿਆ ਹੈ :

*ਮੈਂ ਬਨੀਆ ਮਨੀਆ ਕਾਚ ਕਾ।*
*ਗੁਰ ਮੋਤੀ ਕੀਨਾ ਸਾਚ ਕਾ।*
*ਸਾਧੂ ਜਨ ਮੇਰਾ ਨਾਉ ਕੀਆ।*
*ਕਰਿ ਕਿਰਪਾ ਸਤਿਗੁਰ ਮੇਲ ਲੀਆ।*

ਭਾਈ ਸਾਧੂ ਜੀ ਮਾਲਵਾ ਵਿਚ ਪਰਚਾਰ ਕਰਦੇ ਅਤੇ ਕਹਿੰਦੇ :

*'ਸਾਧੂ ਦਾ ਹੋਕਾ।*
*ਸੁਣਿਅਹੁ ਵੇ ਲੋਕਾ।*
*ਤੇਰਾ ਅਉਸਰ ਜਾਂਦਾ।*
*ਵਖਤ ਵਿਹਾਅਦਾ।*
*ਜਾਤੀ ਪੈ ਰਾਮ ਨ ਰੀਝੈ ਰੇ*
*ਕੋਈ ਸਰਨ ਪਰੇ ਸੋ ਰੀਝੈ ਰੇ।'*

ਜਦ ਗੁਰੂ ਤੇਗ ਬਹਾਦਰ ਜੀ ਲੋਕਾਈ ਨੂੰ ਜਗਾਉਣ ਹਿਤ ਪੂਰਬ ਦੇ ਦੌਰੇ 'ਤੇ ਗਏ ਤਾਂ ਭਾਈ ਸਾਧੂ ਜੀ ਨਾਲ ਹੀ ਸਨ ।

ਭਾਈ ਸਾਧੂ ਜੀ ਦੇ ਇਕ ਸਮਕਾਲੀ ਰੂਪ ਰਾਇ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੀ ਬਾਣੀ ਸਾਧੂ ਜੀ ਵਿਚ ਸਮਾਈ ਹੋਈ ਸੀ। ਉਨ੍ਹਾਂ ਦਾ ਧਿਆਨ ਗੋਰਖ ਤੋਂ ਵਧ ਟਿਕਿਆ ਹੋਇਆ ਸੀ। ਗਿਆਨ ਜਨਕ ਜਿਤਨਾ ਅਤੇ ਦਾਨ ਕਰਣ ਤੋਂ ਵਧ। ਲਛਮਣ ਜਹੇ ਜਤੀ ਅਤੇ ਭੈਰਵ ਵਰਗੇ ਸਤੀ ਅਤੇ ਜੋਧੇ ਸਨ। ਆਪ ਜੀ ਦੀ ਵਿਦਵਤਾ ਇਸ ਗੱਲ ਤੋਂ ਪ੍ਰਗਟ ਹੈ ਕਿ ਆਪ ਜੀ ਨੇ ਸੰਸਕ੍ਰਿਤ ਵਿਚ ਰਚੇ ਮਹਾਂਭਾਰਤ ਦਾ ਤਰਜਮਾ ਆਮ ਪ੍ਰਚਲਤ ਬੋਲੀ ਵਿਚ ਕੀਤਾ। ਜਪੁਜੀ ਅਤੇ ਸੁਖਮਨੀ ਸਾਹਿਬ ਦੀ ਵਿਆਖਿਆ ਵੀ ਆਪ ਨੇ ਵੱਖਰੇ ਢੰਗ ਨਾਲ ਕੀਤੀ।

**ਬਾਬਾ ਸੂਰਜ ਮੱਲ ਦਾ ਜਨਮ**—ਦੂਜੇ ਪੁੱਤਰ ਬਾਬਾ ਸੂਰਜ ਮੱਲ ਦਾ

---

੧. ਵਿਸਥਾਰ ਲਈ ਦੇਖੋ ਮੇਰੀ ਪੁਸਤਕ 'ਪੁਰਖ ਭਗਵੰਤ' ਜੀਵਨੀ ਗੁਰੂ ਗੋਬਿੰਦ ਸਿੰਘ ਜੀ।

 www.sikhbookclub.com

ਜਨਮ ਬੀਬੀ ਮਹਾਂ ਦੇਵੀ ਜੀ ਦੀ ਕੁੱਖੋਂ ਅੰਮ੍ਰਿਤਸਰ ਹੀ ਹੋਇਆ ਸੀ। ਇਹ ਬੜੇ ਆਗਿਆਕਾਰ ਬੱਚੇ ਸਨ। ਉਨ੍ਹਾਂ ਦੀ ਸ਼ਾਦੀ ਕਰਤਾਰਪੁਰ ਨਿਵਾਸੀ ਭਾਈ ਪ੍ਰੇਮ ਚੰਦ ਦੀ ਕੰਨਯਾ ਖੇਮ ਕੌਰ ਨਾਲ ਹੋਈ ਸੀ।

**ਬਾਬਾ ਅਣੀ ਰਾਇ ਦਾ ਜਨਮ**—ਬੀਬੀ ਦਮੋਦਰੀ ਦੀ ਕੁੱਖੋਂ ਸੰਨ ੧੬੧੮ ਈ: ਨੂੰ ਹੋਇਆ। ਜਨਮ ਤੇ ਹੀ ਗੁਰੂ ਜੀ ਨੇ ਕਿਹਾ ਸੀ 'ਅਣੀ ਵੱਤ' ਹੋਵੇਗਾ। ਵੱਡੇ ਯੋਧਾ ਤੇ ਆਤਮ ਗਿਆਨੀ ਬਾਬਾ ਅਣੀ ਰਾਇ ਸਨ। ਬੜੇ ਆਗਿਆਕਾਰੀ ਸਨ। ਸ਼ਾਦੀ ਸਾਰੀ ਉਮਰ ਨਹੀਂ ਕਰਾਈ ਤੇ ਆਤਮ ਆਨੰਦ ਵਿਚ ਹੀ ਰਹੇ।

**ਬਾਬਾ ਅੱਟਲ ਰਾਇ ਜੀ ਦਾ ਜਨਮ**— ਬਾਬਾ ਅੱਟਲ ਰਾਇ ਦਾ ਜਨਮ ੧੬੧੯ ਈ: ਨੂੰ ਹੋਇਆ ਸੀ। ਜੰਮਦੇ ਹੀ ਇੰਝ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਸਮਾਧੀ ਲੱਗੀ ਹੋਈ ਹੈ। ਬਚਨ ਵੀ ਹੋਏ ਸਨ ਕਿ 'ਅਚਲ ਸਮਾਧੀ' ਵਿਚ ਰਹਿਣਗੇ। ਬਰਕਤਾਂ ਬਚਪਨ ਵਿਚ ਹੀ ਪਾ ਲਈਆਂ। ਆਪਣੇ ਹਾਣੀ ਮੋਹਨ ਨੂੰ ਜਿਵਾਲ ਕੇ ਕਰਾਮਾਤ ਦਿਖਲਾਉਣ ਕਰ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ: "ਪ੍ਰਭ ਕੇ ਸਾਥ ਸ਼ਰੀਕੀ ਧਰੈ।" ਇਹ ਗੁਰੂ ਘਰ ਦੀ ਰੀਤੀ ਨਹੀਂ। ਇਤਨਾ ਸੁਣਦੇ ਹੀ ਸਮਾਧੀ ਲਗਾ ਕੇ ਬਾਬਾ ਅੱਟਲ ਰਾਇ ਨੇ ਪ੍ਰਾਣ ਚੜ੍ਹਾ ਲਏ ਸਨ।[1]

**ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼**—ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼ ਪਹਿਲੀ ਅਪ੍ਰੈਲ ੧੬੨੧ ਈ: ਨੂੰ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ, ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ ਸੀ। ਗੁਰੂ ਹਰਿਗੋਬਿੰਦ ਜੀ ਨੇ ਬੰਦਨਾ ਕੀਤੀ ਤਾਂ ਬਿਧੀ ਚੰਦ ਜੀ ਦੀ ਪੁੱਛ 'ਤੇ ਕਿਹਾ ਸੀ ਕਿ "ਦੀਨ ਰੱਛ ਸੰਕਟ ਹਰਨ ਵਾਲੇ" ਹੋਣਗੇ। ਸੱਚੇ ਸੰਤ ਧਰਮ ਰਖਯਕ, ਧਰਮ ਧੁਰਾ, ਧੀਰਜ ਧੁਰੰਧਰ, ਅਜਰ ਨੂੰ ਜਰਨ ਵਾਲੇ, ਆਪਾ ਵਾਰ ਕੇ ਜਾਂਦੀ ਹਿੰਦ ਦੀ ਰੱਖਣਗੇ। ਹੋਰ, ਇਨ੍ਹਾਂ ਦੇ ਗ੍ਰਿਹ ਇਕ ਐਸਾ ਯੋਧਾ ਪੈਦਾ ਹੋਏਗਾ, ਜੋ ਤੇਜ ਵਾਲਾ ਤੇ ਦੁਸ਼ਟਾਂ ਦਾ ਨਾਸ਼ ਕਰੇਗਾ, ਨਾਨਕ ਨਾਮ ਨੂੰ ਉਜਲ ਕਰੇਗਾ:

*"ਜਗਤ ਗੁਰੂ ਸ੍ਰੀ ਨਾਨਕ ਕੇਰਾ।*
*ਨਾਮ ਕਰੇਹਿ ਉਜਲ ਬਹੁਤੇਰਾ।"*

**ਬਾਬਾ ਗੁਰਦਿੱਤਾ ਜੀ ਦੀ ਸ਼ਾਦੀ**— ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬੜੇ ਚਾਅਵਾਂ ਨਾਲ ਕੀਤੀ ਗਈ। ਬਰਾਤ ਵੀ ਬਟਾਲੇ ਹੀ ਗਈ। ਆਪ ਦਾ ਮੂੰਹ ਮੁਹਾਂਦਰਾ ਗੁਰੂ ਨਾਨਕ ਜੀ ਨਾਲ ਮਿਲਦਾ ਸੀ, ਸੋ ਸੰਗਤਾਂ ਦਾ ਉਤਸ਼ਾਹ ਦੇਖਣ ਵਾਲਾ ਸੀ। ਗੁਰੂ ਨਾਨਕ ਦੇਵ ਜੀ ਦੀ ਬਰਾਤ ਵੀ ਬਟਾਲੇ ਹੀ ਗਈ ਸੀ। ਹੁਣ ਵੀ ਬਟਾਲੇ ਗੁਰੂ ਜੀ ਭਾਈ ਰਾਮੇ ਦੇ ਘਰ ਢੁੱਕੇ ਸਨ। ਰਾਮਾ ਜੀ ਆਪ ਵੀ ਕਰਣੀ ਵਾਲੇ ਸਿੱਖ ਤੇ ਕਈ ਸਿੱਧੀਆਂ ਦੇ ਮਾਲਕ ਸਨ। ਇਨ੍ਹਾਂ ਦੀ ਲੜਕੀ ਅਨੰਤੀ, ਜਿਸ ਸਹੁਰੇ ਘਰ ਰਾਜ ਕੌਰ ਦਾ ਨਾਮ ਦਿੱਤਾ ਗਿਆ, ਨਾਲ ਵਿਆਹ ਹੋਇਆ। ਤਿੰਨ ਮਹੀਨੇ ਵਿਆਹ ਦੀਆਂ ਖ਼ੁਸ਼ੀਆਂ ਹੁੰਦੀਆਂ ਰਹੀਆਂ। ਦੂਰੋਂ-ਦੂਰੋਂ ਸਿੱਖ ਤੇ ਸਾਧੂ

੧. ਬਾਬਾ ਅੱਟਲ ਦਾ ਗੁਰਦੁਆਰਾ ਕੌਲ ਸਰ ਲਾਗੇ ਸ੍ਰੀ ਅੰਮ੍ਰਿਤਸਰ ਵਿਖੇ, ਉਨ੍ਹਾਂ ਦੀ ਯਾਦ ਵਿਚ ਹੀ ਉਸਾਰਿਆ ਗਿਆ ਸੀ।


www.sikhbookclub.com

ਵਿਆਹ ਵਿਚ ਸ਼ਾਮਲ ਹੋਣ ਲਈ ਆਏ। ਕਈ ਚਿਰਾਂ ਪਿਛੋਂ ਇਹ ਸੁਹਾਣੇ ਦਿਨ ਦੇਖਣ ਨੂੰ ਆਏ ਸਨ ਤਾਂ ਹੀ ਤਾਂ ਇਹ ਲਿਖਿਆ ਮਿਲਦਾ ਹੈ :

*"ਦੂਰ ਤੇਂ ਦੂਰ ਸੁ ਆਇ ਘਨੇ,*
*ਜਨ ਪੁੱਤਰ ਵਿਵਾਹ ਗੁਰ ਸੁਖਕਾਮ।"*

ਮੋਹਰੀ ਜੀ, ਦਾਤੂ ਜੀ, ਨਾਰਾਇਣ ਦਾਸ ਜੀ ਵੀ ਸ਼ਾਮਲ ਹੋਏ ਸਨ। ਭਾਈ ਬਿਧੀ ਚੰਦ ਜੀ ਸਾਰੇ ਪ੍ਰਬੰਧ ਨੂੰ ਦੇਖ ਰਹੇ ਸਨ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੀ ਸੇਵਾ ਲਈ ਛੱਡ ਗਏ ਕਿਉਂਕਿ ਸਮੇਂ ਬਿਖੜੇ ਆ ਰਹੇ ਸਨ। ਹਰ ਵੇਲੇ ਹਮਲੇ ਦੀ ਸੰਭਾਵਨਾ ਬਣੀ ਰਹਿੰਦੀ ਸੀ। ਘਰ ਸੁੰਵਾ ਛੱਡਣਾ ਨੀਤੀ ਨਹੀਂ ਸੀ।

*"ਬੁੱਢੇ ਔਰ ਗੁਰਦਾਸ ਕੋ ਸ੍ਰੀ ਗੁਰੂ ਕਹਾ ਸੁਨਾਇ।*
*ਦਰਬਾਰ ਤਖ਼ਤ ਸੇਵਾ ਕਰੋ, ਰਹੋ ਈਹਾਂ ਸੁਖ ਪਾਇ।"*

ਆਪ ਜੀ ਨੇ ਬਟਾਲਾ ਪੁੱਜ ਗੁਰੂ ਨਾਨਕ ਦੇਵ ਵਾਲੇ ਅਸਥਾਨ 'ਤੇ ਹੀ ਡੇਰਾ ਕੀਤਾ। ਜੋ ਵੀ ਰਾਮਾ ਜੀ ਨੇ ਬੱਚੀ ਨੂੰ ਦਿੱਤਾ, ਆਪ ਜੀ ਨੇ ਉਸੇ ਸਮੇਂ ਉਥੇ ਹੀ ਵੰਡ ਦਿੱਤਾ। ਰਾਮਾ ਜੀ ਹੈਰਾਨ ਹੋਏ ਤਾਂ ਕਿਹਾ ਤੁਹਾਡੀ ਭੇਟਾ ਮਿਲ ਗਈ ਹੈ। ਆਨੰਦ ਵੰਡਣ ਵਿਚ ਹੀ ਹੈ :

*"ਧਰੀ ਦਈ ਪ੍ਰਭ ਭੇਟ ਲਈ,*
*ਸਭ ਬਾਂਟ ਦਈ ਮਨ ਆਨੰਦ ਪਾਯੋ।"*

ਇਤਨਾ ਵੰਡਿਆ ਕਿ ਨਗਰੀ ਵਿਚ ਕੋਈ ਰੰਕ ਨਾ ਰਿਹਾ। ਵਿਆਹ ਲਾਵਾਂ ਨਾਲ ਹੀ ਹੋ ਆਇਆ। ਜੋੜੀ ਨੂੰ ਉਸ ਥਾਂ ਲੈ ਗਏ ਜਿੱਥੇ ਗੁਰੂ ਨਾਨਕ ਜੀ ਦੀ ਸ਼ਾਦੀ ਹੋਈ ਸੀ। ਇਹ ਸਭ ਗ੍ਰਹਿਸਤ ਦੀ ਮਹਿਮਾ ਦਰਸਾਉਣ ਲਈ ਸੀ। ਇਹ ਬਚਨ ਵੀ ਕੀਤੇ :

*"ਸਭ ਤੇ ਉਤਮ ਗ੍ਰਹਿਸਤ ਹੈ,*
*ਸਾਈ ਦਾਸ ਹਿਤ ਜਾਨ।"*

ਇਹ ਸ਼ਾਦੀ ਸੰਨ ੧੬੨੩ ਨੂੰ ਹੋਈ ਸੀ।

**ਕੀਰਤਪੁਰ ਦਾ ਵਸਾਉਣਾ**—ਜਦ ਤੋਂ ਗੁਰੂ ਨਾਨਕ ਦੇਵ ਜੀ ਨੇ ਲਾਹੌਰ ਸ਼ਹਿਰ ਵਿਚ ਜ਼ਹਿਰ ਤੇ ਕਹਿਰ ਦੇਖੇ ਸਨ, ਉਹ ਇਨ੍ਹਾਂ ਹੀ ਜਤਨਾਂ ਵਿਚ ਸਨ ਕਿ ਅਜਿਹੇ ਸ਼ਹਿਰ ਵਸਾਏ ਜਾਣ ਜਿਨ੍ਹਾਂ ਵਿਚ ਨਾ ਜ਼ਹਿਰ ਹੋਵੇ ਤੇ ਨਾ ਕਹਿਰ ਸਗੋਂ ਹਰ ਘਰ ਸਿਫ਼ਤੀ ਦਾ ਤੇ ਸ਼ਹਿਰ ਅੰਮ੍ਰਿਤਸਰ।

ਹਰ ਸ਼ਹਿਰ ਵਸਾਉਣ ਵੇਲੇ ਹਾਕਮਾਂ ਨੂੰ ਭਾਵੇਂ ਉਹ ਅੱਜ ਦੇ ਹਨ ਜਾਂ ਪਹਿਲੇ, ਕਹਿਰ ਹੀ ਕਰਨਾ ਪੈਂਦਾ ਹੈ। ਜ਼ਮੀਨਾਂ 'ਤੇ ਕਬਜ਼ੇ, ਉਜਾੜੇ ਅਤੇ ਖੇਤੀ ਵਾਲੀਆਂ ਜ਼ਮੀਨਾਂ 'ਤੇ ਕਬਜ਼ੇ ਅਤੇ ਫਿਰ ਜੋ ਉਸਰੱਈਏ ਆਂਦੇ ਹਨ ਭਾਵੇਂ ਉਹ ਮਜ਼ਦੂਰ ਹਨ ਜਾਂ ਮਿਸਤ੍ਰੀ, ਰਾਜ ਹਨ ਜਾਂ ਸਾਜ, ਉਨ੍ਹਾਂ 'ਤੇ ਕਹਿਰ ਹੁੰਦਾ ਹੈ। ਢੋਰ ਪਸ਼ੂਆਂ ਵਾਂਗ ਉਹ ਰਹਿੰਦੇ ਹਨ ਤੇ ਦੇਖਦੇ ਹੀ ਦੇਖਦੇ ਝੁੱਗੀਆਂ-ਝੌਂਪੜੀਆਂ ਉਸਰ ਜਾਂਦੀਆਂ ਹਨ। ਫਿਰ ਸ਼ੁਰੂ ਹੁੰਦੀ ਹੈ, ਜ਼ਹਿਰ ਵਾਲੀ ਜ਼ਿੰਦਗੀ। ਪਾਣੀ ਵਿਚ ਜ਼ਹਿਰ,

 www.sikhbookclub.com

ਖਾਣੇ ਵਿਚ ਜ਼ਹਿਰ, ਬੋਲਾਂ ਵਿਚ ਜ਼ਹਿਰ, ਕੰਨਾਂ ਵਿਚ ਜ਼ਹਿਰ ਤੇ ਜੀਵਨ ਵੀ ਜ਼ਹਿਰ ਵਾਲਾ ਹੋ ਜਾਂਦਾ ਹੈ।

ਗੁਰੂ ਪਾਤਸ਼ਾਹ ਨੇ ਐਸੇ ਸ਼ਹਿਰ ਵਸਾਏ, ਜਿੱਥੇ ਨਾ ਜ਼ਹਿਰ ਸੀ ਤੇ ਨਾ ਕਹਿਰ। ਪਹਿਲਾਂ ਤਾਂ ਜ਼ਮੀਨਾਂ ਹੀ ਉਹ ਚੁਣੀਆਂ ਜੋ ਉਪਜ ਵਾਲੀਆਂ ਨਹੀਂ ਸਨ। ਗੁਰੂਆਂ ਦੇ ਵਸਾਏ ਸ਼ਹਿਰ ਜਾਂ ਦਰਿਆਵਾਂ ਦੇ ਬੇਟ ਸਨ (ਕਰਤਾਰਪੁਰ, ਰਾਵੀ, ਗੋਇੰਦਵਾਲ, ਹਰਿਗੋਬਿੰਦਪੁਰ) ਜਾਂ ਟਿੱਬੇ (ਖਡੂਰ ਸਾਹਿਬ) ਜਾਂ ਨੀਵੀਆਂ ਥਾਵਾਂ ਟੋਭੇ ਵਾਲੀਆਂ ( ਅੰਮ੍ਰਿਤਸਰ, ਤਰਨਤਾਰਨ) ਜਾਂ ਪਹਾੜੀਆਂ (ਕੀਰਤਪੁਰ ਤੇ ਅਨੰਦਪੁਰ ਸਾਹਿਬ) ਅਜਾਈਂ ਪਈਆਂ ਜ਼ਮੀਨਾਂ 'ਤੇ ਨਗਰ ਵਸਾਏ।

ਫਿਰ ਕਿਸੇ ਵੀ ਸ਼ਹਿਰ ਝੁੱਗੀ, ਝੌਂਪੜੀ ਨਾ ਬਣੇ, ਸ਼ਹਿਰ ਦੀ ਉਸਾਰੀ ਤੋਂ ਪਹਿਲਾਂ ਲੰਗਰ, ਰੈਣ ਬਸੇਰੇ ਤੇ ਦੀਵਾਨ-ਖ਼ਾਨੇ ਬਣਾਏ। ਦਿਹਾੜੀ ਕੰਮ ਕਰਦੇ ਨੂੰ ਰਾਤ ਪੂਰਾ ਆਰਾਮ ਮਿਲੇ। ਰੱਜ ਕੇ ਰੋਟੀ ਮਿਲੇ ਅਤੇ ਟਿਕਣ ਨੂੰ ਥਾਂ। ਸਵੱਛ ਜਲ ਸਦਾ ਮਿਲੇ, ਇਸ ਲਈ ਬਾਉਲੀਆਂ (ਕੱਜੇ ਹੋਏ ਖੂਹ), ਸਰੋਵਰ ਤੇ ਹੋਰ ਖੂਹ ਲਗਵਾਏ। ਹਵਾਵਾਂ ਸਦਾ ਖੁਲ੍ਹੀਆਂ ਮਿਲਣ ਇਸ ਲਈ ਇਕ ਥਾਵੇਂ ਸੰਘਣੀ ਆਬਾਦੀ ਨਾ ਹੋਣ ਦਿੱਤੀ। ਸ਼ਹਿਰ ਨੂੰ ਪਨਾਹ ਤੇ ਕਿਲ੍ਹੇ ਵਾਂਗ ਬਣਾਇਆ ਤਾਂਕਿ ਕੋਈ ਜਰਵਾਣਾ ਲੰਘਦੇ ਹੀ ਹਮਲਾ ਨਾ ਕਰ ਜਾਏ। ਇਸੇ ਲਈ ਸਮਿਥ ਨੇ ਕਿਹਾ ਸੀ ਕਿ ਸਿੱਖਾਂ ਦੇ ਪਿੰਡ ਤਕ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਅੱਡ ਹਨ।

ਇਕ ਦੂਜੇ ਨਾਲ ਪਰਸਪਰ ਮੇਲ ਤੇ ਪਿਆਰ ਵਧੇ, ਸ਼ਹਿਰ ਦੀ ਤੜਕ-ਭੜਕ ਵਿਚ ਆਤਮਾਵਾਂ ਹੀ ਨਾ ਰੁਲ ਜਾਨ, ਇਸ ਲਈ ਧਰਮਸਾਲਾਂ ਅਤੇ ਨਾਲ ਹੀ ਮਸੀਤਾਂ ਬਣਵਾਈਆਂ। ਫਿਰ ਬਾਜ਼ਾਰ ਤੇ ਮੰਡੀਆਂ ਬਣਵਾਈਆਂ ਤਾਂਕਿ ਵਪਾਰੀ ਲੰਘਦੇ ਮਾਲ ਵੇਚ ਸਕਣ। ਹਰ ਨਗਰ ਵਿਚ ਉਚੇਚਾ ਵਪਾਰ ਵੀ ਰੱਖਿਆ। ਤਰਨਤਾਰਨ ਲੂਣ ਦੀ ਮੰਡੀ ਸੀ। ਗੋਇੰਦਵਾਲ ਤੇਲ ਦਾ ਵਪਾਰ ਹੁੰਦਾ ਸੀ ਤੇ ਅੰਮ੍ਰਿਤਸਰ ਸੂਤ ਦਾ। ਜਦ ਦਿੱਲੀ ਤੇਲ ਦੀ ਥੋੜ ਹੋਈ ਸੀ ਤਾਂ ਗੋਇੰਦਵਾਲ ਦੇ ਵਪਾਰੀਆਂ ਨੇ ਲਿਖਿਆ ਸੀ ਕਿ ਜੇ ਬਾਦਸ਼ਾਹ ਨਹਿਰ ਖੁਦਵਾ ਦੇਵੇ ਤਾਂ ਉਹ ਨਹਿਰ ਹੀ ਤੇਲ ਦੀ ਭਰ ਦੇਣਗੇ।

ਹਰ ਸ਼ਹਿਰ ਵਿਚ ਹੱਥੀਂ ਕੰਮ ਕਰਨ ਵਾਲਿਆਂ ਸਤਿਕਾਰ ਵਾਲੀ ਥਾਂ ਦਿੱਤੀ ਜਾਂਦੀ ਸੀ। ਹਿੰਦੁਸਤਾਨੀ ਸ਼ਹਿਰਾਂ ਵਾਂਗ ਨਹੀਂ ਕਿ ਕਿਰਤ ਕਰਦੇ ਸ਼ੂਦਰ ਲੋਕ ਪੱਛਮ ਵਲ ਵਸਾਏ ਜਾਣ। ਗੁਰ-ਨਗਰੀਆਂ ਵਿਚ ਇਨ੍ਹਾਂ ਕਿਰਤੀਆਂ ਨੂੰ ਪੂਰਬ ਵਲ ਵਸਾਇਆ ਜਾਂਦਾ ਸੀ ਤਾਂਕਿ ਸਮਾਜ ਵਿਚ ਆਦਰ ਦੀ ਨਜ਼ਰ ਨਾਲ ਦੇਖੇ ਜਾਣ। ਗੁਰੂ ਪਾਤਸ਼ਾਹ ਹਰ ਪੱਖੋਂ ਇਨਕਲਾਬ ਲਿਆ ਰਹੇ ਸਨ। ਇੰਝੇ ਤਾਂ ਨਹੀਂ ਅਰਬਿੰਦੂ ਘੋਸ਼ ਨੇ ਕਹਿ ਦਿੱਤਾ ਸੀ ਕਿ ਗੁਰੂ ਨਾਨਕ ਦੀ ਤੇ ਹੋਰ ਗੁਰੂ ਸਾਹਿਬਾਨ ਦੀ ਤਾਲੀਮ ਹੈਰਾਨੀ ਦੀ ਹੱਦ ਤਕ ਮੁਲਕ ਤੇ ਨਿਰਾਲੀ ਹੈ। ਜੋ ਪਿਛੇ ਨਹੀਂ ਅਗਾਂਹ ਵਲ ਦੇਖਦੀ ਹੈ।[1]

ਜਦ ਅਲਮਸਤ ਦੀ ਅਰਦਾਸ 'ਤੇ ਗੁਰੂ ਹਰਿਗੋਬਿੰਦ ਜੀ ਨਾਨਕ ਮੱਤਾ ਦੋਖੀ ਜੋਗੀਆਂ ਨੂੰ ਮੱਤ ਦੇਣ ਗਏ ਤਾਂ ਗੁਰੂ ਜੀ ਨੇ ਦੋ ਗੱਲਾਂ ਮਹਿਸੂਸ ਕੀਤੀਆਂ ਕਿ

 www.sikhbookclub.com

ਗੁਰੂ ਅਸਥਾਨਾਂ ਦੀ ਸੇਵਾ ਸੰਭਾਲ ਲਈ ਉਚੇਚੇ ਪ੍ਰਬੰਧ ਕਰਨੇ ਚਾਹੀਦੇ ਹਨ ਤੇ ਉਚੇਰੀ ਸੇਵਾ ਸੰਸਥਾ ਬਣਾ ਕੇ ਉਸ ਦੇ ਜ਼ਿੰਮੇ ਇਹ ਕਾਰਜ ਲਗਾਉਣਾ ਚਾਹੀਦਾ ਹੈ। ਹੋਰ ਇਹ ਵੀ ਅਨੁਭਵ ਕੀਤਾ ਕਿ ਸਮੇਂ ਬਿਖੜੇ ਆ ਰਹੇ ਹਨ। ਇਹ ਅਮਨ ਦਾ ਜ਼ਮਾਨਾ ਬਹੁਤੀ ਦੇਰ ਰਹਿਣ ਵਾਲਾ ਨਹੀਂ ਸੋ ਇਕ ਐਸਾ ਨਗਰ ਹਟਵਾਂ ਕਿਲ੍ਹਾ ਨੁਮਾ ਤੇ ਪਹਾੜੀ 'ਤੇ ਅਗਮ ਦੁਰਗਮ ਬਨਾਉਣਾ ਚਾਹੀਦਾ ਹੈ ਜਿੱਥੋਂ ਸਿੱਖੀ ਲਹਿਰ ਨੂੰ ਸੇਧ ਦਿੱਤੀ ਜਾ ਸਕੇ।

ਜਦ ਗੁਰੂ ਪਾਤਸ਼ਾਹ ਪਹਾੜੀ ਰਾਜੀਆਂ ਨੂੰ ਮਿਲਣ ਹਿਤ ਪਹਾੜਾਂ ਵਿਚ ਵਿਚਰ ਰਹੇ ਸਨ ਤਾਂ ਤਾਰਾ ਚੰਦ, ਜਿਸ ਗਵਾਲੀਅਰ ਵਿਚੋਂ ਆਪ ਜੀ ਨੇ ਰਿਹਾਅ ਕਰ ਕਰਵਾਈਆ ਸੀ, ਨੇ ਬੇਨਤੀ ਕੀਤੀ ਕਿ ਇਸ ਪਾਸੇ ਵੀ ਇਕ ਨਗਰੀ ਵਸਾਓ।

*ਤਲੇ ਪਹਾਰਨ ਦੇਸ ਸੁਹਾਵਨ,*
*ਇਕ ਪੁਰ ਈਹਾਂ ਕਰੋ ਬਸਾਵਨ।*

ਜਿਸ ਥਾਂ ਨੂੰ ਗੁਰੂ ਜੀ ਨੇ ਚੁਣਿਆ, ਉਸ ਦੇ ਇਕ ਪਾਸੇ ਸਤਲੁਜ ਸੀ, ਦੂਜੇ ਪਾਸੇ ਪਹਾੜ, ਤੀਜੇ ਪਾਸੇ ਸਰਸਾ ਤੇ ਚੌਥੇ ਪਾਸੇ ਜੰਗਲ। ਉਸੇ ਥਾਂ ਇਕ ਸ਼ਰਧਾ ਭਿੱਜੇ ਜੀਵਨ ਵਾਲਾ ਬੁੱਢਨ ਸ਼ਾਹ ਕਈ ਸਾਲਾਂ ਤੋਂ ਉਡੀਕਦਾ ਪਿਆ ਸੀ ਕਿ ਕਦ ਗੁਰੂ ਨਾਨਕ ਦੇ ਰੂਪ ਦੇ ਚਰਨ ਪੈਣ ਤਾਂ ਕਲਿਆਣ ਹੋਵੇ।

ਸਾਖੀ ਇਸ ਤਰ੍ਹਾਂ ਕਰਦੇ ਹਨ ਕਿ ਸਾਈਂ ਬੁੱਢਨ ਸ਼ਾਹ ਇਕ ਪਹਾੜੀ ਤੇ ਕਠਨ ਤਪ ਕਰ ਰਿਹਾ ਸੀ ਪਰ ਮਨ ਨਹੀਂ ਸੀ ਟਿਕਦਾ। ਭਾਵੇਂ ਸਾਰਾ ਜੀਵਨ ਸੰਜਮ ਵਿਚ ਢਾਲਿਆ ਹੋਇਆ ਸੀ ਪਰ ਭਟਕਨਾ ਬਣੀ ਰਹਿੰਦੀ ਸੀ। ਇਕ ਬੱਕਰੀ ਜੋ ਪਾਸ ਪਾਲੀ ਹੋਈ ਸੀ, ਦਾ ਦੁੱਧ ਹੀ ਬੁੱਢਨ ਜੀ ਦਾ ਆਧਾਰ ਸੀ। ਇਕ ਸ਼ੇਰ ਪਾਲਤੂ ਵੀ ਪਾਸ ਸੀ, ਜੋ ਉਨ੍ਹਾਂ ਦੀ ਜੰਗਲੀ ਜਾਨਵਰਾਂ ਤੋਂ ਰਾਖੀ ਕਰਦਾ ਸੀ। ਇਕ ਪੇਂਜੂ ਦੀ ਪੁੱਤਰੀ ਕੋਲੋਂ ਬੁੱਢਨ ਜੀ ਨੇ ਗੁਰੂ ਨਾਨਕ ਦੀ ਸ਼ੋਭਾ ਸੁਣੀ ਕਿ ਗੁਰੂ ਜੀ ਜੀਵਨ ਵਿਚ ਰਸ ਘੋਲ ਦਿੰਦੇ ਹਨ ਤੇ ਅਜਿਹਾ ਝਰਨਾ ਚੱਲ ਪੈਂਦਾ ਹੈ, ਜੋ ਫਿਰ ਕਦੇ ਸੁੱਕਦਾ ਨਹੀਂ।

ਗੁਰੂ ਨਾਨਕ ਜੀ ਉਸ ਪਾਸ ਗਏ। ਜੀਵਨ ਦਾਨ ਦਿੱਤਾ। ਉਸ ਵੀ ਮਹਿਸੂਸ ਕੀਤਾ ਕਿ ਜਨਮਾਂ ਦਾ ਜਿਵੇਂ ਸੁੱਤਾ ਜਾਗ ਪਿਆ ਹੋਵੇ। ਸਿਮਰਨ ਦੀ ਰੌ ਚੱਲ ਪਈ। ਵਿਛੜਨ ਵੇਲੇ ਗੁਰੂ ਜੀ ਨੇ ਕਿਹਾ :

*"ਹੁਣ ਤੇਰਾ ਕਾਜ ਹੋ ਗਿਆ ਹੈ, ਬੈਠਹੁ ਮਨ ਸਤਿਨਾਮ ਪਰੋਇ।"*

ਜਦ ਫਿਰ ਦਰਸ਼ਨ ਦੀ ਇੱਛਾ ਬੁੱਢਨ ਜੀ ਨੇ ਪ੍ਰਗਟ ਕੀਤੀ ਤਾਂ ਗੁਰੂ ਨਾਨਕ ਜੀ ਨੇ ਕਿਹਾ : 'ਛੇਵੇਂ ਜਾਮੇ'। ਬਚਨ ਪਏ ਹੁੰਦੇ ਸਨ ਕਿ ਬੱਕਰੀ ਚਰ ਕੇ ਆਈ। ਬੁੱਢਨ ਜੀ ਨੇ ਦੁੱਧ ਚੋਇਆ ਤੇ ਗੁਰੂ ਨਾਨਕ ਜੀ ਨੂੰ ਭੇਟ ਕੀਤਾ। ਮਹਾਰਾਜ ਨੇ ਕਿਹਾ : "ਜ਼ਰੂਰ ਪੀਂਦੇ ਪਰ ਹੁਣੇ ਪੇਂਜੂ ਦੇ ਘਰ ਪਰਸ਼ਾਦ ਪਾਉਣਾ ਹੈ, ਅੱਛਾ ਅਮਾਨਤ ਰਿਹਾ। ਮੰਗ ਕੇ ਦੁੱਧ ਪੀਆਂਗੇ।" ਬਾਬਾ ਸੂਰਜ ਮੱਲ ਦੀ ਸ਼ਾਦੀ ਜੋ ਕਰਤਾਰਪੁਰ ਹੋਈ ਸੀ, ਉਸ ਉਪਰੰਤ ਬਾਬਾ ਗੁਰਦਿੱਤਾ ਜੀ ਨੂੰ ਹੁਕਮ ਦਿੱਤਾ :

1. Astonishingly Original & Novel.

 www.sikhbookclub.com

*"ਬੁੱਢਨ ਸ਼ਾਹ ਯਾਦ ਤੁਮ ਕਰੋ,*
*ਤੀਰ ਸਤੱਦ੍ਰਵ ਗਿਰ ਕੁਛ ਪਰੋ।*
*ਬੈਠਾ ਤਾਹਿ ਪਰ ਲਾਇ ਧਿਆਨਾ,*
*ਗੁਰੂ ਨਾਨਕ ਤਹਿ ਬਚਨ ਬਖਾਨਾ।*
*ਇਛ ਤਾਹਿ ਕੀ ਪੂਰਨ ਕੀਜੈ,*
*ਨਗਰ ਵਸਾਇ ਵਾਸ ਤਹਿ ਲੀਜੈ।"*

ਬਾਬਾ ਗੁਰਦਿੱਤਾ ਜੀ ਦੇ ਦਰਸ਼ਨ ਪਾ ਕੇ ਬੁੱਢਨ ਸ਼ਾਹ ਨੂੰ ਯਕੀਨ ਬਝੱ ਗਿਆ ਕਿ ਬਚਨ ਫਲਨ ਦਾ ਸਮਾਂ ਆ ਗਿਆ ਹੈ। ਗੁਰੂ ਹਰਿਗੋਬਿੰਦ ਜੀ ਜਦ ਨਗਰ ਦੀ ਮੋਹੜੀ ਗੱਡਣ ਲਈ ਥਾਂ ਦੇਖਣ ਆਏ ਤਾਂ ਸ਼ਿਕਾਰ ਖੇਡਦੇ ਘੋੜ ਸਵਾਰ ਹੀ ਬੁੱਢਨ ਜੀ ਪਾਸ ਪੁੱਜੇ ਤੇ ਕਿਹਾ :

*"ਸਾਈਂ ਜੀ। ਦੂਧ ਪਿਲਾਓ।"*

ਆਵਾਜ਼ ਸੁਣ ਕੇ ਪਹਿਲਾਂ ਤਾਂ ਸਕਤੇ ਵਿਚ ਹੀ ਆ ਗਏ ਪਰ ਨੀਝ ਲਗਾ ਕੇ ਡਿੱਠਾ ਤਾਂ ਗੁਰੂ ਨਾਨਕ ਦੀ ਜੋਤ ਨਜ਼ਰੀਂ ਪਈ। ਕਦਮ ਬੋਸੀ ਕੀਤੀ। ਦੁੱਧ ਪਿਲਾਇਆ। ਸਦੀਆਂ ਦੀ ਸਿੱਕ ਪੂਰੀ ਹੋਈ। ਭਾਵੇਂ ਬੁੱਢਨ ਜੀ ਥੋੜ੍ਹੇ ਚਿਰ ਪਿੱਛੋਂ ਹੀ ਅਕਾਲ ਚਲਾਣਾ ਕਰ ਗਏ, ਪਰ ਯਾਦ ਰਹਿ ਗਈ ਜੋ ਹੁਣ ਤਕ ਕਾਇਮ ਹੈ। ਕੀਰਤਪੁਰ ਦੀ ਮੋਹੜੀ ਬਾਬਾ ਜੀ ਨੇ ੧੬੮੪ ਵਿਚ ਗਡ ਦਿੱਤੀ ਸੀ ਤੇ ਉਥੇ ੧੬੮੬ ਤਕ ਆਬਾਦੀ ਹੋ ਗਈ ਸੀ। ਇਸ ਦੇ ਵਸਣ ਦਾ ਵਰ ਵੀ ਗੁਰੂ ਨਾਨਕ ਜੀ ਨੇ ਦਿੱਤਾ ਸੀ ਅਤੇ ਨਾਮ ਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਰੱਖਿਆ ਕਿਉਂਕਿ ਬੁੱਢਨ ਸ਼ਾਹ ਨੇ ਗੁਰੂ ਨਾਨਕ ਦੀ ਕੀਰਤੀ ਵਿਚ ਕਈ ਸਾਲ ਗੁਜ਼ਾਰੇ ਸਨ :

*"ਗੁਰੂ ਨਾਨਕ ਕੀ ਕੀਰਤ ਹੈ,*
*ਤਾਂ ਤੇ ਧਰ ਇਹ ਨਾਮ।*
*ਕੀਰਤਪੁਰ ਇਹ ਨਗਰ ਕੋ,*
*ਅਬ ਚਲ ਰਹੈ ਮੁਦਾਮ।"*

**ਉਦਾਸੀ ਮਤ ਕੀ ਰੀਤ ਚਲਾਈ**—ਉਦਾਸੀ ਮਤ ਦੀ ਰੀਤ ਗੁਰੂ ਨਾਨਕ ਦੇਵ ਜੀ ਨੇ ਹੀ ਚਲਾਈ ਸੀ। ਉਹ ਨਿਰਾਲੀ ਰੀਤ ਸੀ ਕਿ ਗ੍ਰਹਿਸਤ ਵਿਚ ਹੀ ਉਦਾਸ ਰਹਿਣਾ ਤੇ ਪ੍ਰਚਾਰ ਮੱਠਾ ਨਾ ਪੈਣ ਦੇਣਾ। ਪਹਿਲਾਂ ਨਾਨਕ ਮਤਾ ਵਲੋਂ ਮੁੜਦੇ ਤੇ ਹੁਣ ਕਸ਼ਮੀਰ ਦੀ ਫੇਰੀ ਤੋਂ ਗੁਰੂ ਹਰਿਗੋਬਿੰਦ ਜੀ ਮੁੜੇ ਤਾਂ ਅਨੁਭਵ ਕੀਤਾ ਕਿ ਢਿੱਲ ਨਹੀਂ ਹੋਣ ਦੇਣੀ ਚਾਹੀਦੀ। ਐਸੇ ਸੁਰਅਤਿ ਵਾਲੇ ਉਦਾਸੀ ਪਰਚਾਰਕਾਂ ਦੀ ਲੋੜ ਹੈ ਜੋ ਧੂਣੀਆਂ ਰਮਾ ਦੇਣ ਤੇ ਪਿੰਡ-ਪਿੰਡ, ਨਗਰ-ਨਗਰ ਗੁਰੂ ਨਾਨਕ ਨਾਮ ਦੀ ਦੋਹੀ ਫੇਰਨ। ਬਾਬਾ ਸ੍ਰੀ ਚੰਦ ਜੀ ਵੀ ਹੁਣ ਤਿੱਖੇ ਬਾਣ ਨਹੀਂ ਸਨ ਚਲਾ ਰਹੇ ਸਗੋਂ ਆਖ ਰਹੇ ਸਨ ਕਿ ਗੁਰਗੱਦੀ ਯੋਗ ਹਰਿਗੋਬਿੰਦ ਜੀ ਹੀ ਹਨ।

ਇਕ ਗੱਲ ਤਾਂ ਇਹ ਸਪੱਸ਼ਟ ਹੋ ਗਈ ਕਿ ਬਾਬਾ ਸ੍ਰੀ ਚੰਦ ਜੀ ਨੂੰ ਕੋਈ

ਗੁਰ-ਸੁਤ ਤੋਂ ਇਲਾਵਾ ਯੋਗ ਪੁਰਸ਼ ਨਹੀਂ ਲੱਭਾ। ਦੂਜੇ, ਭਾਵੇਂ ਉਨ੍ਹਾਂ ਖੁਣਸ ਖਾਧੀ ਸੀ ਪਰ ਗੁਰ-ਗੱਦੀ ਦਾ ਵਾਰਿਸ ਗੁਰੂ ਹਰਿਗੋਬਿੰਦ ਜੀ ਨੂੰ ਹੀ ਸਮਝਦੇ ਸਨ। ਕੋਈ ਦਵੈਖ ਨਹੀਂ ਸੀ ਰਹਿਆ। ਇਸੇ ਲਈ ਗੁਰ-ਸੁਤ ਲੈ ਕੇ ਜ਼ਿੰਮੇਂਵਾਰੀ ਸੌਂਪੀ। ਫਿਰ ਗ੍ਰਹਿਸਤੀ ਨੂੰ ਪ੍ਰਵਾਨ ਕਰਨਾ ਇਹ ਸਾਬਤ ਕਰਦਾ ਸੀ ਕਿ ਗ੍ਰਹਿਸਤ ਮੇਂ ਉਦਾਸ ਹੀ ਵੱਡਾ ਮਤ ਹੈ। ਇਹ ਹੀ ਉਦਾਸੀ ਦੀ ਰੀਤ ਹੈ ਜੋ ਗੁਰੂ ਨਾਨਕ ਨੇ ਚਲਾਈ ਸੀ।

ਗੁਰੂ ਰਾਮ ਦਾਸ ਜੀ ਨੇ ਨਿਮ੍ਰਤਾ ਦਰਸਾ ਇਕ ਪ੍ਰਕਾਰ ਦਾ ਸ੍ਰੀ ਚੰਦ ਜੀ ਨੂੰ ਚੁੱਪ ਹੀ ਕਰਵਾ ਦਿਤਾ ਸੀ। ਗੁਰੂ ਹਰਿਗੋਬਿੰਦ ਜੀ ਨੂੰ ਸਭ ਬੇਟਿਆਂ ਸਮੇਤ ਬਾਰਠ ਆਇਆ ਦੇਖ ਆਪਣੀ ਸਾਰੀ ਰਿਧ ਸਿਧ ਅਤੇ ਤਪ ਬਾਬਾ ਗੁਰਦਿੱਤਾ ਜੀ ਦੀ ਝੋਲੀ ਪਾ ਦਿੱਤਾ ਸੀ। ਹੁਣ ਲੋੜ ਸੀ ਪ੍ਰਚਾਰ ਦੇ ਸਾਧਨਾਂ ਨੂੰ ਜਥੇਬੰਦ ਕਰਨ ਦੀ।

ਕਸ਼ਮੀਰ ਦੇ ਰਹਿਣ ਵਾਲੇ ਚਾਰ ਪ੍ਰਮੁੱਖ ਸਿੱਖ ਚੁਣੇ ਜਿਨ੍ਹਾਂ 'ਧੂੰਆਂ' ਦੀ ਬੁਨਿਆਦ ਰੱਖੀ। ਗੁਰੂ ਉਦਾਸੀਨ ਮਤ ਦਰਪਣ ਅਨੁਸਾਰ ਭਾਈ ਅਲਮਸਤ ਤੇ ਭਾਈ ਬਾਲੂ ਹਸਨਾ ਸੱਕੇ ਭਰਾ ਸਨ। ਉਨ੍ਹਾਂ ਦਾ ਜਨਮ ਸ੍ਰੀਨਗਰ ਵਿਖੇ ਭਾਈ ਹਰਦੱਤ ਜੀ ਤੇ ਮਾਤਾ ਪ੍ਰਭਾ ਜੀ ਦੀ ਕੁੱਖੋਂ ਹੋਇਆ।

ਤੀਜੇ ਤੇ ਚੌਥੇ ਧੂੰਆਂ ਦੇ ਭਾਈ ਗੋਇੰਦਾ ਜੀ ਅਤੇ ਬਾਬਾ ਫੂਲ ਜੀ ਵੀ ਸੱਕੇ ਭਰਾ ਸਨ। ਉਹ ਵੀ ਸ੍ਰੀਨਗਰ ਦੇ ਜੰਮ-ਪਲ ਸਨ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਜੈ ਦੇਵ ਜੀ ਤੇ ਮਾਤਾ ਦਾ ਨਾਂ ਸੁੱਭਦਰਾ ਸੀ।

ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਚਾਰਾਂ ਮਹਾਂਪੁਰਸ਼ਾਂ ਨੂੰ ਬਾਬਾ ਗੁਰਦਿੱਤਾ ਜੀ ਦੇ ਹਵਾਲੇ ਕੀਤਾ ਤੇ ਕਿਹਾ ਕਿ ਸਾਨੂੰ ਮਿਲਿਆ ਹੈ '੧ਓ' ਜਿਸ ਦੀ ਮਹਿਮਾ ਗੁਰੂ ਨਾਨਕ ਦੇਵ ਜੀ ਨੇ ਗਾਈ ਹੈ। ਅਸਾਂ ਉਸੇ ਦਾ ਹੁਣ ਗੁਰਦਿੱਤਾ ਜੀ ਨੂੰ ਪ੍ਰਚਾਰ ਕਰਨ ਲਈ ਆਗਿਆ ਕੀਤੀ ਹੈ। ਇਸ ਨੂੰ ਥਾਂ-ਥਾਂ ਪਹੁੰਚਾਓ ਤੇ ਧਰਮਸਾਲਾਂ ਕਾਇਮ ਕਰੋ। ਗੁਰ-ਅਸਥਾਨਾਂ ਦੀ ਸੰਭਾਲ ਕਰੋ :

*'ਅਮਰ ਕਥਾ ਕਾ ਬੀਜ ਏਹ,*
*ਓਅੰਕਾਰ ਮੁਭਾਈ।*
*ਓਅੰਕਾਰ ਕੀ ਹੀ ਮਹਿਮਾ ਗੁਰੂ ਨਾਨਕ ਗਾਈ।'*

ਬਾਬਾ ਗੁਰਦਿੱਤਾ ਜੀ ਨੇ ਵੀ ਚਾਰਾਂ ਧੂੰਣਿਆਂ ਨੂੰ ੧ਓ ਦਾ ਮੰਤਰ ਦਿੱਤਾ ਤੇ ਉਥੋਂ ਹੀ ਸਭ ਉਦਾਸੀਆਂ ਨੂੰ ਹੁਕਮ ਹੋਇਆ ਕਿ ਇਸ ਦਾ ਪ੍ਰਚਾਰ ਕਰਨਾ। ਮਹਾਂ ਕਵੀ ਸੰਤ ਰੇਣ ਜੀ ਨੇ 'ਉਦਾਸੀ ਬੋਧ ਗ੍ਰੰਥ' ਵਿਚ ਬਹੁਤ ਹੀ ਸੁੰਦਰ ਹਵਾਲਾ ਦਿੱਤਾ ਕਿ ੧ਓ ਹੀ ਉਦਾਸੀਆਂ ਦਾ ਮੰਤਰ ਹੈ। ਇਹ ਹੀ ਬਾਲੂ ਹਸਨਾ, ਬਾਬਾ ਅਲਮਸਤ, ਬਾਬਾ ਗੋਇੰਦਾ ਅਤੇ ਫੂਲ ਜੀ ਨੂੰ ਗੁਰਦਿੱਤਾ ਜੀ ਨੇ ਦਿੱਤਾ :

ਹਵਾਲੇ ਦੀ ਤੁਕ ਹੈ :

*'ਬਾਲੂ ਹਸਨੇ ਕੋ ਦਯੋ, ਬਾਬੇ ਗੁਰਦਿੱਤੇ।*
*ਬਹੁਰਿ ਦਯੋ ਅਲਮਸਤ ਕੋ, ਪਰਮੰ ਇਹ ਥਿਤੇ॥੯।*
*ਖਹੁਰ ਦਯੋ ਗੋਇੰਦ ਕੋ, ਇਹ ਮੰਤਰ ਭਾਈ।*

*ਫੂਲ ਸਾਹਿਬ ਕੋ ਪੁਨ ਦਯੋ, ਗੁਰਦਿੱਤੇ ਸਾਈ।੯।*
*ਤਿਨ ਚਾਰੋ ਤੇ ਪੰਧ ਸੇ, ਸਭ ਸੰਤਹਿ ਪਾਇਆ।*
*ਪਰਮਪਰਾ ਇਹ ਮੰਤਰ, ਚਲਤਾ ਜਗ ਆਇਆ।੧੦।*

ਇੱਥੇ ਇਹ ਲਿਖਣਾ ਹੀ ਠੀਕ ਰਹੇਗਾ ਕਿ ਬਾਬਾ ਗੁਰਦਿੱਤਾ ਜੀ ਦੀ ਇਸ ਗੁੜ੍ਹਤੀ ਸਦਕਾ ਹੀ ਇਨ੍ਹਾਂ ਉਦਾਸੀ ਮਹਾਂਪੁਰਸ਼ਾਂ ਸੰਤਾਂ ਨੇ ਸਿੱਖੀ ਦੀ ਲੋਅ ਦੂਰ-ਦੂਰ ਤੱਕ ਪਹੁੰਚਾਈ। ਕੋਈ ਥਾਂ ਐਸਾ ਨਹੀਂ ਹੋਵੇਗਾ, ਜਿਥੇ ਸਿੱਖੀ ਦੀ ਲਾਗ ਤੇ ਜਾਗ ਨਾ ਲੱਗੀ ਹੋਵੇ।

ਇਹ ਉਦਾਸੀ ਮਹਾਂ ਪੁਰਸ਼ ਨਿਰਚਾਹੀ, ਨਿਰਮੋਹ, ਨਿਰਮਾਣ, ਨਿਰਭੈ, ਵਿਦਿਆ ਦੇ ਕੋਟ ਅਤੇ ਸ਼ਰਧਾ ਦੀ ਮੂਰਤ ਹੁੰਦੇ ਸਨ। ਅਲਮਸਤ ਵਾਲੇ ਧੂੰਆਂ ਦੇ ਹੀ ਸਨ, ਭਾਈ ਗੁਰਦਾਸ ਜੀ ਦੱਖਣੀ ਅਤੇ ਭਾਈ ਬਾਬਾ ਨੱਥਾ ਜੀ, ਜਿਨ੍ਹਾਂ ਢਾਕੇ ਤੱਕ ਸਿਖੀ ਦਾ ਝੰਡਾ ਲਹਿਰਾਇਆ। ਗੁਰੂ ਹਰਿ ਰਾਇ ਜੀ ਦੀ ਮਹੀਨ ਕਲੀਆਂ ਵਾਲੀ ਪੌਸ਼ਾਕ ਨੱਥਾ ਜੀ ਹੀ ਹਰ ਸਾਲ ਬਣਵਾ ਕੇ ਭੇਜਦੇ। ਹੰਕਾਰ ਦਾ ਪੂਰਨ ਅਭਾਵ ਸੀ। ਆਪਾ ਕਦੇ ਨਹੀਂ ਸਨ ਜਣਾਂਦੇ। ਖਰ੍ਹਵਾ ਬੋਲ ਵੀ ਆਪਾ ਛੁਪਾਉਣ ਲਈ ਹੀ ਬੋਲਦੇ। ਇਸੇ ਲਈ ਗੁਰੂ ਤੇਗ਼ ਬਹਾਦਰ ਜੀ ਨੇ ਵੀ ਕਿਹਾ ਸੀ ਕਿ ਇਨ੍ਹਾਂ ਦੇ ਬਚਨਾਂ 'ਤੇ ਕਦੀ ਕਰੋਧਿਤ ਨਾ ਹੋਇਆ ਕਰੋ। ਸ਼ੁਧ ਹਿਰਦਾ ਹੈ। ਇਕ ਰਸ ਪ੍ਰੀਤ ਗੁਰ ਸ਼ਬਦ ਨਾਲ ਹੈ। ਟੇਢਾਪਣ ਤੇ ਕੂੜ ਕਪਟ ਨੇੜੇ ਨਹੀਂ ਹੈ।

ਇਸ ਧੂੰਆਂ ਨੇ ਬੰਗਾਲ, ਬਿਹਾਰ, ਉੜੀਸਾ, ਯੂ.ਪੀ., ਬਲੋਚਿਸਤਾਨ, ਕਾਬਲ ਤੱਕ ਪ੍ਰਚਾਰ ਕੀਤਾ। ਮਹੰਤ ਕ੍ਰਿਪਾਲ ਦਾਸ, ਜਿਨ੍ਹਾਂ ਭੰਗਾਣੀ ਯੁੱਧ ਵਿਚ ਕੁਤਕ ਨਾਲ ਹਯਾਤ ਖ਼ਾਨ ਦਾ ਸਿਰ ਭੰਨਿਆ ਸੀ, ਇਸੇ ਧੂੰਆਂ ਦੇ ਸਨ।[1]

ਬਾਬਾ ਬਾਲੂ ਹਸਨਾ ਜੀ ਦੇ ਧੂੰਆਂ ਵਿਚੋਂ ਹੀ ਸਨ : ਭਾਈ ਪ੍ਰਹਿਲਾਦ ਸਿੰਘ ਜੀ, ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਲਾਲ ਦਾਸ ਤੇ ਤੱਖ਼ਲਸ ਖ਼ਿਆਲੀ ਸੀ। ਇਹ ਗੁਰੂ ਜੀ ਦੇ ਲਾਂਗਰੀ ਕਰਕੇ ਵੀ ਪ੍ਰਸਿੱਧ ਸਨ। ਇਨ੍ਹਾਂ ਦਾ ਲਿਖਿਆ ਰਹਿਤਨਾਮਾ ਪੰਥ ਵਿਚ ਪ੍ਰਮਾਣ ਮੰਨਿਆ ਜਾਂਦਾ ਹੈ। ਅਬਚਲ ਨਗਰ ਵੀ ਦਸਮੇਸ਼ ਪਿਤਾ ਨਾਲ ਹੀ ਸਨ। ਕਿਤਨਾ ਪ੍ਰੇਮ ਸੀ ਗੁਰੂ ਪਾਤਸ਼ਾਹ ਨਾਲ ਕਿ ਇਹ ਕਹਿੰਦੇ ਸਨ :

*ਖ਼ਿਆਲੀ ਕੋਈ ਕਿਵੇਂ ਕਹਿ ਆਖਹੁ,*
*ਅਸੀਂ ਵੇਖਣ ਨ ਛਡਸਾ ਤੇ।*

ਇਕ ਹੋਰ ਮਹਾਂਪੁਰਸ਼ ਭਾਈ ਜਾਦੋ ਰਾਇ ਵੀ ਪ੍ਰਸਿਧ ਹੋਏ ਹਨ। ਇਨ੍ਹਾਂ ਦੀ ਰਚੀ ਕਵਿਤਾ ਦੀਆਂ ਇਹ ਸਤਰਾਂ ਤਾਂ ਬਹੁਤ ਹੀ ਪ੍ਰਸਿਧ ਹੋਈਆਂ :

---

੧. ਪੂਰੇ ਵਿਸਥਾਰ ਲਈ ਉਦਾਸੀ ਸਿੱਖਾਂ ਦੀ ਵਿਥਿਆ ਕ੍ਰਿਤ ਭਾਈ ਰਣਧੀਰ ਸਿੰਘ ਪੜ੍ਹੋ।

 www.sikhbookclub.com

*ਜ਼ਰਾ ਨ ਡਰਾਂ ਜੇ ਸਟ ਘਤੀਵਾਂ,*
*ਕੋਈ ਹਾਹੂ ਦੋਜ਼ਕ ਤਪੈ।*
*ਜ਼ਰਾ ਨਾ ਡਰਾਂ ਜੇ ਸਟੱ ਘਤੀਵਾਂ,*
*ਕੋਈ ਮਾਤੈ ਹਾਥੀ ਅਗੈ।*
*ਜ਼ਰਾ ਨਾ ਡਰਾਂ ਬਿਧਾਤੇ ਕੋਲੋਂ,*
*ਜਿ ਸੱਚੇ ਅੱਖਰ ਲਿਖੈ।*
*ਜਾ ਕੋ ਡਰਾਂ ਵਿਛੋੜੇ ਕੋਲੋਂ,*
*ਮਤਿ ਰੱਬ ਵਿਛੋੜਾ ਘਤੈ।*

ਇਸ ਧੂੰਆਂ ਨੇ ਖ਼ਾਸ ਤੌਰ 'ਤੇ ਸਿੰਧ ਤੇ ਸਮੁੰਦਰੀ ਇਲਾਕਿਆਂ ਵਿਚ ਪ੍ਰਚਾਰ ਕੀਤਾ।

ਤੀਜਾ ਧੂੰਆਂ, ਬਾਬਾ ਗੋਇੰਦਾ ਜੀ ਨੇ ਪੰਜਾਬ ਵਿਚ ਹੀ ਆਪਣਾ ਖੇਤਰ ਰਖਿਆ। ਬਾਬਾ ਫੂਲ ਜੀ ਦੇ ਧੂੰਆਂ ਦੇ ਪ੍ਰਚਾਰਕਾਂ ਸਾਧੂਆਂ ਨੇ ਦੱਖਣੀ ਭਾਰਤ ਵਿਚ ਆਪਣੇ ਮੁੱਚੇ ਜੀਵਨ ਤੇ ਸਿਮਰਨ ਸਿਦਕ ਦਾ ਪ੍ਰਭਾਵ ਪਾਇਆ। ਬਰਾਰ ਸੂਬੇ ਦੇ ਨਗਰ ਦੀਖਲੀ (ਜ਼ਿਲ੍ਹਾ ਬੁਡਲਾਣਾ) ਵਿਚ ਜੋ ਗੁਰ ਅਸਥਾਨ ਬਣਿਆ ਹੈ, ਇਸੇ ਧੂੰਆਂ ਦੇ ਭਾਈ ਉਤਮ ਦਾਸ ਤੇ ਮੋਹੀ ਰਾਮ ਨੇ ਬਣਾਇਆ ਸੀ।

ਇਹ ਸਭ ਲਿਖਣ ਦਾ ਭਾਵ ਇਹ ਹੈ ਕਿ ਬਾਬਾ ਗੁਰਦਿੱਤਾ ਜੀ ਨੇ ਇਨ੍ਹਾਂ ਧੂੰਆਂ ਰਾਹੀਂ ਸਿੱਖੀ ਦਾ ਸਹੀ ਸਰੂਪ ਉਜਾਗਰ ਕੀਤਾ। ਬੰਸਾਵਲੀ ਨਾਮਾ ਨੇ ਇਸੇ ਲਈ ਆਖਿਆ ਹੈ ਕਿ ਬਾਬਾ ਗੁਰਦਿੱਤਾ ਜੀ :

*"ਆਹੇ ਬਡੇ ਧੀਰਜਵਾਨ, ਗੁਣਵਾਨ,*
*ਬਰਕਤ ਵਾਲੇ ਆਹੇ ਬੁਧਵਾਨ।"*

SIKHBOOKCLUB.COM

**ਧੀਰ ਮੱਲ ਦਾ ਜਨਮ**—ਬਾਬਾ ਗੁਰਦਿੱਤਾ ਜੀ ਦੇ ਘਰ ਅਤੇ ਰਾਜ ਕੌਰ (ਅਨੰਤੀ) ਦੀ ਕੁਖੋਂ ਧੀਰ ਮੱਲ ਜੀ ਦਾ ਜਨਮ ਕਰਤਾਰਪੁਰ ਵਿਖੇ ੧੬੨੯ ਦੇ ਅਰੰਭ ਜਨਵਰੀ ਨੂੰ ਹੋਇਆ। ਜਦ ਅਨੰਤੀ ਜੀ ਨੇ ਪੁੱਤਰ ਦੀ ਮਾਂਗਣਾ ਕੀਤੀ ਤਾਂ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਸਤਿਨਾਮ ਦਾ ਜਾਪ ਕਰਦੇ ਰਹੋ ਪਰ ਅਨੰਤੀ, ਸਿੱਖ ਇਤਿਹਾਸ ਕਹਿੰਦਾ ਹੈ, ਮਾਯਾ ਵਿਚ ਹੀ ਭਰਮਦੀ ਰਹੀ। ਜਦ ਬਾਬਾ ਬੁੱਢਾ ਜੀ ਨੇ ਬਾਲਕ ਦੀ ਚੰਚਲਤਾਈ ਦੇਖੀ ਤਾਂ ਉਸੇ ਸਮੇਂ ਕਹਿ ਦਿੱਤਾ ਕਿ ਇਹ 'ਕਪਟ ਧਰ ਰੂਪ' ਹੈ। ਇਸ ਲਈ ਨਾਂ ਧੀਰ ਮੱਲ ਧਰਿਆ ਮਤਾਂ ਧੀਰਜ ਵਿਚ ਆ ਜਾਏ। ਗੁਰੂ ਹਰਿਗੋਬਿੰਦ ਜੀ ਨੇ ਜਦ ਕਰਤਾਰਪੁਰ ਆ ਕੇ ਪੋਤਰੇ ਨੂੰ ਡਿੱਠਾ ਤਾਂ ਸਹਜ ਸੁਭਾਇ ਵਾਕ ਉਚਾਰਿਆ ਕਿ ਫਿਰ ਜਨਮ ਧਾਰ ਕੇ ਤਾਇਆ ਜੀ (ਪ੍ਰਿਥੀ ਚੰਦ) ਆ ਗਏ ਹਨ। "ਪ੍ਰਿਥੀ ਚੰਦ ਬਪੁ ਦੂਤੀ ਧਰਾਏ।"

ਬਾਬਾ ਗੁਰਦਿੱਤਾ ਜੀ ਨੇ ਭਾਵੇਂ ਧੀਰ ਮੱਲ ਦੇ ਪਾਲਣ ਪੋਸਣ ਵਿਚ ਕੋਈ ਕਸਰ ਨਾ ਉਠਾ ਰੱਖੀ ਪਰ ਇਹ ਆਪ-ਹੁਦਰੇ, ਮਨ-ਮੱਤੀਏ ਤੇ ਸਾਜ਼ਸ਼ੀ ਸੁਭਾਅ ਦੇ ਸਨ। ਪਿਤਾ ਗੁਰਦਿੱਤਾ ਜੀ ਦੇ ਗੁਜ਼ਰਨ 'ਤੇ ਬੁਲਾਇਆਂ ਵੀ ਨਾ ਆਏ। ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਆਪਣਾ ਟਿਕਾਣਾ ਵੀ ਕਰਤਾਰਪੁਰ ਹੀ ਕਰ ਲਿਆ।

 www.sikhbookclub.com

ਬੰਸਾਵਲੀ ਨਾਮੇ ਵਾਲੇ ਨੇ ਖੂਬ ਲਿਖਿਆ ਹੈ ਕਿ :

*"ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਬਾਅਦ,*
*ਭਾਵੇਂ ਦੋਵੇਂ ਇਕੱਠੇ ਪਲਦੇ ਤੇ ਖੇਡਦੇ ਰਹੇ ਪਰ,*
*ਧੀਰ ਮੱਲ ਨੇ ਵੈਰ ਬਣਾਈ ਰਖਿਆ ।"*
*"ਖੇਡਣ ਹਸਨਿ ਰਲੇ ਮਿਲੇ ਪਰ ਇਕ ਨਾ ਹੋਇ।"*

ਗੁਰੂ ਗ੍ਰੰਥ ਸਾਹਿਬ ਵੀ ਧੀਰ ਮੱਲ ਨੇ ਆਪਣੇ ਕਬਜ਼ੇ ਕਰ ਲਿਆ। ਪਰ ਜਦ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਹਰਿ,ਰਾਏ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਦਾ ਸੰਕਲਪ ਕਰ ਦਿੱਤਾ ਤਾਂ ਇਨ੍ਹਾਂ ਸ਼ਾਹਜਹਾਨ ਪਾਸ ਜਾ ਚੁਗਲੀ ਖਾਧੀ। ਸ਼ਾਹ ਜਹਾਨ ਦੇ ਦਰਬਾਰੀ ਵੀ ਰਹੇ। ਸ਼ਾਇਦ ਇਹ ਹੀ ਕਾਰਨ ਹੈ ਕਿ ਔਰੰਗਜ਼ੇਬ ਨੇ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਪੁੱਤਰ ਨੂੰ ਰਣਥੰਬੋਰ ਦੇ ਕਿਲ੍ਹੇ ਵਿਚ ਗ੍ਰਿਫ਼ਤਾਰ ਕਰਕੇ ਮਾਰ ਦਿੱਤਾ। ਇਹ ਘਟਨਾ ੨੫ ਜਨਵਰੀ, ੧੬੭੭ ਨੂੰ ਹੋਈ ਸੀ। ਇਹ ਯਾਦ ਰਹੇ ਕਿ ਗੁਰੂ ਹਰਿਕ੍ਰਿਸ਼ਨ ਜੀ ਤੱਕ ਧੀਰ ਮੱਲ ਉਘੜ ਕੇ ਸਾਹਮਣੇ ਨਹੀਂ ਆਇਆ ਪਰ ਜਦ ਗੁਰੂ ਤੇਗ਼ ਬਹਾਦਰ ਜੀ ਨੇ ਗੁਰ-ਪਦਵੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਇਸ ਨੇ ਮਸੰਦਾ ਦਾ ਸਹਾਰਾ ਲੈ ਕੇ ਬੜੇ ਹੀਲੇ ਕੀਤੇ ਗੁਰੂ ਗੱਦੀ ਹਥਿਆਉਣ ਦੇ ।[1]

---

੧. ਵਿਸਥਾਰ ਲਈ ਮੇਰੀ ਹੀ ਲਿਖੀ 'ਇਤਿ-ਜਿਨ-ਕਰੀ' ਜੀਵਨੀ ਗੁਰੂ ਤੇਗ਼ ਬਹਾਦਰ ਜੀ ਪੜ੍ਹੋ।

 www.sikhbookclub.com

# ੨

# ਪ੍ਰਕਾਸ਼ ਤੇ ਪਾਲਣ ਪੋਸਣ

**ਜਹਾਂਗੀਰ ਦੀ ਮ੍ਰਿਤੂ**—ਜਹਾਂਗੀਰ ਕਸ਼ਮੀਰ ਤੋਂ ਮੁੜ ਰਹਿਆ ਸੀ ਕਿ ਇਕ ਹਾਦਸੇ ਨੂੰ ਦੇਖਣ ਕਾਰਨ ਤਬੀਅਤ ਐਸੀ ਖ਼ਰਾਬ ਹੋਈ ਕਿ ਫਿਰ ਸੰਭਲ ਨਾ ਸਕੀ। ੮ ਨਵੰਬਰ, ੧੬੨੭ ਨੂੰ ਚੰਗੇਜ਼ ਹਟੀ, ਭਿੰਬਰ ਦੇ ਕਿਨਾਰੇ ਉਸ ਦੀ ਮੌਤ ਹੋ ਗਈ। ਨੂਰ ਜਹਾਨ ਉਸ ਦੇ ਮ੍ਰਿਤਕ ਸਰੀਰ ਨੂੰ ਲਾਹੌਰ ਲੈ ਆਈ।

ਸ਼ਾਹਜਹਾਨ ਉਸ ਸਮੇਂ ਦੱਖਣ ਵਿਚ ਸੀ ਤੇ ਉਸ ਦੇ ਸਹੁਰੇ ਆਸਫਖ਼ਾਨ ਨੇ ਹੀ ਉਸ ਨੂੰ ਖ਼ਬਰ ਭੇਜੀ ਸੀ। ਨੂਰ ਜਹਾਨ ਆਪਣੇ ਦਾਮਾਦ ਸ਼ਹਰਯਾਰ ਨੂੰ ਜੋ ਉਸ ਦੀ ਬੇਟੀ ਲਾਡਲੀ ਬੇਗਮ ਨਾਲ ਵਿਆਹਿਆ ਹੋਇਆ ਸੀ, ਬਾਦਸ਼ਾਹ ਬਨਾਉਣਾ ਲੋੜਦੀ ਸੀ ਪਰ ਆਸਫ਼ਖ਼ਾਨ ਨੇ ਅਜਿਹੀ ਚਾਲ ਚੱਲੀ ਕਿ ਖ਼ੁਸਰੋ ਦੇ ਬੇਟੇ ਦਾਵਰ ਬਖ਼ਸ਼ ਹਥੋਂ ਸ਼ਹਰਯਾਰ ਨੂੰ ਅੰਨ੍ਹਿਆਂ ਕਰਨ ਦਾ ਹੁਕਮ ਦੇ ਕੇ ਨਜ਼ਰਬੰਦ ਕਰਵਾ ਦਿੱਤਾ।

SIKHBOOKCLUB.COM

ਜਦ ਸ਼ਾਹਜਹਾਨ ਦੇ ਆਗਰੇ ਪੁੱਜਣ ਤੇ ਤਖ਼ਤ ਸੰਭਾਲਣ ਦੀ ਖ਼ਬਰ ਲਾਹੌਰ ਆਈ ਤਾਂ ਆਸਫ਼ਖ਼ਾਨ ਨੇ ਭੈਣ ਨੂਰ ਜਹਾਨ ਨੂੰ ਬੰਦੀ ਵਿਚ ਪਾ ਦਿੱਤਾ, ਦਾਵਰ ਬਖ਼ਸ਼ ਤੇ ਉਸ ਦੇ ਭਰਾ ਨੂੰ ਕਤਲ ਕਰ ਦਿੱਤਾ ਅਤੇ ਦਾਨਿਯਾਲ ਦੇ ਪੁੱਤਰਾਂ ਤਮਰਸ ਤੇ ਹੋਸ਼ਿੰਗ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸ਼ਾਹਜਹਾਨ ਆਪੂੰ ਲਾਹੌਰ ਨ ਆਇਆ ਪਰ ਦਿੱਸਦਾ ਪਿਆ ਸੀ ਕਿ ਹੁਣ ਪੰਜਾਬ ਵਿਚ ਸਖ਼ਤੀ ਦਾ ਦੌਰ ਚੱਲੇਗਾ। ਆਸਫਖ਼ਾਨ ਨੂੰ ਸਮੁੱਚੇ ਪੰਜਾਬ ਦਾ ਗਵਰਨਰ ਥਾਪ ਦਿੱਤਾ ਗਿਆ।

ਗੁਰੂ ਹਰਿਗੋਬਿੰਦ ਜੀ ਵੀ ਦੇਖ ਰਹੇ ਸਨ ਕਿ ਪਹਾੜੀ ਰਾਜਿਆਂ, ਸਿਵਾਏ ਤਾਰਾ ਚੰਦ ਦੇ ਸਭ ਨੇ ਸ਼ਾਹਜਹਾਨ ਦੀ ਈਨ ਮੰਨ ਲਈ ਹੈ। ਉਧਰ ਲਾਹੌਰ ਵਿਚ ਉਸੇ ਕੁਲੀਚ ਖ਼ਾਨ ਨੂੰ ਗਵਰਨਰ ਥਾਪ ਦਿੱਤਾ ਗਿਆ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੇਲੇ ਲਾਹੌਰ ਦਾ ਫ਼ੌਜਦਾਰ ਸੀ।[1]

---

੧. ਕੁਲੀਚ ਖ਼ਾਨ ਤੁਰਾਨੀ ਬਾਰੇ, ਐਨ ਓਰੈਂਟਿਲ ਬਾਇਗ੍ਰਾਫ਼ਿਕਲ ਡਿਕਸ਼ਨਰੀ ਵਿਚ ਲਿਖਿਆ ਹੈ : ਇਹ ਅਮੀਰ ਜਹਾਂਗੀਰ ਤੋਂ ਸ਼ਾਹਜਹਾਨ ਵੇਲੇ ਉਨ੍ਹਾਂ ਦੀ ਨੌਕਰੀ ਵਿਚ ਸੀ। ਸ਼ਾਹਜਹਾਨ ਨੇ ਪੰਜ ਹਜ਼ਾਰੀ ਮਨਸਬ ਦੇ ਕੇ ਪੰਜਾਬ, ਕਾਬਲ, ਕੰਧਾਰ ਦਾ ਗਵਰਨਰ ਥਾਪਿਆ। ਮ੍ਰਿਤੂ ਸੰਨ ੧੬੫੪ ਵਿਚ ਹੋਈ।

ਆਪਣੇ ਮੁਹੰਮਦੀ ਭਰਾਵਾਂ ਨੂੰ ਆਪਣੇ ਵੱਲ ਦਾ ਕਰਨ ਲਈ ਸ਼ਾਹਜਹਾਨ ਨੇ ਐਸੇ ਫ਼ਰਮਾਨ ਵੀ ਕੱਢੇ ਕਿ ਸਿਵਾਏ ਇਸਲਾਮ ਦੇ ਹੋਰ ਕਿਸੇ ਨੂੰ ਹੱਕ ਨਹੀਂ ਧਰਮ ਪ੍ਰਚਾਰ ਕਰਨ ਦਾ। ਮੰਦਰ, ਧਰਮਸਾਲਾਂ ਗਿਰਾ ਦਿੱਤੀਆਂ ਅਤੇ ਜੋ ਅਜੇ ਅੱਧ-ਉਸਰੀਆਂ ਸਨ, ਉਥੇ ਹੀ ਰੋਕ ਦਿੱਤੀਆਂ ਗਈਆਂ। ਇਨ੍ਹਾਂ ਹੀ ਫ਼ਰਮਾਨਾਂ ਦਾ ਸਹਾਰਾ ਲੈ ਕੇ ਲਾਹੌਰ ਦੀ ਬਾਉਲੀ ਸਾਹਿਬ ਢਾਹ ਦਿੱਤੀ ਗਈ ਤੇ ਹਰ ਕੋਈ ਸਮਝ ਦੇਖ ਰਿਹਾ ਸੀ ਕਿ ਅਗਲਾ ਹੱਲਾ ਅੰਮ੍ਰਿਤਸਰ 'ਤੇ ਹੋਵੇਗਾ। ਕੁਲੀਚ ਖ਼ਾਨ ਦਾ ਵਜ਼ੀਰ ਅਬੁਲ ਹਸਨ[1] ਸੀ ਤੇ ਫ਼ੌਜਦਾਰ ਮੁਖ਼ਲਿਸ ਖ਼ਾਨ।

੧੬੨੯ ਦੀ ਵੈਸਾਖੀ ਨੂੰ ਸਿੱਖਾਂ ਦੀ ਝੜਪ ਸ਼ਾਹੀ ਫ਼ੌਜ ਨਾਲ ਹੋ ਗਈ। ਸ਼ਾਹੀ ਬਾਜ਼ ਜੋ ਸ਼ਿਕਾਰ ਦੇ ਨਿਯਮ ਛੱਡ, ਹੱਥ ਆਏ ਸ਼ਿਕਾਰ ਨੂੰ ਬਹੁਤ ਹੀ ਤਸੀਹੇ ਦੇ ਰਿਹਾ ਸੀ, ਦੇਖ ਸਿੱਖਾਂ ਕੋਲੋਂ ਜਰਿਆ ਨਾ ਗਿਆ ਤੇ ਉਨ੍ਹਾਂ ਆਪਣਾ ਬਾਜ਼ ਛੱਡ ਦਿੱਤਾ। ਸ਼ਾਹੀ ਬਾਜ਼ ਨੂੰ ਗੁਰੂ ਦੇ ਬਾਜ਼ ਨੇ ਗਿਰਾ ਕਾਬੂ ਕਰ ਲਿਆ। ਉਧਰ ਇਹ ਖ਼ਬਰ ਲਾਹੌਰ ਪਹੁੰਚਾਈ ਗਈ ਕਿ ਅੱਜ ਬਾਜ਼ ਨੂੰ ਹੱਥ ਪਾਇਆ ਨੇ, ਕਲ੍ਹ ਤਾਜ ਨੂੰ ਪਾਉਣਗੇ।

**ਪਹਿਲੀ ਜੰਗ**—ਮੁਖ਼ਲਿਸ ਖ਼ਾਨ ਫ਼ੌਜਾਂ ਅੰਮ੍ਰਿਤਸਰ ਚੜ੍ਹਾ ਕੇ ਲੈ ਆਇਆ। ਇਹ ਜੰਗ ਕਿਤਨੀ ਅਚਨਚੇਤ ਸੀ, ਉਸ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਅਗਲੇ ਦਿਨ ਬੀਬੀ ਵੀਰੋ ਦੀ ਸ਼ਾਦੀ ਸੀ ਤੇ ਸੰਗਤਾਂ ਤੇ ਸਭਨਾਂ ਦਾ ਧਿਆਨ ਹੋਣ ਵਾਲੇ ਅਨੰਦ ਕਾਰਜ ਵੱਲ ਸੀ।

ਸਖ਼ਤ ਝੜਪ ਹੋਈ। ਸ਼ਾਹੀ ਫ਼ੌਜਾਂ ਹਾਰ ਖਾ ਗਈਆਂ। ਕਈ ਨਿਕਟਵਰਤੀ ਸਿੱਖ ਤੇ ਪਿਆਰੇ ਸ਼ਹੀਦ ਹੋਏ। ਸ਼ਹੀਦ ਹੋਣ ਵਾਲਿਆਂ ਵਿਚ ਭੱਟ 'ਕੀਰਤ' ਵੀ ਸਨ। ਬਾਬਾ ਗੁਰਦਿੱਤਾ ਜੀ ਨੇ ਵੀ ਕਰਾਰੇ ਹੱਥ ਦਿਖਾਏ। ਮਹਿਮਾ ਪ੍ਰਕਾਸ਼ ਵਾਰਤਕ ਦੇ ਸ਼ਬਦਾਂ ਵਿਚ "**ਬਾਬਾ ਗੁਰਦਿੱਤਾ ਜੀ ਨੇ ਸਾਹਿਬ ਕੇ ਰੋਬਰੋ ਬਡਾ ਜੁੱਧ ਕੀਆ।**" ਬੀਬੀ ਵੀਰੋ ਦਾ ਅਨੰਦ ਕਾਰਜ ਝਬਾਲ ਵਿਚ ਮਰਯਾਦਾ ਨਾਲ ਕਰ ਦਿੱਤਾ ਗਿਆ। ਇਹ ਪਹਿਲੀ ਜੰਗ ੧੫ ਮਈ, ੧੬੨੯ ਨੂੰ ਹੋਈ ਸੀ। ਸ਼ਾਹਜਹਾਨ ਨੂੰ ਜਦ ਖ਼ਬਰਾਂ ਪੁੱਜੀਆਂ ਤਾਂ ਉਸ ਨੇ ਲਾਹੌਰ ਦੇ ਗਵਰਨਰ ਨੂੰ ਹਟਾ ਕੇ ਕਾਬਲ ਭੇਜ ਦਿੱਤਾ ਤੇ ਉਸ ਦੀ ਥਾਵੇਂ ਅਨਾਇਤ ਏਜ਼ਦੀ ਨੂੰ ਥਾਪਿਆ। ਮੁਖ਼ਲਿਸ ਖ਼ਾਨ ਨੂੰ ਵੀ ਬਦਲ ਕੇ ਤਿਲੰਗਾਨਾ ਭੇਜ ਦਿੱਤਾ ਤੇ ਉਸਦੀ ਮੌਤ ਵੀ ਉਧਰ ਹੀ ੧੬੩੬ ਹੋਈ।[2]

ਬਾਬਾ ਗੁਰਦਿੱਤਾ ਜੀ ਜੰਗ ਪਿਛੋਂ ਕੀਰਤਪੁਰ ਆ ਗਏ। ਗੁਰੂ ਹਰਿਗੋਬਿੰਦ ਜੀ ਵੀ ਨੀਤੀ ਵਜੋਂ ਝਬਾਲ, ਤਰਨ ਤਾਰਨ ਤੋਂ ਹੁੰਦੇ ਕੁਝ ਚਿਰ ਲਈ ਗੋਇੰਦਵਾਲ ਆ ਟਿਕੇ। ਲਾਹੌਰ ਦੀਆਂ ਤਬਦੀਲੀਆਂ ਹੋਣ ਉਪਰੰਤ ਫਿਰ ਅੰਮ੍ਰਿਤਸਰ ਆ ਬਿਰਾਜੇ। ਹਰਿਗੋਬਿੰਦਪੁਰ ਬਿਆਸ ਦੇ ਕਿਨਾਰੇ ਵੱਸ ਚੁੱਕਾ ਸੀ ਅਤੇ ਇਸ ਦੀ

੧. ਇਸ ਪਾਸ ਵੀ ਪੰਜ ਹਜ਼ਾਰੀ ਮਨਸਬ ਸੀ। ਰੁਕਨ-ਉਸ-ਸਲਤਨਤ ਦਾ ਖ਼ਿਤਾਬ ਵੀ ਉਸ ਨੂੰ ਮਿਲਿਆ ਹੋਇਆ ਸੀ। ਇਸ ਦੀ ਮ੍ਰਿਤੂ ੧੬੩੨ ਈ: ਨੂੰ ਹੋਈ।

੨. ਬਾਦਸ਼ਾਹ ਨਾਮਾ, ਜਿਲਦ ਦੂਜੀ, ਪੰਨਾ ੧੯ ।

 www.sikhbookclub.com

ਸ਼ੋਭਾ ਚਾਰੇ ਪਾਸੇ ਫੈਲ ਗਈ ਸੀ। ਇਤਨਾ ਨਾਮ ਸੀ ਨਗਰਦਾ ਕਿ ਸੁਜਾਨ ਰਾਇ ਭੰਡਾਰੀ ਨੇ ਲਿਖਿਆ ਹੈ : ਹੈਬਤਪੁਰ ਪੱਟੀ ਦੁਆਬਾ ਬਾਰੀ ਵਿਚ ਇਕ ਪਰਗਨਾ ਹੈ। ਇਸ ਅੰਦਰ ਹਰਿਗੋਬਿੰਦਪੁਰ ਇਕ ਨਗਰ ਹੈ, ਜਿਥੇ ਵਧੀਆ ਬਾਗ ਹੈ ਤੇ ਪਵਿੱਤਰ ਸਰੋਵਰ ਬਣੇ ਹੋਏ ਹਨ। ਵੈਸਾਖੀ ਨੂੰ ਮੇਲਾ ਲਗਦਾ ਹੈ, ਬੇਸ਼ੁਮਾਰ ਲੋਕ ਇੱਕਠੇ ਹੁੰਦੇ ਹਨ। ਇਥੋਂ ਦਾ ਘੋੜਾ ਚਾਲ-ਢਾਲ ਵਿਚ ਇਰਾਕੀ ਘੋੜੇ ਦੀ ਬਰਾਬਰੀ ਕਰਦਾ ਹੈ। ਕਈਆਂ ਦਾ ਮੁੱਲ ਪੰਦਰ੍ਹਾਂ-ਪੰਦਰ੍ਹਾਂ ਹਜ਼ਾਰ ਤੀਕ ਪੁੱਜਦਾ ਹੈ।[1]

**ਦੂਜੀ ਜੰਗ**—ਗੁਰੂ ਹਰਿਗੋਬਿੰਦ ਜੀ ਦੁਆਬਾ ਪ੍ਰਚਾਰ ਹਿਤ ਗਏ ਹੀ ਸਨ ਕਿ ਦੂਜੀ ਜੰਗ ਦਾ ਸਾਹਮਣਾ ਕਰਨਾ ਪਿਆ। ਭਗਵਾਨ ਦਾਸ ਘੇਰੜ ਜੋ ਚੰਦੂ ਦਾ ਸਾਕ ਸੀ, ਦੀ ਚੁੱਕ 'ਤੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਨੇ ਫ਼ੌਜ ਚੜ੍ਹਾ ਆਂਦੀ ਤੇ ਹਾਰ ਖਾਧੀ। ਇਹ ਜੰਗ ਸਤੰਬਰ ੧੬੨੯ ਨੂੰ ਹੋਈ ਸੀ। ਗੁਰੂ ਜੀ ਅੰਮ੍ਰਿਤਸਰ ਮੁੜ ਆਏ।

**ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼**—ਗੁਰੂ ਹਰਿਗੋਬਿੰਦ ਜੀ ਅੰਮ੍ਰਿਤਸਰ ਹੀ ਸਨ ਕਿ ਕੀਰਤਪੁਰ ਤੋਂ ਖ਼ਬਰ ਪੁੱਜੀ ਕਿ ਬਾਬਾ ਗੁਰਦਿੱਤਾ ਜੀ ਦੇ ਘਰ ਤੇ ਮਾਤਾ ਰਾਜ ਕੌਰ ਦੀ ਕੁੱਖੋਂ ਬਾਲਕ ਨੇ ਜਨਮ ਲਿਆ ਹੈ। ਆਪ ਜੀ ਨੇ ਉਸੇ ਸਮੇਂ ਬਚਨ ਕੀਤੇ : **"ਵੱਡੀ ਚੀਜ਼ ਦਾ ਗਾਹਕ ਆਇਆ ਹੈ।"** ਬਾਬਾ ਗੁਰਦਿੱਤਾ ਜੀ ਤਾਂ ਖ਼ੁਸ਼ੀ ਵਿਚ ਮਿਉਂਦੇ ਹੀ ਨਹੀਂ ਸਨ। ਬਾਲਕ ਦਾ ਤੇਜ ਝੱਲਿਆ ਨਹੀਂ ਸੀ ਜਾਂਦਾ। ਨੂਰ ਛਲ੍ਹਕਾਂ ਮਾਰਦਾ ਸੀ। ਉਸ ਦਿਨ ਜਨਵਰੀ ੩੦, ਸੰਨ ੧੬੩੦ ਤੇ ਦਿਨ ਐਤਵਾਰ ਦਾ ਸੀ। ਗੁਰੂ ਹਰਿਗੋਬਿੰਦ ਜੀ ਖ਼ਬਰ ਪਾਂਦੇ ਸਾਰ ਕੀਰਤਪੁਰ ਵੱਲ ਚੱਲ ਪਏ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਇਸ ਵਾਰੀ ਨਾਲ ਲੈ ਲਈ ਕਿਉਂਕਿ ਉਹ ਜਾਣਦੇ ਸਨ ਕਿ ਦੋਖੀਆਂ ਦੀ ਅੱਖ ਗੁਰੂ ਗ੍ਰੰਥ ਸਾਹਿਬ 'ਤੇ ਹੈ। ਕਰਤਾਰਪੁਰ (ਜਲੰਧਰ) ਬੀੜ ਨੂੰ ਸੁਰੱਖਿਅਤ ਹੱਥਾਂ ਵਿਚ ਦੇ ਕੇ ਕੀਰਤਪੁਰ ਵੱਲ ਟੁਰੇ। ਰਾਹ ਵਿਚ ਖ਼ੁਸ਼ੀਆਂ ਵੰਡਦੇ ਗਏ। ਦਾਨ ਦੇਂਦੇ ਗਏ। ਬਾਲਕ ਨੂੰ ਗੋਦ ਵਿਚ ਲੈ ਕੇ ਕਿਤਨੇ ਹੀ ਵਰ ਦਿੱਤੇ ਤੇ ਨਾਮ 'ਹਰਿ ਰਾਇ' ਰੱਖਿਆ ਤੇ ਫ਼ਰਮਾਇਆ ਕਿ ਧਰਤੀ ਦਾ ਭਾਰ ਹੌਲਾ ਕਰਨ ਲਈ ਇਹ ਸੰਸਾਰ 'ਤੇ ਆਏ ਹਨ। ਦੋ ਮਹੀਨੇ ਕੀਰਤਪੁਰ ਹੀ ਟਿਕੇ। ਉਥੇ ਹੀ ਸਨ ਕਿ ਭਾਈ ਸਾਧੂ ਦੇ ਪ੍ਰੇਮ ਦੇ ਖਿੱਚੇ ਡਰੋਲੀ ਆਏ।

**ਮਾਤਾ ਦਮੋਦਰੀ, ਸਾਈ ਦਾਸ, ਰਾਮੋ, ਦਇਆ ਕੌਰ, ਨਾਰਾਇਣ ਦਾਸ ਦਾ ਅਕਾਲ ਚਲਾਣਾ**—

ਡਰੋਲੀ ਵਿਚ ਪੁੱਜਦੇ ਹੀ ਮਾਤਾ ਦਮੋਦਰੀ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਦੱਸਿਆ ਤੇ ਗੁਰੂ ਪਤੀ ਦੀ ਅਸੀਸ ਲੈ ਕੇ ਅਕਾਲ ਚਲਾਣਾ ਕਰ ਗਏ। ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ ਤੇ ਸਭ ਨੂੰ ਨਾਮ ਜਪਣ ਦੀ ਆਗਿਆ ਕੀਤੀ। ਸਾਰੀ ਰਾਤ ਸ਼ਬਦ ਕੀਰਤਨ ਹੁੰਦਾ ਰਿਹਾ। ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ, ਭਾਈ ਜੇਠਾ ਤੇ ਭਾਈ ਬਿਧੀ ਚੰਦ ਜੀ ਨੇ ਅਰਥੀ ਮੋਢਿਆਂ 'ਤੇ ਚੁੱਕ ਕੇ ਚਿਖਾ ਤੇ ਧਰੀ।

੧. ਖ਼ੁਲਾਸਤੁਤ ਤਵਾਰੀਖ਼ ।

 www.sikhbookclub.com

ਭੈਣ ਰਾਮੋ ਦਾ ਇਤਨਾ ਪਿਆਰ ਸੀ ਕਿ ਉਸਨੇ ਵੀ ਉਸੇ ਦਿਨ ਸਵਾਸ ਦੇ ਦਿੱਤੇ[1] ਜਿਵੇਂ ਸੱਪ ਕੁੰਜ ਛਡਦਾ ਹੈ। ਰਾਮੋ ਜੀ ਦਾ ਅੰਤ ਹੁੰਦਾ ਦੇਖ, ਭਾਈ ਸਾਈ ਦਾਸ ਵੀ ਚੜ੍ਹਾਈ ਕਰ ਗਏ। ਜਦ ਪੁਸ਼ਪ ਚੁਣਦੇ ਪਏ ਸਨ ਤਾਂ ਭਾਈ ਨਾਰਾਇਣ ਦਾਸ ਤੇ ਮਾਤਾ ਦਯਾ ਕੌਰ (ਦਮੋਦਰੀ, ਰਾਮੋ ਦੇ ਮਾਪੇ) ਵੀ ਚੜ੍ਹਾਈ ਕਰ ਗਏ। ਇਤਨੀਆਂ ਮੌਤਾਂ ਸਾਹਮਣੇ ਹੋਣ 'ਤੇ ਵੀ ਗੁਰੂ ਜੀ ਧੀਰਜ ਦੀ ਮੂਰਤ ਸਨ। ਉਸ ਸਮੇਂ ਇਹ ਹੁਕਮ ਦਿੱਤਾ ਕਿ ਰੁਦਨ ਨਹੀਂ ਕਰਨਾ, ਇਹ ਸਭ ਭਾਣੇ ਵਿਚ ਹੋ ਰਿਹਾ ਹੈ। ਜਦ ਐਸੀ ਘਟਨਾ ਵਾਪਰੇ ਤਾਂ ਸਤਿਨਾਮ ਦਾ ਜਾਪ ਕਰੋ ਤੇ ਉਸੇ ਸਮੇਂ ਹੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਰੰਭ ਕਰ ਦਿਉ :

*"ਅਵਰ ਸਿਖ ਹਮਰੀ ਸੁਨ ਲੀਜੈ,*
*ਕੋਈ ਮ੍ਰਿਤਕ ਕੁਲ ਰੁਦਨ ਨ ਕੀਜੈ।*
*ਸਤਿਗੁਰ ਭਾਵੈ ਆਨੰਦ ਧਾਰੋ।*
*ਸਤਿਨਾਮ ਮੁਖ ਮੰਤ੍ਰ ਉਚਾਰੋ।*
**ਭੋਗ ਸ੍ਰੀ ਗੁਰੂ ਗਰੰਥ ਕਾ,**
**ਪਾਵੇ ਡੇਰ ਨਾ ਲਾਇ।"**
*ਮਿਲਬੇ ਤੁ ਹਰਖਹਿ ਨ ਗਿਆਨੀ,*
*ਬਿਛੜੇ ਸ਼ੋਕ ਨੂੰ ਦੁਖ ਕੋ ਜਾਣੀ।*

ਇਸ ਤਰ੍ਹਾਂ ਸਾਡੇ ਲਈ ਪੂਰਨੇ ਪਾ ਗਏ।[2]

**ਤੀਜੀ ਜੰਗ**—ਡਰੋਲੀ ਹੀ ਸਨ ਕਿ ਖ਼ਬਰ ਪੁੱਜੀ ਕਿ ਲੱਲਾ ਬੇਗ ਨੇ ਜਿਸ ਨੂੰ ਨਕਸ਼ ਬੰਦੀਆਂ ਦਾ ਮੋਢੀ ਮੁੱਜਦਦ ਅਹਿਮਦ ਸਰਹੰਦੀ ਚਿੱਠੀਆਂ ਲਿਖ ਹਮਲਾ ਕਰਨ ਲਈ ਕਹਿ ਰਿਹਾ ਸੀ ਕਿ ਕੁਫ਼ਰ ਨੂੰ ਮਿਟਾਇਆ ਜਾਏ, ਉਸ ਨੇ ਕਾਬਲ ਤੋਂ ਗੁਰੂ ਚਰਨਾਂ 'ਤੇ ਭੇਟ ਕਰਨ ਲਈ ਆਂਦੇ ਘੋੜੇ ਖੋਹ ਲਏ। ਬਿਧੀ ਚੰਦ ਜੀ ਨੂੰ ਗੁਰੂ ਜੀ ਨੇ ਥਾਪੀ ਦੇ ਕੇ ਟੋਰਿਆ।[3]

ਬਾਬਾ ਬਿਧੀ ਚੰਦ ਜੀ ਨੇ ਪਹਿਲੀ ਵਾਰੀ ਘਾਹੀ ਤੇ ਦੂਜੀ ਵਾਰੀ ਨਜੂਮੀ ਬਣ ਦੋਵੇਂ ਘੋੜੇ ਛੁਡਾ ਆਂਦੇ। ਲੱਲਾ ਬੇਗ ਨੇ ਹਮਲਾ ਬੋਲਿਆ ਤੇ ਨਥਾਣਾ ਦੇ ਅਸਥਾਨ 'ਤੇ ਨਵੰਬਰ ੧੬੩੧ ਨੂੰ ਹੀ ਗੁਰੂ ਜੀ ਹੱਥੋਂ ਮੌਤ ਦੇ ਘਾਟ ਉਤਰਿਆ।

**ਚੌਥੀ ਜੰਗ**—ਸ਼ਾਹਜਹਾਨ ਬਾਦਸ਼ਾਹ ਬਣਨ ਉਪਰੰਤ ਪਹਿਲੀ ਵਾਰ ਲਾਹੌਰ ਵੱਲ ੧੬੩੩ ਈ: ਨੂੰ ਚੱਲਿਆ ਪਰ ਰਾਹ ਵਿਚੋਂ ਹੀ ਦਿੱਲੀ ਪਰਤ ਗਿਆ। ਉਸ ਤਕ ਗੁਰੂ ਜੀ ਵਿਰੁਧ ਬਹੁਤ ਸ਼ਿਕਾਇਤਾਂ ਪਹੁੰਚਾਈਆਂ ਗਈਆਂ ਪਰ ਵਜ਼ੀਰ

---

੧. 'ਬਿਹੁ ਭੈਣ ਕੋ ਸਹਯੋ ਨਾ ਜਾਇ। (ਗੁਰਬਿਲਾਸ ਪਾਤਸ਼ਾਹੀ ਛੇਵੀਂ)

੨. ਗੁਰਬਿਲਾਸ ਪਾਤਸ਼ਾਹੀ ਛੇਵੀਂ। ਇਹ ਬਚਨ ਵੀ ਕੀਤੇ ਸਨ :
ਉਪਜ ਬਿਨਸ ਜਗ ਰੀਤ ਹੈ, ਕਰੈ ਚਿੰਤ ਅਗਿਆਨਾ।
ਹਮ ਕੋ ਸਦਾ ਅਨੰਦ ਹੈ, ਸ੍ਰੀ ਗੁਰੂ ਨਾਨਕ ਧਿਆਨਾ।੪੪੩।

੩. ਜਦ ਗੁਰੂ ਹਰਿਗੋਬਿੰਦ ਜੀ ਕਿਸੇ ਨੂੰ ਵੀ ਥਾਪੀ ਦੇਂਦੇ ਸਨ ਤਾਂ ਪੰਜ ਗੁਰੂ ਸਾਹਿਬਾਨ ਦਾ ਨਾਂ ਲੈਂਦੇ ਸਨ।

 www.sikhbookclub.com

ਖ਼ਾਨ, ਜਿਸ ਲਾਹੌਰ ਦਾ ਨਵਾਬ ਥਾਪ ਦਿੱਤਾ ਗਿਆ ਸੀ, ਉਸ ਇਹ ਕਹਿ ਕੇ ਬਾਦਸ਼ਾਹ ਨੂੰ ਚੁੱਪ ਕਰਵਾਇਆ ਕਿ ਗੁਰੂ ਕੋਈ ਮੱਲਾਂ ਨਹੀਂ ਮਾਰ ਰਹੇ। ਨਾ ਹੀ ਪਾਸ ਖ਼ਜ਼ਾਨਾ ਰੱਖਦੇ ਹਨ। ਪੀਰਾਂ ਫ਼ਕੀਰਾਂ ਨਾਲ ਬਾਦਸ਼ਾਹ ਦਾ ਵੈਰ ਸੋਭਦਾ ਨਹੀਂ। ਫ਼ਕੀਰਾਂ ਦੀਆਂ ਦੁਆਵਾਂ ਹੀ ਲੈਣੀਆਂ ਸ਼ੋਭਦੀਆਂ ਹਨ :

*"ਸੁਨਿ ਪਤਿਸ਼ਾਹ ਵਿਚਾਰ, ਪੁਨ ਫ਼ੌਜ ਪਠਾਈ ਨਾਂਹ।"*

ਵਜ਼ੀਰ ਖ਼ਾਨ ਦੋਖੀਆਂ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਪਰ ਪੈਂਦੇ ਖ਼ਾਨ ਨੇ ਜਲੰਧਰ ਦੇ ਸੂਬੇਦਾਰ ਨੂੰ ਯਕੀਨ ਦਿਲਵਾਇਆ ਹੋਇਆ ਸੀ ਕਿ ਸਾਰੀ ਸ਼ਕਤੀ ਗੁਰੂ ਦੀਆਂ ਫ਼ੌਜਾਂ ਵਿਚ ਉਸੇ ਕਰਕੇ ਹੈ। ਸੋ ਪੈਂਦੇ ਖ਼ਾਨ ਚੜ੍ਹਾਈ ਕਰ ਕੇ ਆਇਆ ਤੇ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ।

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ ਜਦ ਨਗਾਰੇ ਵੱਜੇ ਤਾਂ ਬਾਬਾ ਗੁਰਦਿੱਤਾ ਜੀ ਨੇ ਹੁਕਮ ਮੰਗਿਆ ਤਾਂ ਮਹਾਰਾਜ ਨੇ ਕਿਹਾ : 'ਅੱਜ ਯੁੱਧ ਸਾਡਾ ਹੈ ਤੁਸੀਂ ਦੇਖੋ।' ਪੈਂਦੇ ਖ਼ਾਨ ਦੀ ਮੌਤ ਉਪਰੰਤ ਬਾਬਾ ਜੀ ਨੇ ਫ਼ੌਜ ਵਿਚ ਜਦ ਘੋੜੇ ਨੂੰ ਫੇਰਿਆ ਤਾਂ ਸਭ ਦੋਖੀ ਭੱਜ ਉੱਠੇ। ਇਹ ਜੰਗ ੧੬੩੪ ਈ: ਨੂੰ ਹੋਇਆ ਸੀ। ਇਸ ਜੰਗ ਦੀ ਨਿਰਾਲੀ ਬਾਤ ਇਹ ਸੀ ਕਿ ਗੁਰੂ ਮਹਲਾਂ ਨੇ ਅੱਖੀਂ ਸਾਰਾ ਜੰਗ ਕੋਠਿਆਂ ਦੀਆਂ ਛੱਤਾਂ ਤੇ ਮਮਟੀਆਂ 'ਤੇ ਚੜ੍ਹ ਡਿੱਠਾ ਸੀ। ਗੁਰੂ ਤੇਗ਼ ਬਹਾਦਰ ਜੀ ਵੀ ਛੋਟੀ ਉਮਰ ਦੇ ਬਾਵਜੂਦ ਲੜੇ ਸਨ। ਗੁਰੂ ਹਰਿ ਰਾਇ ਜੀ ਨੇ ਵੀ ਇਹ ਜੰਗ ਅੱਖੀਂ ਡਿੱਠਾ ਸੀ।

**ਬਾਬਾ ਗੁਰਦਿੱਤਾ ਜੀ ਦਾ ਅਕਾਲ ਚਲਾਣਾ**—ਕਰਤਾਰਪੁਰ ਤੋਂ ਗੁਰੂ ਜੀ ਨੇ ਹੁਣ ਸਦੀਵੀਂ ਟਿਕਾਣਾ ਕੀਰਤਪੁਰ ਹੀ ਬਨਾਉਣ ਦਾ ਫ਼ੈਸਲਾ ਕਰ ਲਿਆ। ਬਾਬਾ ਗੁਰਦਿੱਤਾ ਜੀ ਨੂੰ ਕਿਹਾ :

*'ਦੁਬਿਧਾ ਤੁਰਕ ਸਿਉ ਲਗੀ ਹੋਈ ਹੈ,*
*ਦਰਵਾਜ਼ੇ ਉਪਰ ਲਾਹੌਰ ਹੈ।'*

ਪਹਾੜਾਂ ਵਿਚ ਪਰਚਾਰ ਦਾ ਸਦਕਾ ਜੁਰਅਤਿ ਐਸੀ ਪੈਦਾ ਹੋਈ ਕਿ ਸਭ ਨੇ ਦਿੱਲੀ ਵੱਲ ਤੱਕਣਾ ਛੱਡ ਦਿੱਤਾ। ਇਥੋਂ ਤੱਕ ਕਿ ਰਾਜੇ ਗੁਰੂ ਜੀ ਪਾਸ ਹੀ ਸਫ਼ੀਰ ਦੇ ਦੂਤ ਭੇਜਦੇ ਸਨ। ਮੁਹਸਨ ਫ਼ਾਨੀ ਨੇ ਜ਼ਿਕਰ ਕੀਤਾ ਹੈ ਕਿ ਇਕ ਪਹਾੜੀ ਰਾਜੇ ਦੇ ਦੂਤ ਨੇ ਪੁੱਛਿਆ ਕਿ ਸੁਣਿਆ ਹੈ ਕਿ ਕੋਈ ਦਿੱਲੀ ਨਾਂ ਦਾ ਸ਼ਹਿਰ ਹੈ। ਉਥੋਂ ਦੇ ਰਾਜੇ ਦਾ ਨਾਮ ਕੀ ਹੈ ਤੇ ਉਹ ਕਿਸ ਰਾਜੇ ਦਾ ਬੇਟਾ ਹੈ ?[੧]

ਬਾਬਾ ਗੁਰਦਿੱਤਾ ਜੀ ਨੇ ਪਰਚਾਰ ਦੇ ਕਾਰਜ ਨੂੰ ਇਤਨਾ ਸੰਗਠਤ ਕਰ ਦਿੱਤਾ ਸੀ ਕਿ ਪਰਚਾਰਕ ਵੀ ਜੁਰਅਤਿ ਦੀ ਮੂਰਤ ਤੇ ਸ਼ਰਧਾ ਵਿਚ ਭਿੱਜੇ ਹੋਏ ਸਨ। ਬਾਬਾ ਜੀ ਬਹੁਤ ਹੀ ਵਡਿਆਈਆਂ ਤੇ ਬਰਕਤਾਂ ਦੇ ਮਾਲਕ ਸਨ, ਪਰ ਜਿਸ ਅਜਰ ਵਸਤੂ ਨੂੰ ਪਾਉਣਾ ਸੀ, ਉਸ ਲਈ ਸਭ ਤੋਂ ਪਹਿਲੀ ਕਸਵੱਟੀ ਜਰਨਾ ਹੈ।

---

੧. ਸ਼ੁਨਦੀਮ ਦਿੱਲੀ ਨਾਮ ਸ਼ਹਿਰ ਅਸਤ॥
ਰਾਜਾਇ ਆਂ ਚਿ ਨਾਮ ਦਾਰਦ ਵ ਪਿਸਰ ਕਦਾਮ ਰਾਜ ਅਸਤ ਮਨ॥
(ਪੰਨਾ ੨੩੪, ਦਬਸਤਾਨਿ ਮਜ਼ਾਹਬ)


www.sikhbookclub.com

ਇਕ ਦਿਨ ਸ਼ਿਕਾਰ ਖੇਡਦੇ ਬਾਬਾ ਜੀ ਦੇ ਤੀਰ ਨਾਲ ਧੁੰਦਲਕੇ ਕਾਰਨ ਗਾਂ ਦਾ ਸ਼ਿਕਾਰ ਹੋ ਗਿਆ। ਗਾਂ ਨੂੰ ਸਾਹਮਣੇ ਮਰੀ ਹੋਈ ਦੇਖ ਕਮਾਨ ਦੀ ਨੋਕ ਨਾਲ ਮੁਰਦਾ ਗਊ ਨੂੰ ਜਿਵਾਲ ਦਿੱਤਾ। ਸਾਥੀ ਸਿੱਖਾਂ ਨੇ ਬੜੇ ਚਾਅ ਨਾਲ ਗੁਰੂ ਹਰਿਗੋਬਿੰਦ ਜੀ ਨੂੰ ਪੁੱਤਰ ਦੀ ਵਡਿਆਈ ਸੁਣਾਈ ਤਾਂ ਆਪ ਜੀ ਨੇ ਗੁਰਦਿੱਤਾ ਜੀ ਨੂੰ ਕੋਲ ਬੁਲਾ ਕੇ ਕਿਹਾ ਕਿ "ਇਹ ਤੁਸਾਂ ਕੀ ਕੀਤਾ ?" ਕਰਾਮਾਤਾਂ ਦਿਖਾਇ ਕੇ ਚਹਿ ਖਲਕ ਨਿਵਾਈ :

*ਮਿਤ੍ਰ ਜਿਵਾਈ ਧੇਨ ਤੁਮ,*
*ਬਲ ਨਹਿ ਸਕਹਿ ਸੰਭਾਰ। ੮੨ । (ਅਧਿਆਇ ਇੱਕੀਵਾਂ)*[1]

ਬਾਬਾ ਜੀ ਜਾਣਦੇ ਸਨ ਕਿ ਗੁਰੂ ਘਰ ਕਰਾਮਾਤ ਨੂੰ ਕਹਿਰ ਗਿਣਦਾ ਹੈ। ਕਰਾਮਾਤ ਦਿਖਾਲਣ ਕਾਰਨ ਹੀ ਪਹਿਲਾਂ ਬਾਬਾ ਅੱਟਲ ਰਾਇ ਨੇ ਸੀਸ ਦਿੱਤਾ ਸੀ ਤੇ ਹੁਣ ਗੁਰੂ ਜੀ ਨੇ ਬਹੁਤ ਗੁੱਸਾ ਮਨਾਇਆ ਹੈ। ਗੁਰੂ ਜੀ ਕਰਾਮਾਤਾਂ ਦਿਖਾਲਣਾ ਰੱਬ ਦੀ ਸ਼ਰੀਕੀ ਸਮਝਦੇ ਸਨ। ਇਕ ਵਾਰੀ ਭਾਈ ਜੇਠਾ ਜੀ ਨੇ ਵੀ ਬੜਾ ਬੋਲ ਬੋਲਿਆ ਸੀ ਤਾਂ ਆਪ ਜੀ ਨੇ ਉਸ ਨੂੰ ਇਕ ਲੋਟਾ ਪਾਣੀ ਦਾ ਵਗਦੇ ਦਰਿਆ ਵਿਚੋਂ ਲੈ ਆਉਣ ਦਾ ਹੁਕਮ ਕੀਤਾ ਸੀ। ਫਿਰ ਕਿਹਾ ਸੀ ਕਿ ਲੋਟੇ ਦੇ ਜਲ ਨੂੰ ਦਰਿਆ ਵਿਚ ਹੀ ਡੋਲ੍ਹ ਆ। ਜਦ ਉਹ ਐਸਾ ਹੀ ਕਰ ਆਇਆ ਜੈਸਾ ਗੁਰੂ ਦਾ ਫ਼ਰਮਾਨ ਸੀ, ਤਾਂ ਗੁਰੂ ਜੀ ਨੇ ਪੁੱਛਿਆ : ਕੀ ਜਲ ਦਰਿਆ ਵਿਚ ਪਾਉਣ ਨਾਲ ਦਰਿਆ ਵਿਚ ਪਾਣੀ ਵਧਿਆ ਦੇਖਿਆ ਹੈ ਤੇ ਕੱਢਣ ਨਾਲ ਘਟਿਆ, ਮਹਿਸੂਸ ਕੀਤਾ ਹੈ ? ਜੇਠਾ ਜੀ ਦੇ ' ਨਹੀਂ ਸੱਚੇ ਪਾਤਸ਼ਾਹ', ਕਹਿਣ ਤੇ ਫ਼ਰਮਾਇਆ ਸੀ : ਗੁਰੂ ਦਰਿਆ ਸਮਾਨ ਹੈ ਤੇ ਇਹ ਜੋ ਕਰਾਮਾਤਾਂ ਦਿਖਾਈ ਫਿਰਦੇ ਹਨ ਇਹ ਲੋਟੇ ਦੇ ਜਲ ਸਮਾਨ ਹਨ :

**ਕਰਾਮਾਤ ਦਿਖਰਾਵਣੀ, ਹੈ ਕਹਿਰ ਜ਼ਰੂਰੀ ।**
**ਪ੍ਰਭੁ ਰਜਾਇ ਮਿਟਾਇਕੇ, ਪਰਨੇ ਹੈ ਦੂਰੀ ।**

ਬਾਬਾ ਗੁਰਦਿੱਤਾ ਜੀ ਨਿਮਰ ਹੋ ਬਚਨ ਸੁਣਦੇ ਰਹੇ। ਚੁੱਪ ਚਪੀਤੇ ਉੱਠੇ ਤੇ ਬੁੱਢਨ ਸ਼ਾਹ ਦੀ ਸਮਾਧ ਲਾਗੇ ਜਾ ਲੇਟ ਗਏ ਤੇ ਸਵਾਸ ਚੜ੍ਹਾ ਲਏ :

*"ਕੀਓ ਧੰਨ ਨਿਜ ਦੇਹ ਤਜਾਇ।*
*ਪਰਮ ਧਾਮ ਨਿਜ ਰੂਪ ਸਮਾਇ।"*

ਗੁਰੂ ਜੀ ਨੇ ਜਦ ਸੁਣਿਆ ਤਾਂ ਆਪੂੰ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਵਰਤਾਇਆ। ਸਭ ਨੂੰ ਭਾਣੇ ਵਿਚ ਰਹਿਣ ਦੀ ਆਗਿਆ ਕੀਤੀ।

ਧੀਰ ਮੱਲ ਵਲ ਸੁਨੇਹੇ ਘੱਲੇ ਅਤੇ ਪਾਠ ਦਾ ਭੋਗ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਵੀ ਅਦਬ ਸਹਿਤ ਭੇਜਣ ਦੀ ਆਗਿਆ ਕੀਤੀ। ਨਾ ਤਾਂ ਉਹ ਆਪੂੰ ਆਇਆ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਭੇਜਿਆ।

ਗੁਰੂ ਹਰਿਗੋਬਿੰਦ ਜੀ ਨੇ ਪੱਗ (ਗੁਰੂ) ਹਰਿ ਰਾਇ ਸਿਰ ਬੰਨ੍ਹ ਦਿੱਤੀ ਤੇ ਉਨ੍ਹਾਂ ਨੂੰ ਆਪਣੀ ਦੇਖ-ਰੇਖ ਵਿਚ ਲੈ ਲਿਆ।

---

੧. ਗੁਰਬਿਲਾਸ ਪਾਤਸ਼ਾਹੀ ਛੇਵੀਂ।

 www.sikhbookclub.com

**ਸਦਾ ਸੰਗ ਰਾਖੇ**—ਭਾਵੇਂ ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਸਮੇਂ ਹੀ ਗੁਰੂ ਹਰਿਗੋਬਿੰਦ ਜੀ ਨੇ ਬਚਨ ਕਰ ਦਿੱਤੇ ਸਨ ਕਿ ਵੱਡੀ ਵਸਤੂ ਦਾ ਗਾਹਕ ਆਇਆ ਹੈ, ਪਰ ਫਿਰ ਵੀ ਉਸ ਵਸਤੂ ਨੂੰ ਵਿਹਾਝਣ ਲਈ ਘਾੜਤ ਘੜਨੀ ਆਰੰਭ ਕਰ ਦਿੱਤੀ।

(ਗੁਰੂ) ਹਰਿਰਾਇ ਜੀ ਨੂੰ ਸਾਰਾ ਦਿਨ ਤੇ ਸਭ ਸਮੇਂ ਨਾਲ ਹੀ ਰੱਖ ਕੇ ਆਪ ਹੀ ਪੜ੍ਹਾਂਦੇ ਲਿਖਾਂਦੇ; ਸ਼ਸਤ੍ਰ ਵਿਦਿਆ ਸਿਖਾਲਦੇ, ਘੋੜ ਸਵਾਰੀ ਕਰਾਂਦੇ। ਕੀਰਤਨ ਹੁੰਦੇ, ਵਾਰਾਂ ਗਾਂਦੇ ਕੋਲ ਹੀ ਬਿਠਾਂਦੇ। ਇਥੋਂ ਤੱਕ ਕਿ ਜਦ ਕਥਾ ਤਖ਼ਤ 'ਤੇ ਬੈਠ ਕੇ ਆਪੂੰ ਕਰਦੇ, ਉਸ ਵਕਤ ਵੀ ਕੋਲ ਹੀ ਬਿਠਾਲਦੇ :

*ਜਬ ਗੁਰ ਬੈਠ ਦੀਵਾਨ ਮੇਂ,*
*ਭਾਖਤ ਕਥਾ ਵੈਰਾਗ।*
*ਸਦਾ ਸੰਗ ਰਾਖੈ ਪ੍ਰਭੁ,*
*ਹਰਿ ਰਾਇ ਬਡ ਭਾਗ।।੩੨੫।।*

(ਗੁਰੂ) ਹਰਿ ਰਾਇ ਜੀ ਜ਼ਰਾ ਵੀ ਆਰਾਮ ਨਾ ਕਰਦੇ ਸਗੋਂ ਜਦ ਵੀ ਸਮਾਂ ਮਿਲਦਾ ਸੇਵਾ ਵਿਚ ਜੁੱਟ ਜਾਂਦੇ। ਲੰਗਰ ਪਾਉਣ ਸਮੇਂ ਗੁਰੂ ਜੀ ਜਦ ਬੈਠਦੇ ਤਾਂ ਨਾਲ ਹੀ ਬਿਠਾਲ ਲੈਂਦੇ। ਆਪਣੀ ਥਾਲੀ ਵਿਚੋਂ 'ਸੀਤ ਪ੍ਰਸ਼ਾਦ' ਵੀ ਦੇਂਦੇ :

*"ਹਰੀ ਰਾਇ ਕੋ ਨਿਕਟ ਬਹਾਵੈ,*
*ਸੀਤ ਭੋਗ ਦੇ ਹਰਖ ਧਰਾਵੈ।"*

ਆਪ ਜੀ ਨਾਲ ਗਿਆਨ, ਵੈਰਾਗ, ਤੱਤ ਮੂਲ ਤੇ ਸੱਚ ਦੀ ਚਰਚਾ ਵੀ ਕਰਦੇ ਰਹਿੰਦੇ।

**ਕੋਮਲ ਹਿਰਦੇ ਦੇ ਪ੍ਰਭਾਵ**—ਕਿਤਨਾ ਕੁ ਪ੍ਰਭਾਵ (ਗੁਰੂ) ਹਰਿ ਰਾਇ ਜੀ ਕਬੂਲ ਰਹੇ ਸਨ ਇਸ ਦਾ ਕੁਝ ਕੁ ਪਤਾ ਉਹਨਾਂ ਸਾਖੀਆਂ ਤੋਂ ਲੱਗ ਸਕਦਾ ਹੈ, ਜੋ (ਗੁਰੂ) ਹਰਿ ਰਾਇ ਜੀ ਸਾਹਮਣੇ ਤੇ ਉਨ੍ਹਾਂ ਨਾਲ ਵਾਪਰ ਰਹੀਆਂ ਸਨ।

ਗੁਰੂ ਹਰਿਗੋਬਿੰਦ ਜੀ ਦਾ ਕਰਮ ਸੁਭਾਅ ਸੀ ਕਿ ਲੰਗਰ ਪਾਉਣ ਵੇਲੇ ਆਪਣੀ ਥਾਲੀ ਵਿਚੋਂ ਹੀ ਕੁਝ ਗ੍ਰਾਹੀਆਂ ਕੱਢ ਪੰਛੀਆਂ ਨੂੰ ਜ਼ਰੂਰ ਚੋਗ ਚੁਗਾਂਦੇ। ਕਈ ਪੰਛੀ ਇੱਕਠੇ ਹੋ ਜਾਂਦੇ ਤੇ ਕਈ ਵਾਰੀ ਤਾਂ ਇਤਨੀ ਨੇੜੇ ਕਿ ਸੰਭਾਲਣਾ ਵੀ ਮੁਸ਼ਕਲ ਹੋ ਜਾਂਦਾ। ਪਰ ਧੀਰਜਵਾਨ ਗੁਰੂ ਜੀ ਕਿਸੇ ਵੀ ਪੰਛੀ ਨੂੰ ਨਾ ਹੋੜਦੇ। ਲਾਂਗਰੀ ਸੇਵਾਦਾਰ ਹਟਾਂਦਾ ਰਹਿੰਦਾ। ਇਕ ਭਾਈ ਕਾਕੂ ਨਾਂ ਦੇ ਲਾਂਗਰੀ ਨੇ ਇਕ ਕਾਂ ਨੂੰ ਕਈ ਵਾਰੀ ਹਟਾਇਆ ਪਰ ਉਹ ਟੱਪ ਟੱਪ ਥਾਲ 'ਤੇ ਪਵੇ। ਕਾਕੂ ਨੇ ਗੁਲੇਲ ਨਾਲ ਮਾਰਿਆ ਤੇ ਉਹ ਜ਼ਖ਼ਮੀ ਹੋ ਗਿਆ। ਕਾਂ ਅਗਲੇ ਦਿਨ ਜਦ ਨੇੜੇ ਆਇਆ ਤਾਂ ਮਹਾਰਾਜ ਨੇ ਪੁੱਛਿਆ ਕਿ ਇਸ ਨੂੰ ਕੀ ਹੋਇਆ ਹੈ ? ਦੱਸਣ 'ਤੇ ਕਿ ਸੇਵਾਦਾਰ ਨੇ ਗੁਲੇਲ ਦੀ ਢੀਮ ਮਾਰੀ ਹੈ ਤਾਂ ਬੜੇ ਗੁੱਸੇ ਹੋਏ। ਫੱਟੜ ਕਾਂ ਦਾ ਇਲਾਜ ਕੀਤਾ ਤੇ ਨਰੋਆ ਕਰ ਕੇ ਹੱਥੀਂ ਚੋਗ ਪਾਈ। ਗੁਰੂ ਹਰਿ ਰਾਇ ਜੀ 'ਤੇ ਅਜਿਹਾ ਪ੍ਰਭਾਵ ਪਿਆ ਕਿ ਉਹ ਸ਼ਿਕਾਰ 'ਤੇ ਜਾਂਦੇ ਪਰ ਜ਼ਿੰਦਾ ਹੀ ਸ਼ਿਕਾਰ ਪਕੜ ਕੇ ਲਿਆਂਦੇ। ਜੇ ਕੋਈ ਫੱਟੜ ਹੋ ਜਾਂਦਾ ਤਾਂ ਉਸ ਦੀ ਮਰਹਮ ਪੱਟੀ ਆਪ

 www.sikhbookclub.com

ਕਰਦੇ। ਸਾਰੀ ਜ਼ਿੰਦਗੀ ਦਾ ਹੀ ਇਹ ਸੁਭਾਅ ਬਣ ਗਿਆ।

ਗਵਾਹੀ ਵੀ ਹੈ :

*ਬਨ ਪਸ ਪੰਖੀ ਖੇਦ ਬਸ ਕਰੇ।*
*ਕੋਊ ਨ ਮਾਰੇਂ ਜੀਵਤ ਛਰੇਂ।੧੮।।*[1]

ਗੁਰੂ ਹਰਿਗੋਬਿੰਦ ਜੀ ਦੀ ਨਿਮ੍ਰਤਾ, ਦਲੇਰੀ, ਸਿੱਖਾਂ ਨਾਲ ਪਿਆਰ, ਸੰਜਮ ਦੀ ਛਾਪ ਨਿੱਤ ਉਨ੍ਹਾਂ 'ਤੇ ਪੈ ਰਹੀ ਸੀ। ਉਹ ਦੇਖਦੇ ਸਨ ਕਿ ਉਂਝ ਤਾਂ ਗੁਰੂ ਜੀ ਉਨ੍ਹਾਂ ਨੂੰ ਹਰ ਸਮੇਂ ਨਾਲ ਰੱਖਦੇ ਹਨ ਪਰ ਜਦ ਪਾਠ ਕਰਦੇ ਹਨ ਤਾਂ ਉਸ ਸਮੇਂ ਕੋਲ ਕਿਸੇ ਨੂੰ ਨਹੀਂ ਬੈਠਣ ਦੇਂਦੇ।[2] ਸ਼ਬਦ ਵਿਚ ਹੀ ਲੀਨ ਹੋ ਜਾਂਦੇ ਹਨ। ਫਿਰ ਸ਼ਸਤਰਾਂ ਨੂੰ ਆਪ ਬੜਾ ਆਦਰ ਦੇਂਦੇ ਹਨ। ਆਪੂੰ ਰੁਮਾਲ ਨਾਲ ਪੂੰਝ ਕੇ ਅੰਗ ਲਗਾਂਦੇ ਹਨ। ਉਪਦੇਸ਼ ਬਾਣੀ ਵਿਚੋਂ ਤੇ ਸਦਾ ਸੰਗਤ ਨੂੰ ਕਹਿੰਦੇ ਕਿ ਸ਼ਬਦ ਦੀ ਬੇੜੀ ਚੜ੍ਹਿਆਂ ਹੀ ਭਵ ਸਾਗਰ ਪਾਰ ਹੋ ਸਕੀਦਾ ਹੈ।[3]

ਕਿਤਨੇ ਹੀ ਸਾਧੂ, ਫ਼ਕੀਰ, ਸੰਤ, ਮਹਾਤਮਾ, ਪ੍ਰਭੂ ਰਾਹ ਦੇ ਢੂੰਡਾਊ ਉਨ੍ਹਾਂ ਪਾਸ ਆਂਦੇ ਸਨ। ਦੋ ਬਚਨ ਹੀ ਆਖ ਸਭ ਦੀ ਗੁਰੂ ਜੀ ਤਸੱਲੀ ਕਰਾ ਦੇਂਦੇ। ਇਕ ਸੱਜਣ ਨੇ ਦੁਨੀਆਂ ਦੀ ਅਸਲੀਅਤ ਅਤੇ ਵਾਹਿਗੁਰੂ ਦੀ ਹੋਂਦ ਬਾਰੇ ਪੁੱਛਿਆ ਤਾਂ ਛਟਮ ਪੀਰ ਨੇ ਕਿਹਾ ਕਿ ਸਭ ਕੂੜ ਦਾ ਪਸਾਰਾ ਹੈ। ਸਿਰਫ਼ ਹਕੀਕਤ ਖ਼ੁਦਾ ਹੈ। ਇਹ ਬੁੱਤ ਦੇ ਦੇਵਤੇ ਸਭ ਖ਼ਿਆਲੀ ਚੀਜ਼ਾਂ ਹਨ। ਗੁਰੂ ਹਰਿਗੋਬਿੰਦ ਜੀ ਗੁਰੂ ਨਾਨਕ ਜੀ ਦਾ ਇਹ ਸ਼ਬਦ ਵਿਸ਼ੇਸ਼ ਕਰਕੇ ਪੜ੍ਹਦੇ ਸਨ :

*ਛੋਡਹੁ ਪ੍ਰਾਣੀ ਕੂੜ ਕਬਾੜਾ।*
*ਕੂੜੁ ਮਾਰੇ ਕਾਲੁ ਉਛਾਹਾੜਾ।*
*ਸਾਕਤ ਕੂੜਿ ਪਚਹਿ ਮਨਿ ਹਉਮੈ,*
*ਦੁਹੁ ਮਾਰਗਿ ਪਚੈ ਪਚਾਈ ਹੇ।*

ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰੂ ਸਾਹਿਬ ਬੜਾ ਆਦਰ ਦੇਂਦੇ।

ਕਿਤਨੇ ਰਾਜਿਆਂ ਨੇ ਵੀ ਗੁਰੂ ਜੀ ਦੀ ਸ਼ਰਨ ਤੱਕੀ ਸੀ ਜਿਨ੍ਹਾਂ ਵਿਚ ਪ੍ਰਤਾਪ ਸਿੰਘ, ਜੈਪੁਰ ਦੇ ਰਾਣਾ ਸ਼ਿਵ ਸਿੰਘ, ਜੈਸਲਮੇਰ ਦੇ ਰਾਜੇ ਹੇਮੂ ਦਾ ਪੋਤਰਾ ਮੰਗਲ ਸ਼ਾਹ। ਗੱਲ ਕੀ, "ਜੋ ਆਵੈ ਤਿਸ ਕੋ ਗੁਰੁ ਨਿਜ ਸਰਣ ਰਖਾਵੈ।" ਹਰ ਵੇਲੇ ਮੇਲਾ ਲੱਗਾ ਰਹਿੰਦਾ ਸੀ ਪਰ ਆਪ ਜੀ ਸਦਾ ਨਿਜ ਘਰ ਟਿਕੇ ਰਹਿੰਦੇ ਸਨ।

**ਦਾਮਨ ਸੰਕੋਚ ਚਲੋ**—ਗੁਰੂ ਹਰਿਗੋਬਿੰਦ ਜੀ ਜੋ ਵੀ ਬਚਨ ਕਰਦੇ (ਗੁਰੂ) ਹਰਿ ਰਾਇ ਜੀ ਉਨ੍ਹਾਂ 'ਤੇ ਨਾ ਸਿਰਫ਼ ਟੁਰਦੇ ਸਗੋਂ ਪਹਿਰਾ ਦਿੰਦੇ। ਇਕ ਸਮਾਂ ਐਸਾ ਹੋਇਆ ਕਿ ਗੁਰੂ ਜੀ ਅਤੇ ਹਰਿ ਰਾਇ ਜੀ ਬਾਗਾਂ ਦੀ ਸੈਰ ਨੂੰ ਜਾ ਰਹੇ ਸਨ। ਬੇ ਮੌਸਮਾ ਇਕ ਫੁੱਲ ਖਿੜਿਆ ਦੇਖ ਆਪ ਜੀ ਨੇ ਫੁੱਲ ਤੇ ਮਾਲੀ ਦੀ ਸਰਾਹਣਾ ਕੀਤੀ। ਜਦ ਸੈਰ ਤੋਂ ਵਾਪਸ ਮੁੜੇ ਤਾਂ ਫੁੱਲ ਨੂੰ ਟਾਹਣੀ ਨਾਲ ਨਾ ਦੇਖ

---

੧. ਮਹਿਮਾ ਪ੍ਰਕਾਸ਼, ਚਰਨ ਸੱਤਵਾਂ, ਸਾਖੀ ।੨।

੨. ਤਵਨ ਸਮੇਂ ਕੋਈ ਨਿਕਟ ਨਾ ਆਵੈ।

੩. ਸ਼ਬਦ ਨਾਵ ਭਵਜਲ ਤਰੇ।

 www.sikhbookclub.com

ਅਸਚਰਜ ਹੋਏ ਤੇ ਪੁੱਛ ਬੈਠੇ ਕਿ ਫੁੱਲ ਕਿਥੇ ਗਿਆ ? ਅੰਗ ਰਖਸ਼ਕ ਨੇ ਕਿਹਾ, ਆਪ ਜੀ ਦੇ ਪੋਤਰੇ ਦੇ ਕਲੀਆਂ ਵਾਲੇ ਚੋਲੇ ਨਾਲ ਅੜ ਕੇ ਡਿੱਗ ਪਿਆ ਸੀ ਤੇ ਪੈਰਾਂ ਹੇਠਾਂ ਮਸਲਿਆ ਗਿਆ। ਗੁਰੂ ਹਰਿਗੋਬਿੰਦ ਜੀ ਨੇ ਪਾਸ ਬੁਲਾਇਆ ਤੇ ਕੇਵਲ ਇਤਨਾ ਫ਼ਰਮਾਇਆ : '**ਦਾਮਨ ਸੰਕੋਚ ਚਲੋ**।' ਜਾਮਾ ਵੱਡਾ ਪਹਿਨਿਆ ਹੋਵੇ ਤਾਂ ਸੰਭਾਲ ਕੇ ਟੁਰੋ। ਕੁਝ ਪ੍ਰਾਪਤ ਹੋ ਜਾਏ ਤਾਂ ਦੂਜਿਆਂ ਨੂੰ ਮੋਢੇ ਨਾ ਮਾਰੋ। ਪਾ ਕੇ ਜਰਨਾ ਹੀ ਗੁਰੂ ਘਰ ਦੀ ਉਚਿਤਤਾ ਹੈ। ਇਹ ਬਚਨ (ਗੁਰੂ) ਹਰਿ ਰਾਇ ਜੀ ਨੇ ਪੱਲੇ ਬੰਨ੍ਹ ਲਿਆ ਤੇ ਸਾਰੀ ਉਮਰ ਹੀ **ਜਬ ਕਬ ਚਲੋ ਸੰਕੋਚ** ਤੇ ਸੰਜਮ ਧਾਰੀ ਰਖਿਆ। ਇਤਿਹਾਸਕਾਰ ਇਸੇ ਲਈ ਵਡਿਆਈ ਕਰਦੇ ਲਿਖਦੇ ਹਨ :

*ਅਲਪ ਉਮਰ ਮੈ ਬਡ ਮਤਿ ਪਾਈ।*
*ਲੋਇ ਰਿਝਾਇ ਸੇਵ ਜਗ ਸਾਂਈ।*

**ਸੁਭਾਅ**—(ਗੁਰੂ) ਹਰਿ ਰਾਇ ਜੀ ਦੀ ਬਾਲ ਲੀਲਾ ਦੇਖ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਤੇ ਹੁਣ ਸੰਗਤਾਂ ਵਿਚ ਹਰਿ ਰਾਇ ਜੀ ਦੀ ਸੋਭਾ ਕਰਦੇ। (ਗੁਰੂ) ਹਰਿ ਰਾਇ ਪ੍ਰੇਮ ਦੀ ਮੂਰਤ ਸਨ। ਭਗਤੀ ਸਰੂਪ ਵੈਰਾਗ ਉਨ੍ਹਾਂ ਦ੍ਰਿੜ੍ਹ ਕਰ ਲਿਆ ਸੀ, ਸਦਾ ਰਜ਼ਾ ਵਿਚ ਰਹਿੰਦੇ ਤੇ ਗਿਆਨ ਦੀ ਕੋਈ ਗੱਲ ਕਰਦੇ ਤਾਂ ਰਸ ਪੈਦਾ ਕਰ ਦੇਂਦੇ। "**ਮੋਦਕ ਗਿਆਨ**" ਦਾ ਸ਼ਬਦ ਮਹਿਮਾ ਪ੍ਰਕਾਸ਼ ਨੇ ਵਰਤਿਆ ਹੈ। ਚਿਤ ਟਿਕਿਆ ਤੇ ਚਿਹਰੇ 'ਤੇ ਸ਼ਾਂਤੀ ਵਸਦੀ ਹਰ ਕੋਈ ਦੇਖ ਸਕਦਾ ਸੀ। ਨਿਰ-ਵਿਕਲਪ ਤੇ ਅਨਭੈ ਛਬਿ ਸੀ। ਉਨਮਨੀ ਅਵਸਥਾ ਸੀ ਤੇ ਕੀਰਤਨ ਕਰਦੇ ਤੇ ਸੁਣਦੇ ਸ਼ਬਦ ਦਾ ਰੂਪ ਹੀ ਦਿਸਦੇ ਸਨ।

ਇਤਨੇ ਨਿਮ੍ਰ ਸਨ ਕਿ ਸਦਾ ਅੱਖ ਨੀਵੀਂ ਤੇ ਗੁਰੂ ਦੇ ਚਰਨਾਂ ਵੱਲ ਧਿਆਨ ਰੱਖਦੇ।

'ਲਰਕਾਪਨ ਜੈ ਜਪ ਤਾਪਨ ਮੈ ਲਗਿ ਆਪਨ ਮੇ ਦਿਢ ਕੀਨ ਸਹੀ।'

'ਗੁਰਦੇਵ ਪਿਤਾਮਹਿ ਕੀ 'ਕਰ ਸੇਵ' ਮਾਨ ਪ੍ਰਾਪਤ ਕੀਤੇ ਅਤੇ ਉੱਚ ਪਦਵੀ ਲਈ। ਇਸੇ ਨਿਮ੍ਰਤਾ ਨੂੰ ਹੀ ਫਲ ਲੱਗਾ ਅਤੇ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਨਿਰਣਾ ਦੱਸ ਦਿੱਤਾ ਕਿ ਇਸ ਭਾਰੀ ਜ਼ਿੰਮੇਵਾਰੀ ਨੂੰ ਚੁੱਕਣ ਯੋਗ ਗੁਰੂ ਹਰਿ ਰਾਇ ਜੀ ਹੀ ਹਨ।


www.sikhbookclub.com

# ੩
# ਪੋਤਰਾ ਪਰਵਾਣੁ

**ਬਾਬਾ ਧੀਰ ਮੱਲ ਦੀ ਈਰਖਾ**—ਜਦ ਇਹ ਪ੍ਰਗਟ ਹੋ ਗਿਆ ਕਿ ਗੁਰ ਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਸੌਂਪਣ ਦਾ ਫ਼ੈਸਲਾ ਕਰ ਲਿਆ ਹੈ ਤਾਂ **ਬਾਬਾ ਧੀਰ ਮੱਲ** ਨੇ ਸਾਜ਼ਸ਼ਾਂ ਅਰੰਭ ਕਰ ਦਿੱਤੀਆਂ। ਈਰਖਾ ਦੀ ਅੱਗ ਵਿਚ ਤਾਂ ਪਹਿਲਾਂ ਹੀ ਸੜ ਰਹੇ ਮਨ ਪਰ ਹੁਣ ਲਾਹੌਰ ਤੇ ਦਿੱਲੀ ਵੱਲ ਵੇਖਣ ਲੱਗ ਪਏ। ਗੁਰੂ ਜੀ ਨੇ ਕਈ ਵਾਰੀ ਕੀਰਤਪੁਰ ਬੁਲਾਇਆ, ਪਰ ਉਹਨਾਂ ਆਉਣਾ ਕੀ ਸੀ ਸਗੋਂ ਇਹ ਕਹਿਲਾ ਭੇਜਿਆ ਕਿ 'ਸਭ ਕੁਝ ਬਲ ਨਾਲ ਹਾਸਲ ਕਰਾਂਗਾ।' **ਧੀਰ ਮੱਲ** ਨੂੰ ਇਹ ਖ਼ਿਆਲ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਉਸ ਪਾਸ ਹੋਣ ਕਾਰਨ ਸਿੱਖਾਂ ਵਿਚ ਭੁਲੇਖਾ ਪਾਇਆ ਜਾ ਸਕੇਗਾ ਪਰ ਉਹ ਭੁੱਲ ਗਏ ਕਿ ਸੰਗਤਾਂ ਨੂੰ ਕੋਈ ਵਰਗਲਾ ਨਹੀਂ ਸੀ ਸਕਦਾ। ਹਰ ਕੋਈ ਜਾਣਦਾ ਸੀ ਕਿ 'ਆਦਿ ਜੁਗਾਦਿ ਬਖੀਲੀ' ਕਿਸੇ ਦਾਤ ਨਹੀਂ ਪਾਈ। ਇਹ ਤਾਂ ਪਰਮੇਸ਼ਰ ਵਲੋਂ ਹੁੰਡੀ ਸੀ ਤੇ ਸਦਾ ਸੇਵਕ ਨੂੰ ਹੀ ਤਾਰੀ ਜਾਣੀ ਸੀ। ਇਥੇ ਪੁੱਤਰ, ਪੋਤਰੇ, ਜਵਾਈ, ਰਿਸ਼ਤੇਦਾਰ, ਵੱਡੇ ਛੋਟੇ ਦੀ ਗੱਲ ਨਹੀਂ। ਨਾ ਹੀ ਗੁਰ-ਗੱਦੀ ਕੋਈ ਮੱਲਾਂ ਮਾਰਨ ਦਾ ਸਾਧਨ ਹੈ। ਇਹ ਕੋਈ ਦੁਨਿਆਵੀ ਵਿਰਾਸਤ ਜਾਂ ਐਸ਼ਾਂ ਦਾ ਵਸੀਲਾ ਨਹੀਂ। ਗੁਰਤਾ ਤਾਂ ਆਤਮ ਪਦ ਪ੍ਰਾਪਤ ਕਰ, ਆਪਾ ਵਾਰ, ਨਿਜ ਸੁੱਖਾਂ ਨੂੰ ਤਿਆਗ ਸ੍ਰਿਸ਼ਟੀ ਦੇ ਉਧਾਰ ਲਈ ਜੁੱਟ ਜਾਣਾ ਹੈ।

ਸ਼ਾਹੀ ਰੋਹਬ ਦੀ ਗੱਲ ਜਦ ਗੁਰੂ ਜੀ ਪਾਸ ਪਹੁੰਚਾਈ ਤਾਂ ਉਨ੍ਹਾਂ ਕਿਹਾ ਕਿ ਧੀਰ ਮੱਲ ਨੂੰ ਕੁਝ ਕਹਿਣ ਦੀ ਲੋੜ ਨਹੀਂ। ਦੋ ਬਿਰਤੀਆਂ ਹਨ। ਇਕ ਸਿੰਘ ਤੇ ਦੂਜੀ ਸੱਗ। ਸੱਗ ਬਿਰਤੀ ਹੈ ਕੁੱਤੇ ਸਮਾਨ। ਕੁੱਤੇ ਨੂੰ ਜਦ ਕੋਈ ਸੋਟੀ ਮਾਰੇ ਉਹ ਸੋਟੀ ਨੂੰ ਪਵੇਗਾ ਪਰ ਸ਼ੇਰ ਨੂੰ ਜਦ ਸੋਟੀ ਮਾਰੋ ਉਹ ਸੋਟੀ ਮਾਰਨ ਵਾਲੇ ਤੇ ਝਪਟੇਗਾ। ਧੀਰ ਮੱਲ ਦਾ ਕੀ ਕਸੂਰ ਉਹ ਕਿਸੇ ਦੀ ਸ਼ਹਿ 'ਤੇ ਘੂਰ ਰਿਹਾ ਹੈ। ਧੀਰ ਮੱਲ ਵੱਲ ਵੇਖਣ ਦੀ ਹੀ ਲੋੜ ਨਹੀਂ।

*ਸਵਾਨ ਬ੍ਰਿਤੀ ਸਦ ਹੀ ਦੁਖਦਾਈ,*
*ਕੇਹਰ ਬ੍ਰਿਤੀ ਸੁਖਦ ਮਹਾਈ ੬੭।*[1]

---

੧. ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੨੭।


www.sikhbookclub.com

ਧੀਰ ਮੱਲ ਨੂੰ ਸੁਨੇਹਾ ਘੱਲ ਦਿੱਤਾ ਕਿ :

*"ਇਹ ਸੇਵਕ ਕੀ ਚੀਜ਼ ਹੈ, ਕੋਈ ਨ ਈਰਖ ਪਾਇ।*
*ਕਰ ਸੇਵਾ ਸੋਈ ਲਹੈ, ਸ੍ਰੀ ਗੁਰ ਹਰਖ ਧਰਾਇ।"*

**ਦੀਪਕ ਪ੍ਰਕਾਸ਼ ਦੀਪ ਸੋ ਕਰਾ**—ਹੋਲੀ ਦੇ ਦਿਨ ਸਨ। ਸਭ ਪਾਸੇ ਖੁਸ਼ੀ ਖਿੜੀ ਸੀ। ਸੰਗਤਾਂ ਨੂੰ ਇਸ ਵਾਰੀ ਗੁਰੂ ਜੀ ਨੇ ਉਚੇਚਾ ਬੁਲਾਇਆ ਸੀ। ਤਿੰਨ ਦਿਨ ਸੰਗਤਾਂ ਅਨੰਦ ਮਾਣਦੀਆਂ ਰਹੀਆਂ। ਢਾਡੀ ਵਾਰਾਂ ਗਾ ਸਭ ਵਿਚ ਨਿਰਾਲੀ ਜੁਅਰਤਿ ਭਰਦੇ ਰਹੇ। ਚੌਥੇ ਦਿਨ ਸਭ ਨੂੰ ਦਰਬਾਰ ਵਿਚ ਬੁਲਾਇਆ। (ਗੁਰੂ) ਹਰਿ ਰਾਇ ਜੀ ਦੀ ਛਬਿ ਕਿਸੇ ਕੋਲੋਂ ਝੱਲੀ ਨਹੀਂ ਸੀ ਜਾਂਦੀ। ਉਮਰ ਬੇਸ਼ੱਕ ਛੋਟੀ ਸੀ ਪਰ ਚਿਹਰੇ ਦੀ ਸ਼ਾਂਤੀ ਤੇ ਨੂਰ ਤੋਂ ਨਿਰਾਲੀ ਛਬਿ ਛਾ ਰਹੀ ਸੀ :

*ਉਮਰ ਨਵੀਨ ਮ੍ਰਿਦਲ, ਨਿਮ੍ਰ, ਅਤਿ,*
*ਸੁੰਦਰ ਸ਼ਾਂਤ ਸਰੂਪੰ।*
*ਨੂਰ ਜਹੂਰ ਭੂਰ ਮੁਖ ਦਮਕਤ,*
*ਸਮ ਸਸ ਸਦਨ ਅਨੂਪੰ।*

ਇੰਝ ਲਗਦਾ ਸੀ ਕਿ ਇਕ ਦੀਵਾ ਦੂਜੇ ਨੂੰ ਰੌਸ਼ਨੀ ਦੇ ਰਿਹਾ ਹੈ।

ਆਸਾ ਦੀ ਵਾਰ ਦੇ ਕੀਰਤਨ ਪਿੱਛੋਂ ਗੁਰੂ ਜੀ ਆਪਣੇ ਸਿੰਘਾਸਣ ਤੋਂ ਉੱਠੇ ਤੇ ਤਖ਼ਤ 'ਤੇ ਗੁਰੂ ਹਰਿ ਰਾਇ ਜੀ ਨੂੰ ਬਿਠਾਲਿਆ। ਸ਼ਬਦ ਦੀ ਥਾਪਣਾ ਕੀਤੀ। ਪੰਜ ਪੈਸੇ ਤੇ ਨਿਰੇਲ ਰੱਖ ਕੇ ਮੱਥਾ ਟੇਕਿਆ। ਪ੍ਰਕਰਮਾ ਕੀਤੀ ਅਤੇ ਭਾਨਾ ਜੀ ਨੇ ਕੇਸਰ ਦਾ ਤਿਲਕ ਲਗਾਇਆ[1] ਅਤੇ ਸਭ ਨੂੰ ਸੁਣਾ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ :

*"ਇਨਕੋ ਮਮ ਸਮ ਮਾਨਯੋ।"*

ਸਾਰਿਆਂ ਨੂੰ ਮੱਥਾ ਟੇਕਣ ਦਾ ਹੁਕਮ ਦਿੱਤਾ। ਕਮਾਲ ਇਹ ਸੀ ਕਿ ਸਾਰੇ ਪੁੱਤਰਾਂ, ਬਾਬਾ ਅਣੀ ਰਾਇ, ਬਾਬਾ ਸੂਰਜ ਮੱਲ ਤੇ (ਗੁਰੂ) ਤੇਗ਼ ਬਹਾਦਰ ਜੀ ਨੇ ਬੜੀ ਸ਼ਰਧਾ ਨਾਲ ਵਾਕ ਸੁਣਦੇ ਹੀ ਬੰਦਨਾ ਕੀਤੀ :

*"ਰਾਗ ਰੋਖ ਬਿਨ ਤੀਨੋ ਪੁਤਰਨ,*
*ਝਟ ਉਠ ਬੰਦਨ ਠਾਨਯੋ।"*

ਇਹ ਅੰਤਰ ਹੁਣ ਧਿਆਨ ਦੇਣ ਵਾਲਾ ਹੈ। ਪਹਿਲਿਆਂ ਸਮਿਆਂ ਪੁੱਤਰਾਂ ਕੌਲ ਨਾ ਪਾਲੇ, ਕੰਨ ਮਰੋੜੇ, ਸਟਪਟਾਏ, ਕਈ ਉੱਠ ਕੇ ਚਲੇ ਗਏ, ਕਈਆਂ ਨੇ ਅਲੱਗ ਗੱਦੀਆਂ ਲਗਾ ਲਈਆਂ, ਕਈਆਂ ਦੇਹੁਰੇ ਬਣਾ ਲਏ ਪਰ ਹੁਣ ਹੋਰ ਸਮੇਂ ਆ ਗਏ ਸਨ। ਪੁੱਤਰਾਂ, ਸਿੱਖਾਂ, ਸੰਗਤਾਂ, ਮਸੰਦਾਂ ਨੇ ਜਿਵੇਂ ਸ਼ਰਧਾ ਪ੍ਰਗਟਾਈ, ਇਹ ਦਰਸਾ ਰਿਹਾ ਸੀ ਕਿ ਹਰ ਸਿੱਖ ਨੂੰ ਦ੍ਰਿੜ੍ਹ ਹੋ ਗਿਆ ਸੀ ਕਿ ਗੁਰੂ ਸਰੀਰ ਨਹੀਂ, ਜੋਤ ਹੈ ਤੇ ਇਹ ਜੋਤ ਜਿਸ ਵਿਚ ਉਹ ਆਪ ਧਰਦੇ ਹਨ, ਉਹ ਹੀ ਪੂਜਣ-ਯੋਗ

੧. ਸਾਹਿਬ ਭਾਨੇ ਤਿਲਕ ਕਰਾਯੋ।
ਗੁਰੂ ਹਰਿ ਰਾਇ ਭਾਲ ਛਬ ਛਾਯੋ। (ਗੁਰਬਿਲਾਸ ਪਾਤਸ਼ਾਹੀ ਛੇਵੀਂ)

 www.sikhbookclub.com

ਹੈ। ਮੁਹਸਨ ਫ਼ਾਨੀ, ਜੋ ਉਨ੍ਹਾਂ ਦਿਨਾਂ ਵਿਚ ਕੀਰਤਪੁਰ ਹੀ ਸੀ, ਨੇ ਵੀ ਲਿਖਿਆ ਕਿ "ਸਿੱਖਾਂ ਦਾ ਇਹ ਖ਼ਿਆਲ ਪੱਕਾ ਹੈ ਕਿ ਗੁਰੂ ਨਾਨਕ ਦੇਹ ਨਹੀਂ ਸਨ ਰੱਖਦੇ, ਕੇਵਲ ਆਪਣੀ ਕੁਦਰਤ ਹੀ ਦਿਖਾਲਦੇ ਰਹੇ। **ਜਦ ਉਨ੍ਹਾਂ ਸਰੀਰ ਤਿਆਗਿਆ ਤਾਂ ਜੋਤ ਗੁਰੂ ਅੰਗਦ ਵਿਚ ਪ੍ਰਵੇਸ਼ ਕਰ ਗਈ।** ਉਪਰੰਤ ਗੁਰੂ ਅੰਗਦ ਪ੍ਰਲੋਕ ਗਮਨ ਵੇਲੇ ਗੁਰੂ ਅਮਰ ਦਾਸ ਜੀ ਦੇ ਜਾਮੇ ਵਿਚ ਸਮਾ ਗਏ। ਉਸੇ ਢੰਗ ਨਾਲ ਗੁਰੂ ਅਮਰ ਦਾਸ, ਰਾਮ ਦਾਸ ਜੀ ਦੇ ਬਦਨ ਵਿਚ ਬਿਰਾਜ ਗਏ ਅਤੇ ਰਾਮ ਦਾਸ ਵੀ ਇਤਿ ਬਿਧਿ ਗੁਰੂ ਅਰਜਨ ਨਾਲ ਇਕ ਮਿਕ ਹੋ ਗਏ। ਜੋ ਗੁਰੂ ਮਹਲ ਨੂੰ ਨਾਨਕ ਨਹੀਂ ਜਾਣਦਾ ਉਹ ਮਨਮੁੱਖ ਤੇ ਕਾਫ਼ਰ ਗਰਦਾਨਿਆ ਜਾਂਦਾ ਹੈ।

"ਮੁਕਦੀ ਗੱਲ, ਗੁਰੂ ਨਾਨਕ ਦੇ ਸਿੱਖ ਬੁੱਤ ਨੂੰ ਉੱਕਾ ਹੀ ਨਹੀਂ ਮੰਨਦੇ। ਇਨ੍ਹਾਂ ਦਾ ਨਿਸ਼ਚਾ ਹੈ ਕਿ ਸਾਰੇ ਗੁਰੂ ਸਾਹਿਬਾਨ ਨਾਨਕ ਦਾ ਹੀ ਰੂਪ ਹਨ।[੧] ਇਹ ਹਿੰਦੂਆਂ ਦਾ ਮੰਤਰ ਨਹੀਂ ਪੜ੍ਹਦੇ ਤੇ ਨਾਂਹ ਹੀ ਉਨ੍ਹਾਂ ਦੇ ਬੁੱਤਾਂ ਦਾ ਸਤਿਕਾਰ ਕਰਦੇ ਹਨ। ਅਵਤਾਰਾਂ ਨੂੰ ਵੀ ਕੁਝ ਨਹੀਂ ਗਿਣਦੇ। ਇਥੋਂ ਤੱਕ ਸੰਸਕ੍ਰਿਤ, ਜਿਸ ਨੂੰ ਹਿੰਦੂ ਦੇਵ ਬਾਣੀ ਸਮਝਦੇ ਹਨ, ਨਾਲ ਕੋਈ ਤੁਅੱਲਕ ਨਹੀਂ ਰੱਖਦੇ।

"ਗੱਲ ਕੀ, ਵਸਦੀ ਧਰਤੀ 'ਤੇ ਕੋਈ ਅਜਿਹਾ ਸ਼ਹਿਰ ਨਹੀਂ ਰਹਿ ਗਿਆ, ਜਿਥੇ ਸਿੱਖ ਨਾ ਹੋਣ।

"ਹੁਣ ਵੱਡੇ ਦਾਦੇ ਗੁਰੂ ਨੇ ਬਾਬਾ ਜੀਓ (ਗੁਰਦਿੱਤਾ ਜੀ) ਦੇ ਪੁੱਤਰ ਹਰਿ ਰਾਇ ਨੂੰ ਮਿਹਰ ਦੀ ਨਜ਼ਰ ਨਾਲ ਨਿਵਾਜਿਆ ਤੇ ਬਾਬਾ ਜੀਓ ਦੀ ਪਦਵੀ ਦਿੱਤੀ। ਜਾਮਾ ਤਿਆਗਣ ਤੇ ਸਰੀਰ ਛੱਡਣ ਸਮੇਂ ਉਨ੍ਹਾਂ ਨੂੰ ਆਪਣੀ ਥਾਂ ਥਾਪ ਦਿੱਤਾ ਅਤੇ ਔਲਾਦ ਸਿੱਖਾਂ, ਸੇਵਕਾਂ ਤੇ ਸਾਰੇ ਪਰਵਾਰ ਨੂੰ ਗੁਰੂ ਹਰਿ ਰਾਇ ਜੀ ਦੀ ਆਗਿਆ ਪਾਲਣ ਦਾ ਹੁਕਮ ਦਿੱਤਾ। ਸਿੱਖ ਗੁਰੂ ਹਰਿ ਰਾਇ ਜੀ ਨੂੰ ਸਤਵਾਂ ਮਹਲ ਮੰਨਦੇ ਹਨ।"

ਮੁਹਸਨ ਫ਼ਾਨੀ ਨੇ ਇਹ ਵੀ ਲਿਖਿਆ ਹੈ ਕਿ ਉਹ ਗੁਰੂ ਹਰਿ ਰਾਇ ਜੀ ਦੇ ਕ੍ਰਿਪਾ ਪਾਤਰ ਵੀ ਹਨ ਅਤੇ ਸਿੱਖ ਗੁਰੂ ਹਰਿ ਰਾਇ ਜੀ ਨੂੰ ਸਤਵਾਂ ਮਹਲ ਕਹਿੰਦੇ ਹਨ।[੨]

"ਸਿੱਖ ਗੁਰੂ ਹਰਿਗੋਬਿੰਦ ਜੀ ਦੀ ਪੂਜਾ ਪ੍ਰਭੂ ਜਾਣ ਕਰਦੇ ਹਨ। ਉਨ੍ਹਾਂ ਦਾ ਯਕੀਨ ਹੈ ਕਿ 'ਨਾਰਾਇਣ ਕਲਾਧਾਰ' ਉਨ੍ਹਾਂ ਦੇ ਰੂਪ ਵਿਚ ਆਇਆ ਹੈ ਤੇ ਇਹ ਸਿਲਸਿਲਾ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਇਆ ਹੈ।

**ਜੋਤੀ ਜੋਤ ਰਲੀ**—ਗੁਰੂ ਜੀ ਦੀ ਰੂਹਾਨੀ ਸ਼ਕਤੀ ਤੇ ਖ਼ੁਦਾਈ ਗੁਣਾਂ ਦੀ ਸ਼ੋਭਾ ਹਰ ਪਾਸੇ ਇਤਨੀ ਫ਼ੈਲ ਗਈ ਸੀ ਕਿ ਹਰ ਮਜ਼ਹਬ ਦੇ ਲੋਕੀਂ ਉਨ੍ਹਾਂ ਕੋਲੋਂ ਜੀਵਨ-ਜਾਚ ਸਿੱਖਣ ਆਂਦੇ। ਭਟਕਦੇ ਰਾਹ ਪਾਂਦੇ ਤੇ ਮਾਰਫ਼ਤ ਦੀਆਂ ਗੱਲਾਂ ਦੀ ਸੂਝ ਲੈਂਦੇ।

---

੧. ਏਸ਼ਾਂ ਰਾ ਅਕੀਦਾ ਆਂ ਅਸਤ,
ਕਿ ਗੁਰੂ ਹਾਇ ਹਮਾ ਨਾਨਕ ਅੰਦ।

੨. ਸਿੱਖਾਂ ਹਰਿ ਰਾਇ ਰਾ,
ਮਹਲ-ਇ ਹਫ਼ਤਮ ਨਾਮਜ਼ਦ।

 www.sikhbookclub.com

ਮੁਹਸਨ ਫ਼ਾਨੀ ਨੇ ਜਗਤ ਪ੍ਰਸਿੱਧ ਫ਼ਕੀਰ ਪਰਹ ਕੈਵਾਂ ਯਜ਼ਦਾਨੀ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ। ਉਹ ਗੁਰੂ ਜੀ ਦੀ ਸ਼ੋਭਾ ਸੁਣ ਕੇ ਆਇਆ। ਉਸ ਦਾ ਅਸਲ ਨਾਮ ਹਸਨ ਅਲੀ ਸੀ ਤੇ ਲੋਕੀਂ ਸਤਿਕਾਰ ਨਾਲ ਉਸ ਨੂੰ ਅੱਲਾਹ ਦਾ ਜਿਗਰ (ਪਜਦ) ਅਤੇ ਸਤਵੇਂ ਅਸਮਾਨ ਦਾ ਸਿਤਾਰਾ (ਪਰਹ ਕੈਵਾਂ) ਕਹਿੰਦੇ ਸਨ। ਪਹਿਲਾਂ ਉਹ ਦਿੱਲੀ ਸ਼ਾਹ ਜਹਾਨ ਦੇ ਸੱਦੇ 'ਤੇ ਗਿਆ ਸੀ, ਉਥੋਂ ਗੁਰੂ ਹਰਿਗੋਬਿੰਦ ਜੀ ਦੀ ਅਜ਼ਮਤ ਬਾਰੇ ਸੁਣ ਕੇ ਦਰਸ਼ਨ ਨੂੰ ਆਇਆ। ਮਹਾਰਾਜ ਨੇ ਯੋਗ ਆਦਰ ਦਿੱਤਾ। ਉਸ ਨੇ ਜਦ ਪੁੱਛਿਆ ਕਿ ਖ਼ੁਦਾ ਤੱਕ ਰਸਾਈ ਕਿਵੇਂ ਹੋਵੇ ਤਾਂ ਮਹਾਰਾਜ ਨੇ ਕਿਹਾ : "**ਉਸ ਦਾ ਮਿਲਾਪ ਸ਼ਰਹ ਤੋੜਿਆਂ ਤੇ ਭਲੇ ਪੁਰਸ਼ਾਂ ਦੀ ਸੰਗਤ ਤੋਂ ਹੁੰਦਾ ਹੈ।**"

ਪਰਹ ਕੈਵਾਂ ਦੇ ਜਾਣ ਤੋਂ ਸੱਤ ਦਿਨਾਂ ਪਿਛੋਂ ਗੁਰੂ ਜੀ ਜੋਤੀ ਜੋਤ ਸਮਾ ਗਏ। ਉਹ ਦਿਨ ਐਤਵਾਰ ਦਾ ਸੀ ਤੇ ਮਾਰਚ ਦੀ ਤਿੰਨ ਤਾਰੀਖ਼ ਤੇ ਸੰਨ ੧੬੪੪ ਸੀ।

ਇਨ੍ਹਾਂ ਸੱਤਾਂ ਦਿਨਾਂ ਵਿਚ ਹੀ ਭਾਈ ਬਾਬਕ ਜੀ ਜੋ ਰਬਾਬੀ ਤੇ ਸੂਰਮੇ ਸਨ, ਗੁਜ਼ਰ ਗਏ। ਜਾਤੀ ਮਲਕ ਜੋ ਢਾਡੀ ਸੀ ਤੇ ਜਦ ਵਾਰਾਂ ਗਾਂਦਾ ਸੀ ਤਾਂ ਕਾਇਰ ਵੀ ਰਣ ਵਿਚ ਜੂਝਣ ਲਈ ਤਿਆਰ ਹੋ ਜਾਂਦੇ ਸਨ, ਵੀ ਚੜ੍ਹਾਈ ਕਰ ਗਏ। ਭਾਈ ਬਿਧੀ ਚੰਦ ਤੇ ਭਾਈ ਸੁੰਦਰ ਸ਼ਾਹ ਵੀ ਵਿਦਿਆਇਗੀ ਲੈ ਅਯੁੱਧਿਆ ਨੂੰ ਚਲੇ ਗਏ। ਭਾਈ ਸਾਧੂ (ਦਾਮਾਦ) ਨੂੰ ਕਿਹਾ ਆਪਣੇ ਇਲਾਕੇ ਲੰਗਰ ਚਲਾਉਣੇ ਤੇ ਲੋਕ ਭਲਾਈ ਦੇ ਕਾਰਜਾਂ ਵਿਚ ਜੁਟੇ ਰਹਿਣਾ। ਇਨ੍ਹਾਂ ਦਿਨਾਂ ਵਿਚ ਦਾਨ ਵੀ ਇਤਨਾ ਕੀਤਾ ਕਿ ਸਭ ਝੋਲੀਆਂ ਭਰ ਮੁੜਦੇ।

**ਅੰਤਮ ਉਪਦੇਸ਼**—ਆਪ ਜੀ ਨੇ ਇਕ ਦਿਨ ਦੀਵਾਨ ਵਿਖੇ ਹੀ ਆਪਣਾ ਅੰਤਮ ਸਮਾਂ ਨੇੜੇ ਦੱਸ ਜੋਤੀ ਜੋਤ ਸਮਾਉਣ ਦੀ ਗੱਲ ਕਹੀ ਅਤੇ ਨਾਲ ਹੀ ਹੁਕਮ ਕੀਤਾ :

*"ਧਰਹੁ ਅਨੰਦ, ਨ ਕੀਜਹਿ ਸ਼ੋਕ।"*

ਇਤਨਾ ਸੁਣਨਾ ਸੀ ਕਿ ਸੰਗਤਾਂ ਦੇ ਨੈਣ ਛਲਕ ਪਏ ਤਾਂ ਉਸ ਵਕਤ ਫਿਰ ਫ਼ਰਮਾਇਆ :

*"ਇਸ ਮਹਿ ਕਿਆ ਅਚਰਜ ਤੁਮ ਲਹਯੋ ?"*

ਜੀਵਨ ਵਗਦੀ ਨਦੀ ਸਮਾਨ ਹੈ, ਕਦੀ ਇਹ ਵਹਾਅ ਰੁਕਣਾ ਨਹੀਂ।

*"ਸਲਿਤਾ ਸਮ ਜਗ ਕੋ ਪਰਵਾਹਾ।*
*ਥਿਰਹਿ ਨ ਕੋਊ, ਸਭਿ ਚਲਿ ਜਾਹਾ।"*

ਇਹ ਕੋਈ ਅਣਹੋਣੀ ਨਹੀਂ। ਸਦਾ ਤੋਂ ਇੰਝ ਹੀ ਹੁੰਦੀ ਆਈ ਹੈ। ਕੋਈ ਸਦਾ ਟਿਕ ਕੇ ਇਥੇ ਨਹੀਂ ਰਿਹਾ।

*"ਇਹ ਤੋ ਸਦਾ ਹੋਤਿ ਹੈ ਆਈ।*
*ਕਰਹੁ ਬਿਚਾਰਿ, ਥਿਰ ਕਿਹ ਪਾਈ।"*

ਬਖ਼ਸ਼ ਦੇ ਦਰ ਆ ਕੇ ਕਿਹਾ ਕਿ ਗੁਰਸਿੱਖਾਂ ਦੇ ਨੇੜੇ ਕਦੇ ਜਮ ਨਹੀਂ

 www.sikhbookclub.com

ਆਉਂਦਾ, ਉਹ ਸਿੱਧੇ ਵਾਹਿਗੁਰੂ ਦੇ ਚਰਨਾਂ ਵਿਚ ਜਾਂਦੇ ਹਨ। ਮਾਤਾ ਨਾਨਕੀ ਜੀ ਜਦ ਨੇੜੇ ਆਏ ਤੇ ਉਨ੍ਹਾਂ ਨੂੰ ਜਿਸ ਰੁਮਾਲ ਨਾਲ ਹੱਥ ਪਏ ਪੂੰਝਦੇ ਸਨ, ਝੋਲੀ ਪਾ ਦਿੱਤਾ, ਕਮਰ ਦੀ ਕਟਾਰ ਦਿੱਤੀ ਅਤੇ ਗੁਟਕਾ ਦੇ ਕੇ ਕਿਹਾ ਕਿ ਤੁਸੀਂ ਬੇਟੇ ਤੇਗ ਬਹਾਦਰ ਨਾਲ ਬਾਬਾ ਬਕਾਲਾ ਚਲੇ ਜਾਓ। ਸਮਾਂ ਪਾ ਕੇ ਤੁਹਾਡਾ ਬੇਟਾ ਹੀ ਨਹੀਂ ਪੋਤਰਾ ਵੀ ਇਸੇ ਤਖ਼ਤ 'ਤੇ ਬੈਠੇਗਾ।

'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ', ਦੇ ਸ਼ਬਦ ਭਾਈ ਗੁਰਦਾਸ ਜੀ ਨੇ ਪਹਿਲਾਂ ਹੀ ਕਹੇ ਸਨ।

ਗੁਰੂ ਹਰਿ ਰਾਇ ਜੀ ਨੂੰ ਕਿਹਾ ਕਿ ਤੁਸੀਂ ਮੇਰਾ ਹੀ ਰੂਪ ਹੋ, ਕੋਈ ਅੰਤਰ ਨਹੀਂ ਰਿਹਾ।

ਸੰਗਤਾਂ ਨੂੰ ਕਿਹਾ : ਮੇਰੀ ਖ਼ੁਸ਼ੀ ਇਸੇ ਵਿਚ ਹੈ ਕਿ ਇਨ੍ਹਾਂ ਨੂੰ ਮੇਰਾ ਰੂਪ ਜਾਣਨਾ। ਇਨ੍ਹਾਂ ਵਿਚ ਅਪਾਰ ਸ਼ਕਤੀ ਹੈ, ਇਹ ਸਰਬ ਸਮਰੱਥ ਹਨ। ਗੁਰੂ ਹਰਿ ਰਾਇ ਜੀ ਨੇ ਇਕੋ ਹੀ ਗੱਲ ਪੁੱਛੀ ਕਿ "**ਦਿੱਲੀ ਪਤਿ ਦੁਬਧਾ ਸਦ ਕਰੇ**" ਸੋ ਕਿਵੇਂ ਵਰਤਣਾ ਹੈ ? ਮਹਾਰਾਜ ਨੇ ਕਿਹਾ : ਸਾਨੂੰ ਗੁਰ ਪਿਤਾ ਦੀ ਅਸੀਸ ਸੀ ਕਿ ਜੋ ਸ਼ਤਰੂ ਤੁਮਾਰੇ ਸਨਮੁਖ ਆਵੇਂਗੇ ਤਿਸ ਛੈ ਹੋਵੇਗਾ। ਤੁਹਾਡੇ ਤੇ ਜੇ ਕੋਈ ਬੁਰੇ ਦਾ ਉੱਦਮ ਵੀ ਕਰੇਗਾ, ਨਾਸ ਹੋਵੇਗਾ ਇਵੇਂ ਜਿਵੇਂ ਗੜੇ, ਓਲੇ, ਅੱਗ ਵਿਚ ਡਿੱਗਦੇ ਹੀ ਢਲ ਗਲ ਜਾਂਦੇ ਹਨ :

*"ਜੋ ਕੋਈ ਉਦਮ ਤੁਮ ਪਰ ਕਰੈ ਦੁਸ਼ਟ ਕਰਮ ਮਨ ਧਾਰ।*
*ਨਾਸ ਹੋਇ ਤਤਕਾਲ ਤਿਹ, ਜਿਉ ਓਲਾ ਅਗਨ ਮੰਝਾਰ।"*

ਬਾਬਾ ਭਾਨਾ ਜੀ ਨੇ ਹੁਕਮ ਤੇ ਆਗਿਆ ਮੰਗੀ ਤਾਂ ਹੁਕਮ ਹੋਇਆ ਕਿ ਤੁਸੀਂ ਪਿੰਡ ਚਲੇ ਜਾਓ ਤੇ ਉਥੋਂ ਆਪਣੇ ਬੱਚੇ ਬਾਬਾ ਗੁਰਦਿੱਤਾ ਜੀ ਨੂੰ ਭੇਜ ਦੇਣਾ।

ਬੱਚੀ ਵੀਰੋ ਨੂੰ ਕਿਹਾ : "ਇਹ ਰੁਦਨ ਕਰਨ ਦਾ ਸਮਾਂ ਨਹੀਂ ਹੈ।
ਤੇਰੇ ਬੇਟੇ ਬੜੇ ਯੋਧੇ ਹੋਣਗੇ ਤੇ ਬੜਾ ਜਸ ਖਟਣਗੇ। ਤੂੰ ਆਦਿ ਸ਼ਕਤੀ ਹੈਂ।"

ਬਾਬਾ ਬਿਧੀ ਚੰਦ ਜੀ ਦੇ ਪੁੱਤਰ ਲਾਲ ਚੰਦ ਜੀ ਨੂੰ ਕਿਹਾ ਕਿ ਤੁਸੀਂ ਹੁਣ ਪਿੰਡ ਸੁਰ ਸਿੰਘ ਚਲੇ ਜਾਓ। ਉਥੇ ਗੁਰਸਿੱਖ ਭਾਗ ਮੱਲ ਪਾਸ ਟਿਕਾਣਾ ਰੱਖੋ ਤੇ ਗੁਟਕੇ, ਸੈਂਚੀਆਂ ਤੇ ਗ੍ਰੰਥੀਆਂ ਲਿਖ ਕੇ ਵੰਡੋ।

ਸੂਰਜ ਮੱਲ ਨੂੰ ਕਿਹਾ : ਤੁਸਾਂ ਬੜੀ ਅਧੀਨਗੀ ਦੱਸੀ ਹੈ। ਜਿੱਥੇ ਮਰਜ਼ੀ ਟਿਕੋ। ਤੁਹਾਡਾ ਪ੍ਰਤਾਪ ਬਣਿਆ ਰਹੇਗਾ। ਸਦਾ ਗੁਰ ਆਗਿਆ ਵਿਚ ਰਹਿਣਾ।

ਬਾਬਾ ਅਣੀ ਰਾਇ ਨੂੰ ਕਿਹਾ ਕਿ ਤੁਸੀਂ ਪ੍ਰਚਾਰ ਵਿਚ ਜੁਟੇ ਰਹੋ। ਇਕ ਸਿਕਖ ਨੇ ਪੁੱਛਿਆ ਕਿ ਦੀਦਾਰ ਕਿਵੇਂ ਆਪ ਜੀ ਦਾ ਹੋਵੇਗਾ ਤਾਂ ਮਹਾਰਾਜ ਨੇ ਕਿਹਾ :

*ਜੋ ਜੋ ਕੋਈ ਸਿੱਖ ਵਾਹਿਗੁਰੂ 'ਗੁਰੂ' 'ਗੁਰੂ' ਜਪਦਾ*
*ਤੁਹਾਡੇ ਘਰ ਆਏ ਉਹ ਮੇਰਾ ਹੀ ਰੂਪ ਹੈ।* [੧]

---

੧. ਕਿ ਹਰ ਸਿੱਖ ਕਿ ਨਾਮ ਗਿਰਫ਼ਤਾ
ਬ ਖ਼ਾਨਾ-ਇ-ਸ਼ੁਮਾ ਆਇਦ
ਓ ਰਾ ਗੁਰੂ ਸ਼ਮਰੀਦ।

 www.sikhbookclub.com

ਫਿਰ ਫ਼ਰਮਾਇਆ :

ਮੇਰਾ ਪਰਿਵਾਰ ਸਿੱਖ ਸੰਗਤਿ ਹੈ। **"ਸਿੱਖ ਸੰਗਤਿ ਮੇਰੋ ਪਰਵਾਰਾ।"** ਮੈਨੂੰ ਉਹ ਹੀ ਪਿਆਰਾ ਹੈ ਜੋ ਗੁਰਬਾਣੀ ਨਾਲ ਪਿਆਰ ਕਰਦਾ ਹੈ। ਪੜ੍ਹਨ ਸੁਣਨ ਨਾਲ ਹੀ ਅਨੰਦ ਮਿਲੇਗਾ।

ਸਤਿਨਾਮ ਦਾ ਜਾਪ ਕਰਨ ਨਾਲ ਹੀ ਰੰਗ ਚੜ੍ਹਦਾ ਅਤੇ ਪ੍ਰੇਮ ਪਰਪੱਕ ਹੁੰਦਾ ਹੈ :

*"ਸਦਾ ਸਨੇਹ ਕਰਹਿ ਗੁਰਬਾਣੀ,*
*ਪਠਹਿ ਸੁਨਹਿ ਤੇ ਆਨੰਦ ਛਾਨੀ।*
*ਸਤਿਨਾਮ ਸਿਮਰਹੁ ਰੰਗ ਰਾਤੇ,*
*ਦਿਨ ਪ੍ਰਤਿ ਪ੍ਰੇਮ ਅਧਿਕ ਮਨਮਾਤੇ।" ।੯।*[1]

ਫਿਰ ਦੁਹਰਾਇਆ ਕਿ ਅਕਾਲ ਚਲਾਣੇ ਵੇਲੇ ਬਿਲਕੁਲ ਰੁਦਨ ਨਹੀਂ ਕਰਨਾ। ਕੀਰਤਨ ਸੁਣਨਾ, ਨਾਮ ਵਿਚ ਚਿੱਤ ਜੋੜਨਾ ਅਤੇ ਹੱਥਾਂ ਨੂੰ ਸੇਵਾ ਵਿਚ ਲਗਾਉਣਾ। ਟੇਕ ਗੁਰੂ ਨਾਨਕ 'ਤੇ ਰੱਖਣੀ। ਗੁਰੂ ਹਰਿ ਰਾਇ ਤੇ ਮੇਰੇ ਵਿਚ ਕੋਈ ਭੇਦ ਨਹੀਂ।

*"ਮਮ ਆਇਸ ਤੁਮ ਰੁਦਨ ਨਾ ਕੀਜੈ।*
*ਕੀਰਤਨ ਨਾਮ ਵਿਖੇ ਮਨ ਦੀਜੈ। ੫੯੯ ।*
*ਗੁਰ ਸਿਖਨ ਕੀ ਸੇਵਾ ਕਰੀਯੋ।*
*ਏਕ ਟੇਕ ਗੁਰ ਨਾਨਕ ਧਰੀਯੋ।*
*ਜੋ ਦਰਸਨ ਕਰ ਮੇਰਾ ਚਾਹੇ।*
*ਹਰਿ ਰਾਇ ਗੁਰ ਦਰਸ ਉਮਾਹੇ। ੬੦੦ ।*

(ਅੰਤਿਮ ਅਧਿਆਇ, ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਫਿਰ ਮਾਰੂ ਮਹਲਾ ਪੰਜਵਾਂ[2] ਅਸ਼ਟਪਦੀ ਪੜ੍ਹੀ ਅਤੇ ਉਸ ਨੂੰ ਧੰਨ ਕਿਹਾ ਜੋ ਸ਼ਬਦ ਰਾਹੀਂ ਜੀਵਨ ਦੀ ਘਾੜਤ ਘੜਦਾ ਹੈ।

ਸ਼ਬਦ ਪੜ੍ਹਨ ਬਾਅਦ ਹੁਕਮ ਕੀਤਾ ਕਿ ਕੋਈ ਹੁਣ ਬੁਲਾਵੇ ਨਾਂਹ। ਇਕਾਂਤ ਵਿਚ ਚਲੇ ਗਏ। ਸੱਤ ਦਿਨ ਥੰਮੇ ਦੀ ਢੋਹ ਲਗਾ ਕੇ ਕੀਰਤਨ ਹੀ ਸੁਣਦੇ ਰਹੇ

---

੧. ਸ੍ਰੀ ਗੁਰੂ ਪ੍ਰਤਾਪ ਸੂਰਜ : ਰਾਸ ੪ ਅੰਸ਼ ੫੭।

੨. ਮਾਰੂ ਮਹਲਾ ੫ : ਚਾਦਨਾ ਚਾਦਨੁ ਆਂਗਨਿ ਪ੍ਰਭਿ ਜੀਉ ਅੰਤਰਿ ਚਾਦਨਾ।੧।
ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ।੨।
ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ।੩।
ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ।੪।
ਜਾਗਨਾ ਜਾਗਨੁ ਨੀਕਾ, ਹਰਿ ਕੀਰਤਨ ਮਹਿ ਜਾਗਨਾ।੫।
ਲਾਗਨਾ ਲਾਗਨੁ ਨੀਕਾ, ਗੁਰਚਰਣੀ ਮਨ ਲਾਗਨਾ।੬।
ਇਹ ਬਿਧਿ ਤਿਸਹਿ ਪਰਾਪਤੇ, ਜਾ ਕੈ ਮਸਤਕਿ ਭਾਗਨਾ।੭।
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ, ਜੋ ਪ੍ਰਭ ਕੀ ਸਰਨਾਗਨਾ।੮।

 www.sikhbookclub.com

ਅਤੇ ਤਿੰਨ ਮਾਰਚ ੧੬੪੪ ਨੂੰ ਕੀਰਤਨ ਸੁਣਦਿਆਂ **'ਸਵਾ ਜਾਮ ਦਿਨ ਕੇ ਚੜ੍ਹੇ'** ਹੀ ਜੋਤੀ ਜੋਤ ਸਮਾ ਗਏ। ਗੁਰੂ ਹਰਿ ਰਾਇ ਜੀ ਨੇ ਜਦ ਨੇੜੇ ਹੋ ਡਿੱਠਾ ਤਾਂ ਇੰਝ ਲਗਦਾ ਸੀ ਜਿਵੇਂ ਕੋਈ ਚਿਤ੍ਰ ਭਿਤੀ ਵਿਚ ਲੱਗਾ ਹੈ।

*'ਪਾਵਨ ਸਰੀਰ ਜਿਮ ਚਿਤ੍ਰ ਲਿਖਾਏ।'*

**ਅੰਤਮ ਸੰਸਕਾਰ**—ਸੰਗਤਾਂ ਵਿਚ ਕੁਰਲਾਹਟ ਮੱਚ ਗਈ ਪਰ ਗੁਰੂ ਹਰਿ ਰਾਇ ਜੀ ਨੇ ਸੰਗਤਾਂ ਨੂੰ ਧੀਰਜ ਦਿੱਤਾ ਤੇ ਦਰਿਆ ਕਿਨਾਰੇ ਹੀ ਪਤਾਲ ਪੁਰੀ ਚੰਦਨ ਦੀ ਚਿਖ਼ਾ ਬਣਾ ਕੇ ਸੰਸਕਾਰ ਕੀਤਾ। ਅਰਥੀ ਨੂੰ ਚਿਖ਼ਾ ਤਕ ਬਾਬਾ ਸੂਰਜ ਮੱਲ ਜੀ, (ਗੁਰੂ) ਤੇਗ਼ ਬਹਾਦਰ ਜੀ, ਭਾਈ ਭਾਨਾ ਜੀ ਅਤੇ ਰਾਇ ਜੋਧ ਜੀ ਸ਼ਰਧਾ ਨਾਲ ਉਠਾ ਕੇ ਲੈ ਗਏ।

ਜਦ ਗੁਰੂ ਹਰਿ ਰਾਇ ਜੀ ਨੇ ਲੰਬੂ ਲਗਾਇਆ ਤਾਂ ਕਈ ਭੱਜ ਭੱਜ ਬਲਦੀ ਚਿਖ਼ਾ ਵਿਚ ਪੈਂਦੇ। ਰੋਕਦੇ-ਰੋਕਦੇ ਵੀ, ਮੁਹਸਨ ਫ਼ਾਨੀ ਕਹਿੰਦਾ ਹੈ, "ਜਦ ਚਿਖ਼ਾ ਦੀ ਅੱਗ ਉਚੀ ਹੋਈ ਤਾਂ ਰਾਜਾ ਰਾਮ ਨਾਂ ਦੇ ਰਾਜਪੂਤ ਨੇ, ਜੋ ਗੁਰੂ ਦਾ ਚਰਨ ਸੇਵਕ ਸੀ, ਅੱਗ ਵਿਚ ਕੁੱਦ ਪਿਆ, ਉਹ ਅੱਗ ਵਿਚ ਵੜ ਗਿਆ ਤੇ ਗੁਰੂ ਦੇ ਚਰਨਾਂ ਨਾਲ ਲਿਪਟ ਗਿਆ ਤੇ ਆਪਣਾ ਸਿਰ ਚਰਨਾਂ ਤੋਂ ਨਾਂਹ ਉਠਾਇਆ ਤੇ ਉਸੇ ਦਸ਼ਾ ਵਿਚ ਜਾਨ ਦੇ ਦਿੱਤੀ। ਉਸ ਪਿੱਛੋਂ ਇਕ ਹੋਰ ਸਿੱਖ ਨੇ, ਜੋ ਗੁਰੂ ਹਰਿਗੋਬਿੰਦ ਜੀ ਦੇ ਦਾਮਾਦ (ਭਾਈ ਸਾਧੂ ਜੀ) ਪਾਸ ਸੇਵਾ ਕਰਦਾ ਸੀ, ਛਾਲ ਮਾਰ ਦਿੱਤੀ। ਕਿਤਨੇ ਹੀ ਹੋਰ ਕੁੱਦ ਜਾਨਾਂ ਦੇ ਜਾਂਦੇ ਜੇ ਗੁਰੂ ਜੀ ਨਾ ਵਰਜਦੇ। ਗੁਰੂ ਹਰਿ ਰਾਇ ਜੀ ਨੇ ਖ਼ੁਦ ਬਾਂਹ ਤੋਂ ਪਕੜ ਹਟਾਇਆ। 'ਅਰ ਗੁਰੂ ਭੁਜ ਖ਼ੁਦ ਉਨ ਕੀ ਗਹੀ।' ਇਤਨਾ ਪਿਆਰ, ਲਗਾਓ ਅਤੇ ਸ਼ਰਧਾ ਦੇਖ ਕੇ ਸਭ ਅਸਚਰਜ ਹੋਏ। ਮੁਹਸਨ ਫ਼ਾਨੀ ਨੇ ਦੌਲਤ ਖ਼ਾਨ ਕਾਕਸਾਲ ਦੀ ਰੁਬਾਈ ਲਿਖ ਕੇ ਸਿੱਖਾਂ ਦਾ ਗੁਰੂ ਹਰਿਗੋਬਿੰਦ ਪ੍ਰਤੀ ਦਿੱਤੇ ਪਿਆਰ ਤੇ ਕੁਰਬਾਨੀ ਨੂੰ ਜਤਲਾਂਦੇ ਕਿਹਾ ਕਿ ਗੁਰੂ ਦੱਸ ਗਏ ਕਿ ਜਗਤ ਵਿਚ ਜਦ ਤਕ ਪਿਆਰ ਦਾ ਮੈਖ਼ਾਨਾ ਕਾਇਮ ਹੈ, ਲੋਕੀਂ ਜਿੰਦ ਵਾਰਨ ਲਈ ਆਉਂਦੇ ਰਹਿਣਗੇ। ਖ਼ੁਦਾ ਵਲੋਂ ਦੋ ਹੀ ਦਾਤਾਂ ਸੰਸਾਰ ਨੂੰ ਵਿਸ਼ੇਸ਼ ਕਰ ਮਿਲੀਆਂ ਹਨ, ਜਿੰਦ ਵਾਰਨੀ ਤੇ ਅਗਲੇ ਦਾ ਦਿਲ ਲੈ ਲੈਣਾ :

*'ਜਾਂ ਦਾਦਨ ਵ ਦਿਲ ਬੁਰਦਨ ਈਂ*
*ਹਰ ਦੋ ਖ਼ੁਦਾ ਦਾਦ ਅਸਤ।'*

ਲਤੀਫ਼ ਨੇ ਇਸੇ ਲਈ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਨੂੰ ਕੌਮੀ ਕਹਿਰ (ਨੈਸ਼ਨਲ ਕਲੈਮਟੀ) ਲਿਖਿਆ। ਹਰ ਕੋਈ ਇਹ ਕਹਿ ਰਿਹਾ ਸੀ ਕਿ ਗੁਰੂ ਹਰਿਗੋਬਿੰਦ ਜੀ ਵਰਗਾ ਯੋਧਾ ਨਹੀਂ ਡਿੱਠਾ ਜਿਸ ਸਭ ਦੇਖੀਆਂ ਨੂੰ ਹੱਥੀਂ ਪਾਰ ਲੰਘਾਇਆ। ਉਨ੍ਹਾਂ ਵਰਗਾ ਕੋਈ ਪਰਉਪਕਾਰੀ ਨਹੀਂ, ਜਿਨ੍ਹਾਂ ਖ਼ਜ਼ਾਨੇ ਵਿਚ ਕਦੇ ਕੁਝ ਜਮ੍ਹਾਂ ਨਾ ਰੱਖਿਆ। ਉਨ੍ਹਾਂ ਵਰਗਾ ਕੋਈ ਨਿਮ੍ਰ ਨਹੀਂ, ਜਿਨ੍ਹਾਂ ਹਰ ਬਜ਼ੁਰਗ ਨੂੰ ਆਦਰ ਦਿੱਤਾ। ਉਨ੍ਹਾਂ ਜਿਹਾ ਕੋਈ ਸ਼ਾਂਤ ਚਿੱਤ ਨਹੀ ਸੀ, ਜਿੰਨ੍ਹਾਂ ਦੇ ਮੱਥੇ ਕਦੇ ਕਿਸੇ ਤਿਊੜੀ ਨਹੀਂ ਡਿੱਠੀ। ਇਥੋਂ ਤਕ ਕਿ ਜੰਗ ਦੇ ਮੈਦਾਨ ਵਿਚ ਵੀ ਖਿੜੇ ਮੱਥੇ ਤੇ ਮੁਸਕਰਾਂਦੇ ਰਹੇ। ਉਨ੍ਹਾਂ ਵਰਗਾ ਸਿੱਖਾਂ ਨਾਲ ਹਿਤ ਕਰਨ-

 www.sikhbookclub.com

ਵਾਲਾ ਕੋਈ ਨਹੀਂ ਜਿਨ੍ਹਾਂ ਭੇਟਾ ਹੀ ਨਾ ਸਵੀਕਾਰ ਕੀਤੀ ਜਦ ਲੋੜਵੰਦ ਭਾਈ ਕੂਟ ਨੂੰ ਸ਼ਹਿਦ ਨਾ ਦਿੱਤਾ ਗਿਆ। ਉਨ੍ਹਾਂ ਵਰਗਾ ਕੋਈ ਜਥੇਦਾਰ ਨਹੀਂ, ਜਿਨ੍ਹਾਂ ਮੁਰਦਾ ਰੂਹਾਂ ਜਿਵਾਲ ਦਿੱਤੀਆਂ। ਉਨ੍ਹਾਂ ਵਰਗਾ ਕੋਈ ਦਰਵੇਸ਼ ਨਹੀਂ ਜਿਨ੍ਹਾਂ ਪਾਸ ਦੁਨੀਆਂ ਦੇ ਪ੍ਰਸਿਧ ਫ਼ਕੀਰ ਪੁੱਜ ਖ਼ੁਦਾ ਦੇ ਦਰ ਦੀਆਂ ਚਾਬੀਆਂ ਹਾਸਲ ਕਰਦੇ। ਸਿੱਖਾਂ ਵਿਚ ਗੁਰੂ ਹਰਿਗੋਬਿੰਦ ਕਿਤਨਾ ਵਿਸ਼ਵਾਸ ਭਰ ਗਏ ਕਿ ਸਿੱਖਾਂ ਨੂੰ ਯਕੀਨ ਹੋ ਗਿਆ ਕਿ ਗੁਰੂ ਕਾ ਸਿੱਖ ਬਡਭਾਗੀ ਹੈ ਤੇ ਹਰ ਕੋਈ ਸਿੱਖ ਸਿੱਧਾ ਬਹਿਸ਼ਤ ਨੂੰ ਜਾਂਦਾ ਹੈ। ਜਮ ਉਸ ਦੇ ਨੇੜੇ ਨਹੀਂ ਆਉਂਦਾ :

**"ਅਕੀਦਾ-ਇ-ਸਿਖਾਂ ਆ ਅਸਤ,**
**ਕਿ ਮੁਰੀਦਾਨੇ ਗੁਰੂ ਹਮਾ ਬ ਬਹਿਸ਼ਤ ਰਵੰਦ।**

(ਦਬਿਸਤਾਨੇ ਮਜ਼ਾਹਬ)

ਧੰਨ ਗੁਰੂ ਹਰਿਗੋਬਿੰਦ ਜੀ ।

SIKHBOOKCLUB.COM

 www.sikhbookclub.com

# ੪

# ਕੀਰਤਪੁਰ ਵਿਖੇ ਗੁਰਿਆਈ ਦੇ ਮੁੱਢਲੇ ਸਾਲ

**ਪਹਿਲਾ ਉਪਦੇਸ਼**—ਸੰਗਤਾਂ ਨੂੰ ਜੋ ਪਹਿਲਾ ਉਪਦੇਸ਼ ਗੁਰੂ ਹਰਿ ਰਾਇ ਜੀ ਨੇ ਤਖ਼ਤ ਤੇ ਬੈਠਦੇ ਸਾਰ ਕੀਤਾ, ਉਹ ਹੀ ਦੱਸ ਰਿਹਾ ਸੀ ਕਿ ਉਹ ਗੁਰੂ ਰੀਤੀ ਨੂੰ ਦ੍ਰਿੜ੍ਹ ਕਰਨਾ ਲੋਚਦੇ ਹਨ। ਸਭ ਕਹਿ ਰਹੇ ਸਨ ਕਿ ਉਹੋ ਦਾਦੇ ਗੁਰੂ ਵਾਲੀ ਸ਼ਕਤੀ, ਭਗਤੀ, ਗਿਆਨ ਤੇ ਪਵਿੱਤਰਤਾ ਉਨ੍ਹਾਂ ਵਿਚ ਹੈ। ਆਪ ਜੀ ਦੇ ਮੁਖ 'ਤੇ ਨਿਰਾਲਾ ਨੂਰ ਸੀ, ਜਿਵੇਂ ਸਦਾ ਸਵੇਰ ਦੀ ਲਾਲੀ ਹੁੰਦੀ ਹੈ ਅਤੇ ਜਦ ਮੁੱਖੋਂ ਬੋਲਦੇ ਤਾਂ ਹਰ ਬਚਨ ਹਿਰਦਾ ਵਿੰਨ੍ਹੀ ਚਲਾ ਜਾਂਦਾ।

ਤਖ਼ਤ 'ਤੇ ਬੈਠਦੇ ਹੀ ਆਪ ਜੀ ਨੇ ਫ਼ਰਮਾਇਆ :

*ਯਕੀਨ ਦੇ ਘਰ ਰਹੋ। ਸਤਿਨਾਮ ਜਪੋ।*
*ਕਾਮ ਕ੍ਰੋਧ ਦੇ ਨੇੜੇ ਨਾ ਜਾਓ, ਇਹ ਹੀ ਕਾਇਆ ਨੂੰ ਗਾਲਦਾ ਹੈ।*
*ਮਾੜੇ ਕੰਮਾਂ ਤੋਂ ਪ੍ਰਹੇਜ਼ ਕਰੋ।*
*ਸ਼ੁਭ ਕਰਮਨ ਤੇ ਕਦੇ ਨ ਟਰੋ। ਚੋਰੀ ਕਦੇ ਨਾ ਕਰਨੀ।*
*ਸੁਚੀ ਕਿਰਤ ਰੱਖੋ। ਨਿੱਕੀ-ਨਿੱਕੀ ਗੱਲੀਂ ਝਗੜੇ ਨਹੀਂ ਪਾਉਣੇ।*
*ਮੰਦਾ ਕਿਸੇ ਨੂੰ ਨਾ ਆਖੋ, ਦਿਲ ਦੁਖਾਉਣਾ ਹਰਾਮ ਜਾਣੋ।*
*ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।*
*ਘਰ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।*
*ਮਨੁੱਖਾ ਦੇਹ ਦੁਰਲਭ ਹੈ, ਵਿਸ਼ੇ ਵਿਕਾਰ ਵਿਚ ਪੈ ਕੇ*
*ਜੀਵਨ ਦੀ ਬਾਜ਼ੀ ਨਾ ਹਾਰੋ।*
**"ਵਿਸ਼ਅਨ ਵਿਖੇ ਇਸ ਕੋ ਨਹਿ ਹਾਰੋ।"**
*ਖ਼ੁਦਗਰਜ਼ੀ ਛੱਡੋ। ਪਰਸਵਾਰਥ ਦਾ ਜੀਵਨ ਜੀਓ।*
*ਆਤਮ ਵਿੱਦਿਆ ਪ੍ਰਾਪਤ ਕਰੋ।*
*ਟਸੰਤਾਂ ਦੀ ਸੰਗਤਿ ਢੂੰਡ ਕੇ ਵੀ ਕਰੋ।*
*ਪਰਪੰਚ ਤਜੋ। ਸਭ ਵਿਚ ਉਸ ਦੀ ਜੋਤ ਨਿਹਾਰੋ।*
*ਇਸ ਜਗਤ ਵਿਚ ਹੀ ਖਚਤ ਨਾ ਹੋ ਜਾਓ।*
*ਇਹ ਜਗਤ ਸੁਪਨੇ ਨਿਆਈ ਹੈ।*

*ਮਤ ਉੱਚੀ ਰੱਖੋ। ਪ੍ਰਮਾਤਮਾ ਹੀ ਸਤਿ ਚਿਤ ਅਨੰਦ ਹੈ।*
*ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ ਸੰਗਤਿ ਹੈ।*
*'ਪਾਵਨ ਪੋਤ ਗਹੁ ਸਤਿ ਸੰਗਤਿ।'*
*ਨਾਮ ਜਪਨਾ ਹੀ ਵੱਡਾ ਕਰਮ ਹੈ।*
*ਗਿਆਨ ਪ੍ਰਾਪਤ ਕਰਨਾ ਹੀ ਧਿਆਨ ਹੈ।*
*ਜਿਵੇਂ ਸੋਨੇ ਦੇ ਗਹਿਣੇ ਘੜਾ ਕੇ ਪਾਈਦੇ ਹਨ,*
*ਇਹ ਨਾਮ ਗਹਿਣਾ ਹੈ।*
*ਕਿਰਤ ਵਿਚੋਂ ਦਸਵੰਧ ਜ਼ਰੂਰ ਕੱਢੋ,*
*ਇਸ ਤਰ੍ਹਾਂ ਸੁੱਖ ਘਰੋਂ ਨਹੀਂ ਜਾਣਗੇ।*
**'ਤਾਂ ਮਧ ਤੇ ਦਸਵੰਧ ਗੁਰੂ ਹਿਤ,**
*ਦੇਤ ਰਹੋ ਤੁ ਗਹ ਸੁਖ ਸਾਰੋ।'*
*ਜੀਵਨ ਵਾਸ਼ਨਾ ਰਹਿਤ ਗੁਜ਼ਾਰਨਾ ਹੀ ਵੱਡੀ ਬਰਕਤ ਹੈ।*
**'ਚਿਤ ਕੀ ਬ੍ਰਿਤਿ ਅੰਤਰਿ ਲੇਹੁ ਟਿਕਾਈ।'**
*ਨਿਸਚਾ ਰੱਖੋ ਤੇ ਵੈਰਾਗੀ ਰਹੋ।*

ਜੋ ਅਜਿਹਾ ਕਰੇਗਾ ਅਤੇ ਸੰਗਤਿ ਵਿਚ ਨੇਮ ਤੇ ਪ੍ਰੇਮ ਨਾਲ ਜਾਏਗਾ ਉਸ ਦਾ ਮਨ ਰੰਗਿਆ ਜਾਏਗਾ ਅਤੇ ਜੀਵਨ ਪੰਧ ਆਸਾਨੀ ਨਾਲ ਕੱਟਿਆ ਜਾਏਗਾਅਤੇ ਕਦੇ ਡੋਲੇਗਾ ਨਹੀਂ।

*"ਜੀਵਨ ਭੋਗ ਸੁਖੇਨ, ਸੁਖੇ ਪਦ ਅਦ੍ਭੁਤ।"*

ਇਹ ਉਪਦੇਸ਼ ਦੇ ਕੇ ਫਿਰ ਭਾਈ ਗੁਰਦਾਸ ਜੀ ਦੀ ੨੮ਵੀਂ ਵਾਰ ਦੀ ੧੫ਵੀਂ ਪਉੜੀ ਸੁਣਾਈ :

*ਪਿਛਲ ਰਾਤੀ ਜਾਗਣਾ, ਨਾਮੁ ਦਾਨੁ ਇਸ਼ਨਾਨੁ ਦ੍ਰਿੜਾਏ।*
*ਮਿੱਠਾ ਬੋਲਣੁ, ਨਿਵ ਚਲਣੁ, ਹਥਹੁ ਦੇ ਕੈ ਭਲਾ ਮਨਾਏ।*
*ਥੋੜ੍ਹਾ ਸਵਣਾ, ਖਾਵਣਾ, ਥੋੜ੍ਹਾ ਬੋਲਣ ਗੁਰਮਤਿ ਪਾਏ।*
*ਘਾਲਿ ਖਾਇ ਸੁਕ੍ਰਿਤ ਕਰੇ, ਵਡਾ ਹੋਇ ਨ ਆਪੁ ਗਣਾਏ।*
*ਸਾਧ ਸੰਗਤਿ ਮਿਲਿ ਗਾਂਵਦੇ ਰਾਤ ਦਿਹੈ ਨਿਤ ਚਲਿ ਚਲਿ ਜਾਏ।*
*ਸ਼ਬਦ ਸੁਰਤਿ ਪਰਚਾ ਕਰੈ, ਸਤਿਗੁਰ ਪਰਚੈ ਮਨ ਪਰਚਾਏ।*
*ਆਸਾ ਵਿਚਿ ਨਿਰਾਸ ਵਿਲਾਏ॥੫।*

**ਨਿੱਤ ਕਰਮ**—ਗੁਰੂ ਹਰਿ ਰਾਇ ਸਾਹਿਬ ਨੇ ਆਪਣਾ ਨਿੱਤ ਕਰਮ ਅਜਿਹਾ ਬਣਾਇਆ ਜਿਸ ਰਾਹੀਂ ਕੌਮ ਰੌਸ਼ਨੀ ਲੈ ਕੇ ਜੀਵਨ ਰਾਹ ਸੁਖਾਲਾ ਕਰ ਸਕੇ।

ਪਹਿਰ ਰਾਤ ਰਹਿੰਦੀ ਆਪ ਜੀ ਜਾਗਦੇ। ਇਸ਼ਨਾਨ ਕਰਦੇ। ਇਕ ਸੌ ਗਾਗਰ ਜਲ ਨਾਲ ਖੁਲ੍ਹਾ ਇਸ਼ਨਾਨ ਕਰਦੇ।[1] ਜਾਗਤ ਸੁਭਾਓ ਸੀ। ਫਿਰ ਬਸਤ੍ਰ ਸਜਾ

੧. ਏਕ ਸੌ ਗਾਗਰ ਜਲ ਭਰੇ, ਤਾਂ ਸੋ ਮਜਨ ਸਤਿਗੁਰ ਕਰੇ। (ਸਾਖੀ ੨, ਪਾਤਸ਼ਾਹੀ ਸਤਵੀ, ਮਹਿਮਾ ਪ੍ਰਕਾਸ਼)

 www.sikhbookclub.com

ਕੇ ਸਮਾਧੀ ਲਗਾਉਂਦੇ। ਸ਼ਬਦ ਦੀ ਤੁਕ ਸਦਾ ਮੂੰਹ ਰਹਿੰਦੀ। ਜਦ ਪ੍ਰਭਾਤ ਹੁੰਦੀ ਤੇ ਜ਼ਰਾ ਕੁ ਲਾਲੀ ਫੁਟਦੀ ਨਵੇਂ ਬਸਤ੍ਰ ਪਾ ਕੇ ਸਤਿਸੰਗ ਵਿਚ ਆਉਂਦੇ। ਕਪੜੇ ਮਹੀਨ ਹੀ ਪਾਉਂਦੇ। ਸੰਗਤਿ ਵਿਚ ਆ ਕੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਂਦੇ ਤੇ ਫਿਰ ਪਾਠ ਸੁਣਦੇ। ਫਿਰ ਰਬਾਬੀਆਂ ਨੂੰ ਹੁਕਮ ਹੁੰਦਾ ਕਿ ਆਸਾ ਦੀ ਵਾਰ ਦਾ ਕੀਰਤਨ ਕਰੋ। ਕੀਰਤਨ ਪਿੱਛੋਂ ਜੋਟੀਆਂ ਦਾ ਸ਼ਬਦ ਜ਼ਰੂਰ ਪੜ੍ਹਾਂਦੇ। ਆਰਤੀ ਦਾ ਸ਼ਬਦ 'ਗਗਨ ਮਹਿ ਥਾਲ' ਪੜ੍ਹ ਕੇ ਭੋਗ ਪਾਉਂਦੇ। ਅਰਦਾਸ ਖੜੇ ਹੋ ਕੇ ਕਰਨ ਦਾ ਵਿਧਾਨ ਵੀ ਆਪ ਜੀ ਨੇ ਹੀ ਬਣਾਇਆ ਸੀ। ਭਾਵੇਂ 'ਖਲਇ ਕੀਚੈ' ਅਰਦਾਸ ਦੇ ਹੁਕਮ ਪਹਿਲਾਂ ਹੋ ਗਏ ਸਨ।

ਫਿਰ ਸਾਰੀ ਸੰਗਤ ਸਮੇਤ ਲੰਗਰ ਪੁੱਜਦੇ। ਪਹਿਲਾਂ ਸਾਰੀ ਸੰਗਤ ਨੂੰ ਛਕਵਾਂਦੇ ਤੇ ਫਿਰ ਆਪੂੰ ਛਕਦੇ।[1] ਸੰਗਤ ਨੂੰ ਰਿਸ਼ੀਆਂ ਵਾਂਗ ਆਦਰ ਨਾਲ ਛਕਾਂਦੇ। ਲੰਗਰ ਵਿਚ ਹੁਣ ਮਾਸ ਨਹੀਂ ਸੀ ਬਣਦਾ।[2]

ਪ੍ਰਸ਼ਾਦ ਛਕ ਕੇ ਕੁਝ ਦੇਰ ਆਰਾਮ ਕਰਦੇ। ਫਿਰ ਸ਼ਿਕਾਰ ਲਈ ਚੱਲ ਪੈਂਦੇ। ਸ਼ਿਕਾਰ ਜ਼ਿੰਦਾ ਹੀ ਪਕੜ ਲਿਆਂਦੇ। ਜੇ ਕੋਈ ਜ਼ਖਮੀ ਵੀ ਹੋ ਜਾਂਦਾ ਤਾਂ ਉਸ ਨੂੰ ਰੱਖ (Sanctuary) ਵਿਚ ਟਿਕਾ ਇਲਾਜ ਕਰਦੇ ਤੇ ਫਿਰ ਖੁਲ੍ਹਾ ਛੱਡ ਦੇਂਦੇ।

ਸ਼ਾਮ ਨੂੰ ਕਥਾ ਹੁੰਦੀ, ਕਥਾ ਗੁਰੂ ਪਾਤਸ਼ਾਹ ਆਪ ਹੀ ਕਰਦੇ।[3] ਬੜੇ-ਬੜੇ ਵਿਦਵਾਨ ਆਪ ਜੀ ਦੇ ਵਚਨ ਸੁਣਨ ਆਉਂਦੇ। ਗਿਆਨ ਅੰਮ੍ਰਿਤ ਦੀ ਬਰਖਾ ਵਿਚ ਸਭ ਦੀਆਂ ਆਤਮਾਵਾਂ ਉਚਿਆਈਆਂ ਜਾਂਦੀਆਂ।

SIKHBOOKCLUB.COM

ਫਿਰ ਆਪ ਜੀ ਬਾਗ਼ਾਂ ਨੂੰ ਸੈਰ ਕਰਨ ਚਲੇ ਜਾਂਦੇ ਪਰ ਅਖੰਡ ਕੀਰਤਨ ਹੁੰਦਾ ਰਹਿੰਦਾ। ਪ੍ਰਸਿੱਧ ਰਾਗੀ ਕੀਰਤਨ ਕਰਦੇ।[4] ਸੈਰ ਤੋਂ ਮੁੜਦੇ ਪਹਿਲਾਂ ਸ਼ਫਾਖਾਨਾ ਤੇ ਦਵਾਖਾਨਾ ਜਾਂਦੇ। ਘੋੜ ਸਵਾਰੀ ਕਰਦੇ ਤੇ ਦੇਖਦੇ। ਕੁਸ਼ਤੀਆਂ ਕਰਵਾਂਦੇ। ਬੱਚਿਆਂ ਨੂੰ ਇਕੱਠਾ ਕਰ ਉਪਦੇਸ਼ ਦੇਂਦੇ ਤੇ ਹੋਰ ਜੋਧਿਆਂ ਦੇ ਕਰਤਬ ਦੇਖਦੇ ਅਤੇ ਆਪੂੰ ਵੀ ਤੀਰ ਅੰਦਾਜ਼ੀ ਕਰਦੇ। ਇਤਨਾ ਕੱਸ ਕੇ ਤੀਰ ਚਲਾਂਦੇ ਸਨ ਕਿ ਉਹ ਅਸ਼ਟ ਧਾਤ ਨੂੰ ਵੀ ਛੇਦ ਕਰ ਜਾਂਦਾ ਸੀ। ਰੱਖ (ਸੈਂਕਚੂਯਰੀ) ਵਿਚ ਜਾ ਕੇ ਪੰਛੀਆਂ ਨੂੰ ਸਹਿਲਾਂਦੇ।

ਸੋਦਰ ਦੀ ਚੌਂਕੀ ਵੇਲੇ ਫਿਰ ਸੰਗਤਿ ਵਿਚ ਪੁੱਜਦੇ ਤੇ ਪਹਿਰ ਰਾਤ ਲੰਘਣ ਤੱਕ ਦੀਵਾਨ ਸਜਿਆ ਰਹਿੰਦਾ। ਲੰਗਰ ਛਕ, ਸੋਹਿਲਾ ਦਾ ਪਾਠ ਕਰਕੇ ਬਿਰਾਜ ਜਾਂਦੇ। ਕੀਰਤਪੁਰ ਜਦ ਵੀ ਹੁੰਦੇ ਇਵੇਂ ਹੀ ਜੁਗਤ ਵਰਤਦੀ।

**ਬਾਗਾਤ**—ਗੁਰੂ ਹਰਿ ਰਾਇ ਜੀ ਦੇ ਕੋਮਲ ਹਿਰਦੇ ਬਾਰੇ ਤਾਂ ਸਾਰਿਆਂ ਇਤਿਹਾਸਕਾਰਾਂ ਗਵਾਹੀਆਂ ਭਰੀਆਂ ਹਨ ਕਿ ਇਕ ਫੁੱਲ ਗਿਰਿਆ ਤਾਂ ਸਾਰੀ ਉਮਰ ਦਾਮਨ ਸਮੇਟ ਹੀ ਟੁਰੇ। ਕਦੇ ਫੁੱਲ ਨਾ ਤੋੜਿਆ। ਫੁੱਲਾਂ ਨਾਲ ਆਪ ਜੀ

---

੧. ਗੁਰ ਸੰਗਤ ਕੋ ਕਰ ਪ੍ਰੀਤ ਖਲਾਵੈ, ਜਿਉ ਰਾਮ ਚੰਦ ਰਿਖ ਭੋਗ ਭੁਗਾਵੈ।

੨. ਨਹੀਂ ਲੰਗਰ ਪੜੇ ਅਹੇਰ (ਸ਼ਿਕਾਰ) ਅਜਾ (ਬੱਕਰੀ)।

੩. ਪੁਨ ਕਥਾ ਸਮੇਂ ਪੰਡਿਤ ਸਭ ਆਵੈ, ਕਰ ਕਥਾ ਦਿਆਲ ਗੁਰ ਸ੍ਰਵਣ ਕਰਾਵੈ।

੪. ਪੁਨਿ ਹੋਇ ਅਖੰਡ ਕੀਰਤਨ ਦਰਬਾਰ।

 www.sikhbookclub.com

ਦਾ ਬਹੁਤ ਪਿਆਰ ਸੀ। ਕੀਰਤਪੁਰ ਦੀ ਆਬਾਦੀ ਘਣੀ ਹੋ ਰਹੀ ਸੀ ਤੇ ਕਈ ਬਸਤੀਆਂ ਬਣ ਗਈਆਂ ਸਨ। ਆਪ ਨੇ ਵੱਖ-ਵੱਖ ਥਾਵਾਂ ਤੇ ਪਰ ਬਾਗ਼ ਲਗਵਾਏ। ਸਿਆਣੇ, ਸੁਘੜ ਮਾਲੀ ਰੱਖੇ। ਦੂਰੋਂ-ਦੂਰੋਂ ਫੁੱਲਾਂ ਦੇ ਬੀਜ ਮੰਗਵਾ ਬਾਗ਼ਾਂ ਵਿਚ ਸਜਾਏ। ਸੁੰਦਰ ਵਾੜੀ ਵਾਲੇ ਮਾਲੀ ਨੂੰ ਥਾਪੀ ਤੇ ਇਨਾਮ ਦੇਂਦੇ। ਕੀਰਤਪੁਰ ਨੂੰ ਕਿਹਾ ਹੀ ਬਾਗਾਂ ਦਾ ਸ਼ਹਿਰ ਜਾਂਦਾ ਹੈ।

**ਰੱਖ ਜਾਂ ਚਿੜੀਆ-ਘਰ**—ਗੁਰੂ ਹਰਿ ਰਾਇ ਜੀ ਜਦ ਸ਼ਿਕਾਰ ਨੂੰ ਚੜ੍ਹਦੇ ਸਨ ਤਾਂ ਉਨ੍ਹਾਂ ਦਾ ਹੁਕਮ ਤੇ ਕੋਸ਼ਿਸ਼ ਇਹ ਹੀ ਹੁੰਦੀ ਸੀ ਕਿ ਸਭ ਸ਼ਿਕਾਰ ਜ਼ਿੰਦਾ ਹੀ ਪਕੜਿਆ ਜਾਏ। ਐਸੇ ਜਾਲ ਬਣਵਾਏ ਕਿ ਸ਼ਿਕਾਰ ਜ਼ਿੰਦਾ ਹੀ ਕਾਬੂ ਆ ਜਾਏ :

**"ਬਾਉਰੇ ਸੁ ਲਗਵਾਇ, ਜੀਵਨ ਗਹਾਇ ਲੇਤ।**
**ਮਾਰਨੇ ਨ ਦੇਤ, ਆਪ ਮਾਰਤ ਨ ਕਾਹਿ ਹੈ।"**

ਇਸ ਤਰ੍ਹਾਂ ਕਈ ਕਿਸਮ ਦੇ ਜਾਨਵਰ ਪਕੜ ਕੇ ਵਾੜੇ ਵਿਚ ਛੱਡ ਦਿੱਤੇ ਤੇ ਸਿਖਲਾ ਕੇ ਰੱਖ ਬਣਾ ਦਿੱਤੀ। ਕਮਾਲ ਇਹ ਸੀ ਕਿ, ਸੂਰ, ਹਿਰਨ, ਬਘਿਆੜ, ਸਹੇ, ਇਕੋ ਘਾਟ ਪਾਣੀ ਪੀਂਦੇ। ਐਸੀ ਸੁੰਦਰ ਰੱਖ ਬਣਾ ਦਿੱਤੀ ਗਈ ਕਿ ਪੰਛੀ ਆਜ਼ਾਦੀ ਨਾਲ ਉਡਦੇ, ਪਸ਼ੂ ਖੁਲ੍ਹੇ ਫਿਰਦੇ ਤੇ ਕੋਈ ਕਿਸੇ 'ਤੇ ਹੱਥ ਨਾ ਉਠਾਂਦਾ। ਦੂਰ-ਦੂਰ ਤੋਂ ਲੋਕੀਂ ਇਹ ਕੌਤਕ ਦੇਖਣ ਆਂਦੇ ਅਤੇ ਹੈਰਾਨ ਹੁੰਦੇ। ਬਾਜ਼ ਬਹਾਦਰ ਨੇ ਜੋ ਅਦੁੱਤੀ ਹਾਥੀ ਭੇਟਾ ਵਜੋਂ ਦਿੱਤਾ ਸੀ, ਉਸ 'ਤੇ ਕਈ ਰਾਜਿਆਂ ਦੀ ਤੱਕ ਵੀ ਹੋ ਗਈ ਸੀ।

SIKHBOOKCLUB.COM

**ਕੋਟ ਬੱਧਾ**—ਮੁਹਸਨ ਫ਼ਾਨੀ ਦਾ ਕਹਿਣਾ ਹੈ ਕਿ ਸ਼ਾਹਜਹਾਨ ਨੂੰ ਅੰਦਰੋਂ ਇਹ ਬਹੁਤ ਹੀ ਦੁੱਖ ਸੀ ਕਿ ਪਹਾੜੀ ਰਾਜੇ ਆਜ਼ਾਦ ਫਿਰ ਰਹੇ ਹਨ ਤੇ ਈਨ ਨਹੀਂ ਮੰਨਦੇ। ਉਸ ਤਾਰਾ ਚੰਦ 'ਤੇ ਉਚੇਚੀ ਮੁਹਿੰਮ ਚਾੜ੍ਹੀ। ਗੁਰੂ ਜੀ ਵੀ ਜਾਣ ਗਏ ਕਿ ਇਰਾਦੇ ਬਾਦਸ਼ਾਹ ਦੇ ਸ਼ੁੱਭ ਨਹੀਂ ਹਨ। ਉਨ੍ਹਾਂ ਬਧਾਲ (ਪਤਾਲਗੜ੍ਹ) ਦੇ ਥਾਂ 'ਤੇ ਨਦੀ ਕਿਨਾਰੇ ਇਕ ਕਿਲ੍ਹਾ ਉਸਾਰਿਆ। ਗੋਲਾ ਬਾਰੂਦ ਦਾ ਸਾਮਾਨ ਇਸੇ ਕਿਲ੍ਹੇ ਵਿਚ ਸੀ। ਭਾਵੇਂ ਹੱਲਾ ਤਾਂ ਕਿਸੇ ਨੇ ਨਾ ਕੀਤਾ ਪਰ ਇਸ ਕਿਲ੍ਹੇ ਦੀ ਉਸਾਰੀ ਦੱਸ ਰਹੀ ਸੀ ਕਿ ਗੁਰੂ ਜੀ ਹਰ ਪੱਖੋਂ ਸੁਚੇਤ ਸਨ ਤੇ ਸਿੱਖਾਂ ਨੂੰ ਸਾਵਧਾਨ ਕਰਦੇ ਰਹਿੰਦੇ ਸਨ।

**ਕਾਲ ਸਮੇਂ ਲੰਗਰਾਂ ਦੀ ਸਥਾਪਨਾ**—੧੬੪੬ ਈ: ਨੂੰ ਫਿਰ ਪੰਜਾਬ ਤੇ ਖ਼ਾਸਕਰ ਮਾਲਵਾ ਵਿਚ ਅਜਿਹਾ ਕਾਲ ਪਿਆ ਕਿ ਭੁੱਖ ਖੁਣੋਂ ਕਈ ਜਾਨਾਂ ਤੜਪ-ਤੜਪ ਜਾਣ ਲੱਗੀਆਂ। ਸਤਵੇਂ ਪਿਤਾ ਨੇ ਮੌਕੇ ਨੂੰ ਸੰਭਾਲਿਆ ਤੇ ਸੰਗਤਾਂ ਨੂੰ ਹੁਕਮ ਭੇਜੇ ਕਿ ਘਰ-ਘਰ ਲੰਗਰ ਲਗਾ ਦਿਉ। ਜਿੱਥੇ ਵੀ ਧਰਮਸਾਲ ਸੀ, ਉਥੇ ਲੰਗਰ ਲਗਵਾਏ। ਆਪ ਜੀ ਦਾ ਲੰਗਰ ਸਬੰਧੀ ਇਕ ਉਚੇਚਾ ਹੁਕਮ ਸੀ ਕਿ ਨਿਰਾ ਸਮੇਂ ਸਿਰ ਜਾਂ ਦੋ ਵਕਤ ਪ੍ਰਸ਼ਾਦਾ ਨਹੀਂ ਦੇਣਾ। ਕਿਸੇ ਸਮੇਂ ਵੀ ਕੋਈ ਆਵੇ, ਉਸ ਨੂੰ ਪਿਆਰ ਨਾਲ ਪ੍ਰਸ਼ਾਦਾ ਛਕਾਉਣਾ। ਆਪ ਜੀ ਨੇ ਇਕ ਵਾਰੀ ਉਨ੍ਹਾਂ ਸਾਰਿਆਂ ਲੰਗਰ ਕਰਨ ਵਾਲਿਆਂ ਨੂੰ ਜੋ ਸਿਫ਼ਤਾਂ ਕਰ ਰਹੇ ਸਨ ਕਿ ਉਹ ਹਰ ਆਏ ਦੀ

ਦਿਲੋਂ ਸੇਵਾ ਕਰਦੇ ਹਨ, ਖਵਾ ਕੇ ਛਕਦੇ ਹਨ, ਮੁੱਠੀ ਚਾਪੀ ਕਰਦੇ ਹਨ, ਉਨ੍ਹਾਂ ਨੂੰ ਕਿਹਾ ਸੀ :

*"ਵਹੀ ਮੇਰਾ ਸਿਖ ਹੈ।*
*ਅਰ ਵਹੀ ਮੇਰਾ ਲੰਗਰ ਹੈ।"*
**ਜਿਸ ਮੇਂ ਵਖਤੋਂ ਘੁੱਥੋਂ ਕੀ ਸੇਵਾ ਹੋਤੀ ਹੈ ।**
*ਬਾਕੀ ਬਿਨਾਂ ਬਿਚਾਰ ਕੇ ਪੁੰਨ ਪਾਪ ਕਾ ਸੌਦਾ ਹੈ।*[੧]

ਆਪ ਜੀ ਨੇ ਲੰਗਰ ਵਰਤਾਉਣ ਤੋਂ ਪਹਿਲਾਂ **ਨਗਾਰਾ ਵਜਾਉਣ ਦੀ ਰੀਤ ਵੀ ਚਲਾਈ ਸੀ**। ਇਸ ਦਾ ਭਾਵ ਸੀ ਕਿ ਦੂਰ-ਦੂਰ ਬੈਠੇ ਲੋਕੀ ਵੀ ਨਗਾਰੇ ਦੀ ਆਵਾਜ਼ ਸੁਣ ਲੰਗਰ ਆ ਕੇ ਪਾਉਣ। ਇਹਨਾਂ ਹੁਕਮਾਂ ਤੇ ਲੰਗਰਾਂ ਸਦਕਾ ਹਰ ਇਕ ਨੂੰ, ਹਰ ਵੇਲੇ ਬਿਨਾਂ ਵਿਤਕਰੇ **ਖੁੱਲ੍ਹਾ ਰੱਜਵਾਂ ਲੰਗਰ ਮਿਲਦਾ**। ਕਾਲ ਗ੍ਰਸਤ ਲੋਕਾਂ ਗੁਰੂ ਦਾ ਲੜ ਪਕੜਿਆ। ਇਥੇ ਭਾਈ ਫੇਰੂ ਜੀ ਦੇ ਲੰਗਰ ਦੀ ਇਕ ਘਟਨਾ ਦੱਸਣੀ ਕੁਥਾਂ ਨਹੀਂ ਹੋਵੇਗੀ।

**ਭਾਈ ਫੇਰੂ ਜੀ** ਬੜੀ ਸ਼ਰਧਾ ਤੇ ਆਦਰ ਨਾਲ ਹਰ ਆਏ ਨੂੰ ਲੰਗਰ ਛਕਾਂਦੇ ਪਰ ਇਕ ਵਾਰੀ ਚੁਕੇ ਸਮੇਂ ਰਾਹ ਜਾਂਦੇ ਬਹੁਤੇ ਆਏ ਤੇ ਸੇਵਕ ਰਾਹੀਂ ਹਰ ਇਕ ਨੂੰ ਜੋ ਵੀ ਲੰਗਰ ਵਿਚ ਉਸ ਸਮੇਂ ਤਿਆਰ ਸੀ ਛਕਾਇਆ। ਇਕ ਪੰਗਤ ਨੂੰ ਲਾਂਗਰੀ ਨੇ ਪਰਾਉਂਠੇ ਤੇ ਦੂਜੇ ਨੂੰ ਮਿੱਸੇ ਪਰਸ਼ਾਦੇ ਜੋ ਲੰਗਰ ਵਿਚ ਪਏ ਸਨ, ਭਾਈ ਸਾਹਿਬ ਨੇ ਵਰਤਾਣੇ ਸ਼ੁਰੂ ਕਰ ਦਿੱਤੇ। ਇਹ ਦੇਖ ਇਕ ਸਿੱਖ ਦੇ ਮੂੰਹੋਂ ਨਿਕਲਿਆ : ਭਾਈ ਜੀ ! ਗੁਰੂ ਕਾ ਲੰਗਰ ਤੁਸਾਂ ਕਾਣਾ ਕਰ ਛਡਿਆ ਹੈ। ਭਾਈ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ "ਵਰਤਾਵੇ ਦੀ ਭੁੱਲ ਹੈ। ਗੁਰੂ ਕਾ ਲੰਗਰ ਸਭ ਲਈ ਇਕ ਸਮਾਨ ਹੈ। ਲੰਗਰ ਨੂੰ ਕਾਣਾ ਨਾ ਆਖ, ਮੇਰੀ ਅੱਖ ਬੇਸ਼ਕ ਕਾਣੀ ਹੋ ਜਾਵੇ। ਲੰਗਰ ਸਦਾ ਗੁਰੂ ਦਾ ਹੈ ਜਿਥੇ ਊਚ-ਨੀਚ, ਅਮੀਰ-ਗ਼ਰੀਬ ਦਾ ਜ਼ਰਾ ਅੰਤਰ ਨਹੀਂ।"

ਗੁਰੂ ਹਰਿ ਰਾਇ ਜੀ ਇਹ ਵੀ ਫ਼ਰਮਾਇਆ ਕਰਦੇ ਸਨ ਕਿ ਭਾਵੇਂ ਕੁਝ ਹੋਵੇ ਗੁਰੂ ਕੇ ਲੰਗਰ ਵਿਚ ਹਰ ਸਿੱਖ ਯਥਾ ਸ਼ਕਤ ਖ਼ਰਚ ਅੰਨ ਧੰਨ ਰਸਦ ਪਾਏ। ਇਕ ਸਿੱਖ ਨੇ ਕਿਹਾ ਕਿ ਜੇ ਆਪਣੇ ਕੋਲ ਖਾਣ ਨੂੰ ਮਸਾਂ ਕੁ ਹੋਵੇ ਤਾਂ ਉਹ ਕੀ ਕਰੇ ?

ਮਹਾਰਾਜ ਨੇ ਕਿਹਾ ਕਿ ਭਾਵੇਂ **ਇਕ ਚੁਟਕੀ ਆਟਾ ਜਾਂ ਚਾਰ ਦਾਣੇ ਹੀ ਪਾਏ** । ਲੰਗਰ ਵਿਚ ਪਾਈ ਰਸਦ ਨਾਲ ਬਰਕਤ ਆਉਂਦੀ ਹੈ ਅਤੇ ਜੋ ਦੂਜੇ ਪਾਸੇ ਗੁਰੂ ਲੰਗਰ ਜਾਂ ਗੋਲਕ ਤੋਂ ਘਰ ਲੈ ਆਂਦੇ ਹਨ, ਉਨ੍ਹਾਂ ਦੀਆਂ ਸਾਰੀਆਂ ਬਰਕਤਾਂ ਉੱਡ ਪੁੱਡ ਜਾਂਦੀਆਂ ਹਨ।

ਇਕ ਸਾਖੀ ਵੀ ਸੁਣਾਈ ਕਿ ਇਕ ਕਿਰਤੀ ਮੱਜਮੀ ਸਿੱਖ ਅਨਾਜ ਦੀ ਮੰਡੀ ਚੋਂ ਝਾੜੂ ਨਾਲ ਅੰਨ ਹੂੰਝ ਲਿਆਂਦਾ ਸੀ ਤੇ ਜਦ ਉਹ ਪੀਸਣ ਪਕਾਉਣ ਲਈ ਅੰਨ ਸੁੱਕਣੇ ਪਾਉਂਦਾ ਤਾਂ ਉਨ੍ਹਾਂ ਦੇ ਘਰ ਵਿਚੋਂ ਇਕ ਚਿੜਾ ਅੰਨ ਦੇ ਦੋ ਦਾਣੇ

---

੧. ਮਹਿਮਾ ਪ੍ਰਕਾਸ਼ ਵਾਰਤਕ।

 www.sikhbookclub.com

ਗੁਰੂ ਲੰਗਰ ਵਿਚ ਪਾ ਆਉਂਦਾ ਸੀ। ਘਰ ਬਰਕਤਾਂ ਆਉਣ ਲੱਗਿਆਂ। ਦਿਨਾਂ ਵਿਚ ਸੌਖੇ ਹੋ ਗਏ। ਨਵਾਂ ਮਕਾਨ ਬਣਾਇਆ, ਪਰ ਵਿਸਰ ਗਿਆ ਪ੍ਰਭੂ। ਭੁੱਲ ਗਿਆ ਗੁਰੂ ਦਾ ਲੰਗਰ। ਕਰਣੀ ਕੁਦਰਤ ਦੀ ਕਿ ਉਹ ਹੀ ਚਿੜਾ ਹੁਣ ਲੰਗਰ ਦੇ ਦਾਣਿਆਂ ਵਿਚੋਂ ਦੋ ਦਾਣੇ ਜਾਂ ਚੁਟਕੀ ਆਟੇ ਦੀ ਉਨ੍ਹਾਂ ਦੀਆਂ ਬੋਰੀਆਂ ਵਿਚ ਪਾ ਆਉਂਦਾ। ਫਿਰ ਕੰਗਾਲ ਹੋਏ ਤੇ ਗੁਰੂ ਸ਼ਰਨ ਆਏ ਤੇ ਕਾਰਨ ਪੁੱਛਿਆ ਇਸ ਤੋਂ ਪਹਿਲਾਂ ਬਰਕਤਾਂ, ਫਿਰ ਕੰਗਾਲਤਾ ਦਾ। ਮਹਾਰਾਜ ਨੇ ਕਿਹਾ ਕਿ ਅੰਨ ਜਿਤਨੇ ਮੂੰਹਾਂ ਵਿਚ ਪਵੇਗਾ, ਉਤਨਾ ਹੀ ਵਾਧਾ ਹੋਵੇਗਾ।

ਇਹ ਵੀ ਹੁਕਮ ਦੇ ਰਖਿਆ ਸੀ ਕਿ ਜੋ ਮਸੰਦ ਉਗਰਾਹੀ ਦੀ ਰਕਮ ਤੇ ਰਸਦ ਲੋੜਵੰਦਾ ਵਿਚ ਵੰਡ ਦਿੰਦਾ ਹੈ, ਉਸ ਨੂੰ ਸਿੱਧੀ ਪੁੱਜੀ ਜਾਣੇ। ਹੁਕਮ ਸੀ :

**"ਕੋਈ ਸਿੱਖ ਭੀੜਾ ਆਦਿ ਨਜ਼ਰ ਆਵੇ,**
**ਤਿਸ ਕਹੁ ਦੇਇ ਭੁਖਿਆ ਕੋ ਖਲਾਵੇ,**
**ਜੋ ਮੇਰੇ ਜਿਮੇ ਹੋ ਪੁੱਜ ਜਾਵੇਗਾ।"**

ਕਿਤਨੇ ਹੀ ਖੂਹ, ਸਰੋਵਰ, ਤਾਲਾਬ ਆਪ ਜੀ ਨੇ ਲਗਵਾਏ ਤਾਂ ਕਿ ਪਾਣੀ ਦੀ ਔੜ ਵੀ ਨਾ ਰਹੇ।

**ਦਵਾਖ਼ਾਨਾ ਤੇ ਸ਼ਫਾਖ਼ਾਨਾ**—ਗੁਰੂ ਪਾਤਸ਼ਾਹ ਜਿੱਥੇ ਨਾਮ ਦਾਰੂ ਦੇਂਦੇ ਸਨ ਉਥੇ ਰੋਗੀ ਦਾ ਰੋਗ ਖੰਡਨ ਕਰਨ ਦਾ ਉਪਰਾਲਾ ਵੀ ਕਰਦੇ ਸਨ। ਗੁਰੂ ਅਰਜਨ ਜੀ ਆਪੂੰ ਪਿੰਡਾਂ ਵਿਚ ਜਾ ਕੇ ਦਾਰੂ ਵੰਡਦੇ ਸਨ। ਗੁਰੂ ਹਰਿਗੋਬਿੰਦ ਜੀ ਉਚੇਚੇ ਕਸ਼ਮੀਰ ਦੁਖੀਆਂ ਦੇ ਦੁੱਖ ਦੂਰ ਕਰਨ ਹੀ ਗਏ ਸਨ। ਹਰ ਧਰਮਸਾਲ ਨਾਲ ਦਵਾਖ਼ਾਨਾ ਰੱਖਣ ਦਾ ਰਿਵਾਜ ਸੀ।

ਗੁਰੂ ਹਰਿ ਰਾਇ ਜੀ ਨੇ ਕੀਰਤਪੁਰ ਵਿਚ ਬਹੁਤ ਵੱਡੇ ਪੈਮਾਨੇ 'ਤੇ ਇਕ ਦਵਾਖ਼ਾਨਾ ਤੇ ਸ਼ਫਾਖ਼ਾਨਾ ਬਣਾਇਆ। ਉਥੇ ਪ੍ਰਸਿਧ ਵੈਦ ਤੇ ਹਕੀਮ ਰੱਖੇ ਤੇ ਉਹ ਦਵਾਈਆਂ ਰੱਖੀਆਂ ਤੇ ਬਣਾਈਆਂ ਜੋ ਹਿੰਦੁਸਤਾਨ ਵਿਚ ਕਿਸੇ ਵੀ ਥਾਂ ਤੇ ਨਹੀਂ ਮਿਲਦੀਆਂ ਸਨ। ਸਾਡੇ ਇਤਿਹਾਸ ਨੇ ਗੱਜ ਮੋਤੀ, ਹਰੜ, ਲੌਂਗ ਤੇ ਸਤ ਦਾਰੂ ਦਾ ਜ਼ਿਕਰ ਕੀਤਾ ਹੈ। ਜਦ ਦਾਰਾ ਸ਼ਿਕੋਹ ਨੂੰ ਚਾਲਾਕੀ ਨਾਲ ਔਰੰਗਜ਼ੇਬ ਨੇ ਸ਼ੇਰ ਦੀ ਮੁੱਛ ਦਾ ਵਾਲ ਪਲਾਉ ਵਿਚ ਖਵਾਲ ਦਿੱਤਾ ਸੀ ਤਾਂ ਸ਼ਾਹੀ ਹਕੀਮ ਸਾਰੇ ਪਾਸੀਂ ਤਲਾਸ਼ ਕਰ ਹਟੇ, ਉਨ੍ਹਾਂ ਨੂੰ ਯੋਗ ਦਵਾਈ ਕਿਧਰੋਂ ਨਾ ਮਿਲੀ। ਮੁਗ਼ਲ ਦਰਬਾਰ ਵਿਚ ਜਦ ਗੱਲ ਚੱਲੀ ਕਿ :

*"ਏਕ ਗੱਜ ਮੋਤੀ ਕੀ ਤਿਸੇ ਖਾਹਸ਼।*
*ਹਿੰਦ ਮਗਲ ਮੇ ਕਰੀ ਤਲਾਇਸ਼।*
*ਬਡੇ ਲੋਗ ਅਰੁ ਰਾਇ ਹਰੀੜ।*
*ਖੋਜੇ ਨਹੀਂ ਮਿਲੇ ਕਾਲਕ, ਅਤ ਭੀੜ।"*


www.sikhbookclub.com

ਤਾਂ ਇਕ ਦਰਬਾਰੀ ਨੇ ਕਿਹਾ ਕਿ :

*"ਗੁਰੂ ਹਰਿ ਰਾਇ ਜੀ ਕੋ ਘਰ ਆਹਿ।"*

ਗੁਰੂ ਜੀ ਵੀ ਹਿਕਮਤ ਦੀਆਂ ਸਾਰੀਆਂ ਪੁੜੀਆਂ ਜਾਣਦੇ ਸਨ। ਸੇਵਾ ਪੰਥੀਆਂ ਨੇ ਇਸੇ ਹੀ ਲੀਹ ਤੇ ਟੁਰਦੇ ਪਿੰਡਾਂ, ਧਰਮਸਾਲਾਂ ਤੇ ਡੇਰਿਆਂ ਵਿਚ ਦਵਾਖ਼ਾਨੇ ਕਾਇਮ ਕੀਤੇ। ਆਪੂੰ ਰੋਜ਼ ਗੁਰੂ ਜੀ ਦਵਾਈਆਂ ਵੰਡਦੇ ਤੇ ਦੁੱਖ ਦੂਰ ਕਰਦੇ।

**ਅਨੰਦ ਵਿਆਹ**—ਜਦ ਗੁਰੂ ਹਰਿ ਰਾਇ ਜੀ ਸਤਾਰ੍ਹਾਂ ਵਰ੍ਹਿਆਂ ਦੇ ਹੋਏ ਤਾਂ ਜੂਨ ੧੬੪੭ ਨੂੰ ਸੁਲੱਖਣੀ ਬੇਟੀ ਭਾਈ ਦਇਆ ਰਾਮ ਨਾਲ ਜੋ ਅਨੂਪ ਸ਼ਹਿਰ (ਯੂ.ਪੀ.) ਬੁਲੰਦ ਸ਼ਹਿਰ ਤੋਂ ੧੫ ਮੀਲ ਪੂਰਬ ਤੇ ਉਥੋਂ ਰਤਾ ਕੁ ਦੱਖਣ ਰਹਿੰਦੇ ਸਨ, ਵਿਆਹ ਹੋਇਆ। ਸਹੁਰੇ ਘਰ ਦਾ ਨਾਮ ਕਿਸ਼ਨ ਕੌਰ ਰੱਖਿਆ ਗਿਆ। ਵਿਆਹ ਇਕੋ ਸੀ ਪਰ ਦੋਖੀਆਂ ਨੇ ਸੱਤ ਜਾਂ ਅੱਠ ਲਿਖ ਦਿੱਤੇ। ਇਥੇ ਪਹਿਲੀ ਗੱਲ ਤਾਂ ਇਹ ਨੋਟ ਕਰਨ ਵਾਲੀ ਹੈ ਕਿ ਮਹਿਮਾ ਪ੍ਰਕਾਸ਼ ਵਾਰਤਕ ਤੇ ਕਵਿਤਾ ਨੇ ਕਿਸੇ ਹੋਰ ਵਿਆਹ ਦਾ ਜ਼ਿਕਰ ਨਹੀਂ ਕੀਤਾ। ਉਥੇ ਬਸ ਅੰਤਮ ਸਾਖੀ ੨੧ਵੀਂ, ਪਾਤਸ਼ਾਹੀ ਸਤਵੀਂ, ਵਿਚ ਇਤਨਾ ਹੀ ਲਿਖਿਆ ਹੈ :

**ਬਾਬਾ ਗੁਰਦਿੱਤਾ ਪਿਤਾ, ਰਾਜ ਕੌਰ ਜੀ ਮਾਤਾ, ਸੁਲੱਖਣੀ ਪਤੀ ਹਰਿ ਰਾਇ, ਗੁਰੂ ਹਰਿ ਕ੍ਰਿਸ਼ਨ, ਰਾਮ ਰਾਇ ਤਾਤ।"**

ਫਿਰ ਇਹ ਗੱਲ ਉਚੇਚੀ ਸਮਝਣ ਵਾਲੀ ਹੈ ਕਿ ਇਹ ਸਾਖੀ ਸੱਤ ਸਾਲੀਆਂ ਤੇ ਨੌਕਰਾਣੀਆਂ ਦੇ ਵਿਆਹ ਵਾਲੀ ਦੋਖੀ ਨੇ ਜਿੱਥੇ ਲਿਖੀ, ਉਥੇ ਪ੍ਰਸੰਗਕ ਵੀ ਨਹੀਂ। ਰਾਸ ਅੱਠ, ਅੰਸ਼ ੪੩ ਤੇ ਅੰਤ ਲਿਖਿਆ ਹੈ ਕਿ ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਅਸ਼ਟਮ ਰਾਸ, 'ਸ੍ਰੀ ਗੁਰੂ ਤੇਗ ਬਹਾਦਰ ਪ੍ਰਸੰਗ ਬਰਨੰਨ' ਤੋਂ ਬਾਅਦ ਬਗ਼ੈਰ ਪ੍ਰਸੰਗ ਮਿਲਾਏ ਗੁਰੂ ਹਰਿ ਰਾਇ ਜੀ ਦੇ ਸੱਤਾਂ ਵਿਆਹਾਂ ਦਾ ਅਮੇਲਵਾਂ ਅੰਸ ਪਾ ਦਿੱਤਾ ਹੈ। ਸਿਵਾਇ ਛਪੇ ਸੂਰਜ ਪ੍ਰਕਾਸ਼ ਦੇ ਪੁਰਾਤਨ ਨੁਸਖ਼ਿਆਂ ਵਿਚ ਜ਼ਿਕਰ ਨਹੀਂ ਹੈ। ਹੱਥ ਲਿਖਤ ਨੁਸਖ਼ਿਆਂ ਵਿਚ ਕਿਸੇ ਪਿੱਛੋਂ ਪਾਉਣ ਦਾ ਕੋਹਜਾ ਯਤਨ ਕੀਤਾ। ਜਿਨ੍ਹਾਂ ਦੋ ਪੱਤਰੇ ਅਤੇ ਚਾਰ ਪੰਨਿਆਂ 'ਤੇ ਇਹ ਸੱਤ ਵਿਆਹ ਵਾਲੇ ਪ੍ਰਸੰਗ ਦਾ ਜ਼ਿਕਰ ਹੈ, ਉਸ 'ਤੇ ਪੰਨਾ ਹੀ ਨਹੀਂ ਪਾਇਆ। ਹਾਂ ਜੇ ਭੁੱਲ ਨਾਲ ਪੰਨੇ ਪਾਣੇ ਰਹਿ ਵੀ ਗਏ ਹੁੰਦੇ ਤਾਂ ਅਗਲਾ ਪੰਨਾ ਤਾਂ ਠੀਕ ਹੁੰਦਾ। ਇਕ ਪੱਤਰਾ ਕੱਟ ਕੇ ਜੋੜਿਆ ਹੈ। ਇਹ ਵਿਆਹਾਂ ਵਾਲਾ ਪ੍ਰਸੰਗ ੫੫੭ ਪੰਨੇ ਤੋਂ ਅਰੰਭ ਹੁੰਦਾ ਹੈ ਫਿਰ ਚਾਰ ਸਫ਼ਿਆਂ 'ਤੇ ਕੋਈ ਅੰਕ ਨਹੀਂ, ਖ਼ਾਲੀ ਹਨ ਤੇ ਅਗਲਾ ਫਿਰ ੫੫੮ ਦਾ ਸਫ਼ਾ ਹੈ।

ਇਕ ਹੋਰ ਹਾਸੋਹੀਣੀ ਗੱਲ ਦੇਖੋ, ਜਦ ਵਿਆਹ ਹੋਇਆ, ਉਸੇ ਲਿਖਾਰੀ

 www.sikhbookclub.com

ਦੇ ਕਹਿਣ ਮੁਤਾਬਕ ਉਮਰ ੧੦ ਸਾਲ ਹੈ ਅਤੇ ਇਹ ਲਿਖਿਆ ਹੈ ਕਿ ਜਦ ਸੁਲੱਖਣੀ ਦੀ ਸ਼ਾਦੀ ਹੋਈ ਤਾਂ ਬਾਕੀ ਛੇ ਭੈਣਾਂ ਨੇ ਵੀ ਸੰਕਲਪ ਕੀਤਾ ਕਿ ਅਸੀਂ ਗੁਰੂ ਜੀ ਦੀਆਂ ਹਾਂ। ਹੁਣ ਰਤਾ ਕੁ ਸੋਚੋ ਜੇ ਇਕੋ ਆਦਮੀ ਦੀਆਂ ਸੱਤ ਲੜਕੀਆਂ ਜੇ ਉਤੋੜੱਤੀ ਵੀ ਜੰਮੀਆਂ ਹੋਣ ਤਾਂ ਸਭ ਤੋਂ ਛੋਟੀ ਦੀ ਉਮਰ ਮਸਾਂ ਸਵਾ ਸਾਲ ਹੋਵੇਗੀ। ਜੇ ਵੱਡੀ ਦੀ ਉਮਰ ੯ ਸਾਲ ਮਿਥ ਲਈਏ। ਇਤਨੀਆਂ ਛੋਟੀਆਂ ਮਨ ਵਿਚ ਕੋਈ ਖ਼ਿਆਲ ਲਿਆ ਸਕਦੀਆਂ ਹਨ ਤੇ ਫਿਰ ਸਵਾ, ਢਾਈ ਜਾਂ ਚਾਰ ਸਾਲ ਦੀ ਲੜਕੀ ਲਈ ਵਰ ਲੱਭਣ ਦਾ ਫ਼ਿਕਰ ਮਾਪਿਆਂ ਨੂੰ ਕਿਵੇਂ ਹੋਣ ਲੱਗਾ। ਇਹ ਸਭ ਦੋਖੀ ਰਲਾ ਪਾਉਂਦੇ ਰਹੇ ਕਿ ਗੁਰਾਂ ਦੀ ਅਜ਼ਮਤ ਪ੍ਰਗਟ ਨਾ ਹੋਵੇ, ਪੜ੍ਹਨ ਵਾਲੇ ਵਿਚ ਆਪਣੇ ਗੁਰੂ ਪ੍ਰਤੀ ਸ਼ਰਧਾ ਨਾ ਉਪਜੇ।[1]

---

੧. ਹੋਰ ਵਿਸਥਾਰ ਲਈ ਮੇਰੀ ਪੁਸਤਕ 'ਸਿਧਾਂਤ ਤੇ ਸ਼ਤਾਬਦੀਆਂ' ਤੱਕੋ।

**ਨੋਟ**—ਕੀ ਐਸੇ ਹੀ ਲੋਕਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਸੀਤਲਾ ਦੀ ਪੂਜਾ ਕਰਾਉਣ ਦਾ ਨਿਸਫਲ ਯਤਨ ਨਹੀਂ ਕੀਤਾ ? ਕੀ ਅਜਿਹੇ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਪੂਜਾ ਕਰਦੇ ਨਹੀਂ ਦਿਖਾਇਆ ਤੇ ਫਿਰ ਹਰ ਜਤਨ ਇਹ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਇਕ ਸਿੱਖ ਰਾਜਾ ਨਾ ਦਿੱਸ ਕੇ ਇਕ ਸ਼ਰਾਬੀ ਤੇ ਵਿਭਚਾਰੀ ਦਿੱਸੇ। ਪਰ ਲੱਖ ਯਤਨ ਕਰਨ ਇਹ ਸ਼ਰਾਰਤੀ, ਜ਼ਰ ਖ਼ਰੀਦ ਸਫਲ ਨਹੀਂ ਹੋ ਸਕਦੇ ਤੇ ਨਾ ਹੀ ਹੋਣ ਦੇਣੇ ਚਾਹੀਦੇ ਹਨ।

SIKHBOOKCLUB.COM

## ੫

# ਫੈਲਯੋ ਦੇਸ-ਦੇਸ ਜਸ ਗੁਰੂ ਕਾ

**ਅਦੁੱਤੀ ਸਿੱਖ ਦੀ ਘਾੜਤ**— ਪਿਛਲੇ ਕਈ ਵਰ੍ਹਿਆਂ ਤੋਂ ਕੀਰਤਪੁਰ ਵਿਚ ਜੋ ਸਿੱਖਾਂ ਦੀ ਘਾੜਤ ਘੜੀ ਜਾ ਰਹੀ ਸੀ, ਉਸ ਨੇ ਕਈ ਉਚੀਆਂ ਸੁਰਤਾਂ ਤੇ ਅਥਾਹ ਜੁਰਅਤਿ ਵਾਲੇ ਬੰਦੇ ਪੈਦਾ ਕਰ ਦਿੱਤੇ ਸਨ । ਭਾਈ ਭੰਡਾ ਜਿਨ੍ਹਾਂ ਹੁਕਮ ਮੰਨਣ ਦੀ ਹੱਦ ਦਰਸਾਈ ਸੀ ਅਤੇ ਭਾਈ ਭੈਰਉ ਜਿਨ੍ਹਾਂ ਜੁਰਅਤਿ ਦੀ ਝਾਕੀ ਪੇਸ਼ ਕੀਤੀ ਸੀ । ਭਾਈ ਸਾਧ, ਜਿਨ੍ਹਾਂ ਗੁਰ-ਬਚਨਾਂ ਤੋਂ ਪੁੱਤਰ ਤਕ ਵਾਰ ਦਿੱਤਾ ਸੀ, ਦੀਆਂ ਅਨੇਕ ਸਾਖੀਆਂ ਸਿੱਖਾਂ ਸਾਹਮਣੇ ਆ ਰਹੀਆਂ ਸਨ । ਸਿੱਖ ਆਤਮ ਰਸੀਏ, ਗਿਆਨੀ, ਕਹਿਣੀ ਦੇ ਸੂਰੇ, ਸਿਧ ਸਾਧਕ ਤੇ ਐਸੇ ਬਣ ਗਏ ਜਿਨ੍ਹਾਂ ਦੀ ਰੱਬ ਆਪ ਸੁਣਦਾ ਹੈ । ਬਾਣੀ ਪੜ੍ਹਦੇ, ਗਾਂਵਦੇ ਦੇਵਤੇ ਹੀ ਲਗਦੇ ਸਨ । ਮੋਹ ਮਾਇਆ ਦੀ ਮੈਲ ਗੁਰੂ ਚਰਨਾਂ ਪਾਸ ਬੈਠ ਕੇ ਉਨ੍ਹਾਂ ਦੂਰ ਕਰ ਲਈ ਸੀ । ਜਦ ਕੀਰਤਪੁਰ ਵਿਚ ਕੋਈ ਇਨ੍ਹਾਂ ਨੂੰ ਤੁਰਦੇ ਫਿਰਦੇ ਦੇਖਦਾ ਤਾਂ ਇੰਝ ਲਗਦਾ ਜਿਵੇਂ ਹੰਸਾਂ ਦੀਆਂ ਡਾਰਾਂ ਤੁਰ ਫਿਰ ਰਹੀਆਂ ਹਨ :

*"ਜਨ ਮਾਲ ਮਰਾਲਨ ਛੁਰਕੇ ।"*

**ਦੱਖ ਦਰਬਾਰ ਦੀ**—ਗੁਰੂ ਜੀ ਦਾ ਜੱਸ ਚਾਰੇ ਪਾਸੇ ਸੂਰਜ ਦੀਆਂ ਕਿਰਨਾਂ ਵਾਂਗ ਫੈਲ ਰਿਹਾ ਸੀ ਤੇ ਉਨ੍ਹਾਂ ਦੇ ਦਰਬਾਰ ਦੀ ਦੱਖ ਵੀ ਨਿਰਾਲੀ ਤੇ ਅਦੁੱਤੀ ਸੀ। ਜਦ ਆਪ ਜੀ ਦਰਬਾਰ ਲਗਾਂਦੇ ਤਾਂ ਨਕੀਬ ਸੱਦ ਦੇਂਦੇ ਜਾਂਦੇ ਸੀ ਅਤੇ ਨਗਾਰਾ ਵੱਜਦਾ ਰਹਿੰਦਾ ਸੀ, ਹਾਥੀ ਚਾਂਦੀ ਦੇ ਹੁੱਦੇ ਵਾਲਾ ਬਾਹਰ ਝੂਮਦਾ ਰਹਿੰਦਾ । ਬਾਈ ਸੌ ਸਵਾਰ ਭਾਂਤ-ਭਾਂਤ ਦੀਆਂ ਵਰਦੀਆਂ ਵਿਚ ਜਥੇ ਬਣਾ ਕੇ ਦੀਵਾਨ ਵਿਚ ਸਜਦੇ ਸਨ :

*"ਬਾਈ ਸੌ ਤੁਰੰਗ, ਜਾ ਕੈ ਸੰਗ ਨਰਰਾਇ ਜੀ।"*

ਬਾਹਰ ਚੋਬਦਾਰ ਖੜਾ ਰਹਿੰਦਾ ਸੀ। ਹਰ ਆਏ ਗਏ 'ਤੇ ਨਜ਼ਰ ਰੱਖਦਾ ਸੀ। ਪਾਤਸ਼ਾਹੀ ਸ਼ਾਮਿਆਨੇ ਨੂੰ ਤਨਿਆ ਦੇਖ ਸੰਸਾਰੀ ਬਾਦਸ਼ਾਹ ਵੀ ਲਜ ਖਾ ਜਾਂਦੇ ਸਨ। ਉਧਰ ਜਦ ਬਚਨਾਂ ਰਾਹੀਂ ਨਾਮ ਦੀ ਝੜੀ ਲਗਾ ਸ਼ਾਂਤੀ ਵਰਤਾਂਦੇ ਸਨ ਤਾਂ ਪਰਲੋਕ ਦੇ ਦੇਵਤੇ ਵੀ ਸ਼ਰਮਾ ਜਾਂਦੇ ਸਨ :

*"ਪੁਰ ਕੀ ਧਰਮਾ ਭਿ ਲਜੈ ਹੈ।"*



www.sikhbookclub.com

ਆਪ ਜੀ ਦੇ ਚਿਹਰੇ ਦੀ ਨੂਰਾਨੀ ਝਲਕ ਸਭ ਹਾਜ਼ਰ ਸੰਗਤਾਂ ਵਿਚ ਜੀਵਨ ਰੌ ਦੂੜਾ ਦੇਂਦੀ ਸੀ। ਇੰਝ ਜਾਣੋ ਜਿਵੇਂ ਚੰਦਨ ਦਾ ਬਾਗ਼ ਸਭ ਪਾਸੇ ਸੁਗੰਧੀ ਖਲੇਰ ਕੇ ਹਰ ਇਕ ਨੂੰ ਸੁਗੰਧਿਤ ਕਰ ਦੇਵੇ :

*"ਪਾਰਸ ਬਾਵਨ ਜਯੋਂ, ਤਿਮ ਸਿਖਨ ਪੈ,*
*ਹਰਿ ਰਾਇ ਗੁਰੁ ਛਬਿ ਜਾਈ।*

ਸੰਗਤਾਂ ਦੂਰੋਂ-ਦੂਰੋਂ ਆ ਕੇ ਭੇਟਾ ਰੱਖਦੀਆਂ ਤੇ ਮੇਵੜਾ ਸੁਣਾਈ ਚਲਾ ਜਾਂਦਾ। ਇਹ ਠੀਕ ਹੈ ਕਿ ਪਹਿਲੇ ਵਾਂਗ ਹੀ **"ਲਾਖਨ ਕੋ ਧਨ ਆਏ ਹੋ ਪਰ ਗੁਰ ਖਰਚੈ ਸੋਊ।"** ਇਸ ਤਰ੍ਹਾਂ ਦਾ ਵਿਵਹਾਰ ਚਲਦਾ ਕਿ ਸਭ ਰਾਜ਼ੀ ਜਾਂਦੇ। ਦੀਵਾਨ ਦੀ ਪਦਵੀ ਭਾਈ ਪਰਾਗਾ ਦੇ ਪੋਤਰੇ ਭਾਈ ਦਰਗਾਹ ਮੱਲ ਨੂੰ ਆਪ ਜੀ ਨੇ ਬਖ਼ਸ਼ੀ ਸੀ। ਉਸ ਬਾਰੇ ਖੰਮਾਵਲੀਨਾਮੇ ਵਾਲੇ ਨੇ ਲਿਖਿਆ ਹੈ ਬੜੇ ਸੂਝਵਾਨ ਤੇ ਫ਼ਹੀਮ[1] ਸਨ।

ਕੋਈ ਹਾਜ਼ਰ ਹੋ ਕੇ ਕਹਿੰਦਾ ਕਿ ਆਪ ਜੀ ਦੀ ਰਹਿਮਤ ਸਦਕਾ ਕਾਰਜ ਪੂਰੇ ਹੋਏ ਹਨ। ਕੋਈ ਪੁੱਤਰ ਦੀ ਦਾਤ ਪਾ ਕੇ ਸ਼ੁਕਰਾਨੇ ਲਈ ਪੁੱਜਦਾ। ਕੋਈ ਕਹਿੰਦਾ ਕਿ ਤੁਹਾਡੀ ਮੇਹਰ ਸਦਕਾ ਦਲਿੱਦਰ ਮੁੱਕੇ ਹਨ। ਕੋਈ ਦਸਵੰਧ ਦੀਆਂ ਰਕਮਾਂ ਪਹੁੰਚਾ ਸੁਰਖ਼ਰੂ ਹੁੰਦਾ। ਕੋਈ ਨਾਮ ਦੀ ਯਾਚਨਾ ਕਰਦਾ। ਕਿਆ ਖ਼ੂਬ ਲਿਖਿਆ ਹੈ, ਗੁਰ ਪ੍ਰਣਾਲੀ ਵਿਚ ਕਿ :

*"ਬੈਠ ਪੁਰ ਕੀਰਤ ਪੈ, ਕੀਰਤ ਪ੍ਰਕਾਸ਼ੀ ਜਾ ਕੀ,*
*ਕਾਬਲ ਕੰਧਾਰ ਗਜ਼ਨੀ ਤੇ ਆਵੈ ਸੰਗਤਾਂ।*
*ਸਾਲ ਸਤਰਾਂ ਮਾਸ ਸਤ, ਨੌ ਦਿਨ ਰਾਜ ਕੀਨੋ,*
*ਜਾ ਕੇ ਦਰਬਾਰ ਦੀਸੇ ਨਾਹਿ ਕੋਊ ਮੰਗਤਾ।"*

ਊਚ-ਨੀਚ, ਅਮੀਰ-ਗ਼ਰੀਬ ਦਾ ਭੇਦ ਗੁਰੂ ਦੇ ਦਰਬਾਰ ਵਿਚ ਨਹੀਂ ਸੀ।[2]

ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਕੀਰਤਪੁਰ ਤਾਂ ਹਰ ਵੇਲੇ ਮੇਲਾ ਹੀ ਲੱਗਾ ਰਹਿੰਦਾ ਸੀ। ਸੰਨਿਆਸੀ ਤੇ ਬੈਰਾਗੀ ਦਿਗੰਬਰ (ਵਿਰਕਤ) ਤੱਕ ਟੁਰੇ ਆਉਂਦੇ ਸਨ। ਅਨੇਕਾਂ ਟਾਪੂਆਂ ਤੋਂ ਲੋਕ ਦਰਸ਼ਨਾਂ ਨੂੰ ਆਂਵਦੇ :

*"ਅਨਿਕ ਟਾਪੂ ਆਦਿ ਤੇ ਨਰ ਆਵੈ।"*

ਖ਼ਾਸ ਕਰ ਕੇ ਕਾਬਲ, ਕੰਧਾਰ, ਬਲਖ਼ ਬੁਖ਼ਾਰਾ ਤੋਂ ਚੋਣਵੀਆਂ ਨਸਲਾਂ ਦੇ ਘੋੜੇ ਲੈ ਕੇ ਸਿੱਖ ਪੁੱਜਦੇ। **'ਬਲਖ਼ ਬੁਖ਼ਾਰਾ ਆਦਿਕ ਦੇਸ਼ ਆਨਹਿ ਹਯਨਿ ਵਿਸ਼ੇਸ਼'।**

---

੧. ਦਰਗਾਹ ਮੱਲ ਦੀਵਾਨ, ਗੁਰੂ ਹਰਿ ਰਾਇ ਜੀ ਦਾ ਬ੍ਰਾਹਮਣ ਛਿੱਬਰ, ਬਹੁਤ ਫ਼ਹੀਮੀ (ਸਿਆਣਾ) ਥਾ।

੨. He made no distinction between Rich & Poor.

(ਮੈਕਾਲਿਫ, ਪੰਨਾ ੨੭੬, ਜਿਲਦ ਚੌਥੀ)

 www.sikhbookclub.com

ਲੋਕ ਜਵਾਨੀਆਂ ਭੇਟ ਕਰਦੇ। ਸਾਡੇ ਇਤਿਹਾਸ ਨੇ ਅਨੇਕਾਂ ਹੀ ਨਾਮ ਲਿਖੇ ਹਨ। ਭਾਈ ਚੌਪਾ ਸਿੰਘ ਉਨ੍ਹਾਂ ਵਿਚ ਇਕ ਸਨ।

ਇਹ ਹੀ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਬਣੇ। ਭਾਈ ਚੌਪਾ ਸਿੰਘ ਦਾ ਲਿਖਿਆ ਰਹਿਤਨਾਮਾ ਪੰਥ ਵਿਚ ਪ੍ਰਮਾਣਿਕ ਹੈ। ਭਾਈ ਨੰਦ ਲਾਲ ਜੀ ਨੇ ਹੋਰ ਉਪਮਾ ਕਰਦੇ ਲਿਖਿਆ :

ਕਿ ਗੁਰੂ ਹਰਿ ਰਾਇ ਸੱਚ ਦੇ ਪਾਲਣਹਾਰ, ਸੱਚ ਦੇ ਧਾਰਨੀ। ਸੁਲਤਾਨ ਵੀ ਹਨ ਅਤੇ ਦਰਵੇਸ਼ ਵੀ :

*"ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ।"*

ਭਾਈ ਨੰਦ ਲਾਲ ਜੀ ਨੇ ਇਹ ਵੀ ਲਿਖਿਆ ਕਿ ਗੁਰੂ ਹਰ ਰਾਇ ਆਮ ਖ਼ਾਸ ਦੇ ਸਹਾਈ ਹਨ ਅਤੇ ਕਮਜ਼ੋਰਾਂ ਤੇ ਨਿਆਸਰਿਆਂ ਦੇ ਯਾਰ ਹਨ : ਯਾਰਿ ਮੁੱਤਜ਼ਰਯਾਂ।

**ਫ਼ਕੀਰਾਂ ਓਟ ਤੱਕੀ**—ਆਪ ਜੀ ਦਾ ਜੱਸ ਇਤਨਾ ਫੈਲ ਗਿਆ ਸੀ ਕਿ ਪੰਜਾਬ ਦੇ ਫ਼ਕੀਰ ਟੋਲੀਆਂ ਬਣਾ ਕੇ ਆਉਂਦੇ। ਉਹ ਬੇਨਿਵਾ ਫ਼ਕੀਰ ਵੀ ਜਿਨ੍ਹਾਂ ਦੀ ਕਿਧਰੋਂ ਤਸੱਲੀ ਨਹੀਂ ਸੀ ਹੁੰਦੀ ਜਦ ਕੀਰਤਪੁਰ ਆਉਂਦੇ, ਦਰਸ਼ਨ ਪਾਉਂਦੇ ਤੇ ਬਚਨ ਸੁਣਦੇ ਤਾਂ ਤਸੱਲੀ ਦੇ ਘਰ ਜਾਂਦੇ। ਸਿੱਖ ਇਤਿਹਾਸ ਨੇ ਜਿੱਥੇ ਅਨੇਕਾਂ ਹਿੰਦ ਦੇ ਫ਼ਕੀਰਾਂ ਦਾ ਆਉਣਾ ਲਿਖਿਆ ਹੈ, ਉਥੇ ਰੂਮ ਦੇ ਬਾਦਸ਼ਾਹ ਦਾ ਵਕੀਲ, ਜੋ ਉਚੇਚਾ ਹਿੰਦੁਸਤਾਨ ਵਹਦਤ ਦੀ ਦੌਲਤ ਦਾ ਪਤਾ ਲਗਾਉਣ ਆਇਆ ਸੀ, ਸ਼ੋਭਾ ਸੁਣ ਕੇ ਕੀਰਤਪੁਰ ਆਇਆ। ਉਸ ਸਵਾਲ ਕੀਤਾ ਕਿ ਕੌਣ ਬਚਾਏਗਾ ਦੋਜ਼ਖ਼ ਦੀ ਅੱਗ ਤੋਂ ? ਗੁਰੂ ਪਾਤਸ਼ਾਹ ਨੇ ਕਿਹਾ : ਉਥੇ ਕਿਸੇ ਦੀ ਸਿਫ਼ਾਰਸ਼ ਨਹੀਂ ਚੱਲਣੀ। ਆਪਣਾ ਸਰੇਸ਼ਟ ਸੁਭਾਵ ਤੇ ਸ਼ੁੱਭ ਕਰਮ ਹੀ ਕੰਮ ਆਉਣੇ ਹਨ। ਜੀਵਨ ਇਸੇ ਲਈ ਮਿਲਿਆ ਹੈ ਕਿ ਉਸ ਦਾ ਨਾਮ ਕਮਾਇਆ ਤੇ ਪਕਾਇਆ ਜਾਏ। ਸਿੱਖੀ ਸਿਧਾਂਤ ਦ੍ਰਿੜ੍ਹਾਂਦੇ ਗੁਰੂ ਅਰਜਨ ਜੀ ਦੀ ਤੁਕ ਸੁਣਾਈ :

*"ਉਦਮ ਕਰੇਂਦਿਆਂ ਜੀਉ ਤੂੰ,*
*ਕਮਾਂਵਦਿਆਂ ਸੁਖ ਭੁੰਚੁ।*
*ਧਿਆਂਇਦਿਆਂ ਤੂੰ ਪ੍ਰਭ ਮਿਲੁ, ਨਾਨਕ ਉਤਰੀ ਚਿੰਤ।"*

**ਰਾਜਿਆਂ ਦਾ ਹੰਕਾਰ ਭੰਨਿਆ**— ਤਾਰਾ ਚੰਦ ਦਾ ਇਕ ਬੜਾ ਸੁੱਘੜ ਤੇ ਇਤਬਾਰੀ ਦੀਵਾਨ ਸੀ ਸੋਹਣ। ਤਾਰਾ ਚੰਦ ਤਾਂ ਗੁਰੂ ਘਰ ਦਾ ਇਕ ਸੇਵਕ ਹੀ ਬਣ ਗਿਆ ਸੀ। ਸ਼ਾਹਜਹਾਨ ਨੇ ਉਸ 'ਤੇ ਹੱਲਾ ਬੋਲਿਆ। ਹੱਲਾ ਨਾਕਾਮ ਗਿਆ ਤੇ ਪਿਛੋਂ ਛੇਤੀ ਹੀ ਤਾਰਾ ਚੰਦ ਗੁਜ਼ਰ ਗਿਆ। ਦੀਪ ਚੰਦ ਨੇ ਗੁਰੂ ਘਰ ਨਾਲ ਅੜ ਖਲੋਣ ਦੀ ਨੀਤੀ ਦਿਲੀ ਦੇ ਸ਼ਾਹ ਦੇ ਕਹਿਣ 'ਤੇ ਅਪਨਾਣੀ ਚਾਹੀ ਤਾਂ ਸੋਹਣ ਨੂੰ ਦੀਵਾਨ ਦੀ ਪਦਵੀ ਤੋਂ ਹਟਾ ਦਿੱਤਾ ਅਤੇ ਸੋਹਣ ਗੁਰੂ ਸ਼ਰਨ ਕੀਰਤਪੁਰ ਆ ਗਿਆ।

 www.sikhbookclub.com

ਚੜ੍ਹਦੀ ਜਵਾਨੀ ਦੇ ਮੱਦ ਵਿਚ ਦੀਪ ਚੰਦ ਕਈ ਹੋਰ ਰਾਜਿਆਂ ਨੂੰ ਨਾਲ ਲੈ ਕੇ ਮੰਦ ਭਾਵਨਾ ਨਾਲ ਕੀਰਤਪੁਰ ਆਇਆ। ਦਰਬਾਰ ਦੀ ਦੱਖ, ਚਾਂਦੀ ਦੇ ਹੁੱਦੇ ਨਾਲ ਸਜੇ ਹਾਥੀ ਨੂੰ ਝੂਮਦੇ, ਬਾਈ ਸੌ ਸਵਾਰਾਂ ਨੂੰ ਸੰਨਧ ਬੱਧ ਗੁਰੂ ਹਜ਼ੂਰ ਹਾਜ਼ਰੀ ਭਰਦੇ, ਨੌਬਤ ਦਵਾਰ 'ਤੇ ਵੱਜਦੀ ਅਤੇ ਸੰਗਤਾਂ ਦੀ ਅਪਾਰ ਸ਼ਰਧਾ ਤੇ ਗੁਰੂ ਦੀ ਅਦੁੱਤੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਦੇਖ ਕੇ ਰਾਜਾ ਕੁਝ ਬੋਲ ਨਾ ਸਕਿਆ। ਅੱਗੋਂ ਗੁਰੂ ਜੀ ਨੇ ਤਾਰਾ ਚੰਦ ਦਾ ਬੇਟਾ ਜਾਣ ਅਜਿਹਾ ਆਦਰ ਭਾਓ ਦਿੱਤਾ ਕਿ ਉਸ ਅਤੇ ਹੋਰਨਾਂ ਨੇ ਗੁਰੂ ਜੀ ਦੀ ਅਜ਼ਮਤ ਅੱਗੇ ਸਿਰ ਝੁਕਾਇਆ। ਹੁੰਦੇ ਤਾਣ ਹੋਏ ਨਿਤਾਣਾ ਦੀ ਜਾਗਤ ਮੂਰਤ, ਉਨ੍ਹਾਂ ਗੁਰੂ ਹਰਿ ਰਾਇ ਜੀ ਵਿਚ ਦੇਖੀ। ਗੁਰੂ ਸਾਹਿਬ ਨੇ ਸੁਭਾਵਕ ਹੀ ਕਿਹਾ ਕਿ ਸੁਣਿਆ ਹੈ ਕਿ ਪਹਾੜੀਆਂ ਕੋਲ ਬੜੇ ਤਗੜੇ ਮੱਲ, ਪਹਿਲਵਾਨ ਹਨ, ਜ਼ਰਾ ਸਿੱਖਾਂ ਨਾਲ ਕੁਸ਼ਤੀ ਵੀ ਹੋ ਜਾਏ।

ਮਹਾਰਾਜ ਨੇ ਦੋ ਸਿਕਖਾਂ ਨੂੰ ਥਾਪੜਾ ਦੇ ਕੇ ਜਦ ਅਖਾੜੇ ਵਿਚ ਉਤਾਰਿਆ ਤਾਂ ਪਹਿਲੇ ਹੀ ਦਾਅ ਰਾਜਿਆਂ ਦੇ ਪਾਲਤੂ ਪਹਿਲਵਾਨ ਦੋ ਸ਼ਾਨੋਂ ਚਿੱਤ ਗਿਰ ਗਏ। ਬੜੀ ਲੱਜਾ ਆਈ ਰਾਜਿਆਂ ਨੂੰ ਤੇ ਚਰਨੀਂ ਢੱਠੇ।

**ਰਾਜਿਆਂ ਨੂੰ ਉਪਦੇਸ਼**—ਮਹਾਰਾਜ ਨੇ ਜੋ ਉਪਦੇਸ਼ ਉਸੇ ਸਮੇਂ ਰਾਜਿਆਂ ਨੂੰ ਦਿੱਤਾ, ਮੈਕਾਲਿਫ਼ ਨੇ ਵਿਸਥਾਰ ਨਾਲ ਲਿਖਿਆ ਹੈ। ਉਪਦੇਸ਼ ਦਾ ਸਾਰ ਸੀ:

> **"ਰਾਜਾ ਹੋ ਕੇ ਕਿਸੇ ਨੂੰ ਰੁਹਬ ਨ ਦਿਖਾਓ। ਪਰਜਾ 'ਤੇ ਜ਼ੁਲਮ ਢਾਹੁਣਾ ਕਿਸੇ ਰਾਜੇ ਨੂੰ ਫਬਦਾ ਨਹੀਂ। ਸੱਤਾ ਪਾ ਕੇ ਆਫਰ-ਆਫਰ ਨਾ ਫਿਰੋ। ਪ੍ਰਭੂ ਦੇ ਗੁੱਸੇ ਤੋਂ ਡਰੋ।**
>
> "ਰਾਜੇ ਦਾ ਵਿਲਾਸੀ ਹੋਣਾ ਰਾਜ ਦੀ ਤਬਾਹੀ ਦਾ ਕਾਰਨ ਬਣਦਾ ਹੈ। ਜਤ ਰੱਖੋ। ਆਪਣੀ ਸ਼ਕਤੀ ਨੂੰ ਭੋਗਾਂ ਵਿਲਾਸਾਂ ਵਿਚ ਪੈ ਕੇ ਨਸ਼ਟ ਨ ਕਰੋ। ਰਾਤ ਨੂੰ **ਸੌਣ ਵੇਲੇ ਮਹੱਲਾਂ ਦੇ ਦਰਵਾਜ਼ੇ ਖਿੜਕੀਆਂ ਬੰਦ ਕਰਕੇ ਹਰਮਾਂ ਵਿਚ ਹੀ ਇਸ ਤਰ੍ਹਾਂ ਅਵੇਸਲੇ ਨਾ ਸੁੱਤੇ ਰਹੋ ਕਿ ਕਿਸੇ ਦੁਖੀ ਦੀਨ ਦੀ ਆਵਾਜ਼ ਹੀ ਕੰਨੀਂ ਨਾ ਪਵੇ।** ਰਾਜ ਦੀ ਜੜ੍ਹ ਪਰਜਾ ਹੈ। ਰਾਜੇ ਤਾਂ ਸ਼ਾਖ਼ਾਂ ਹਨ। ਕਦੇ ਕਿਸੇ ਜੜ੍ਹ 'ਤੇ ਕੁਲਹਾੜਾ ਨਹੀਂ ਚਲਾਇਆ। ਕੋਈ ਵੀ ਬਾਦਸ਼ਾਹ ਜੋ ਪਰਜਾ ਨੂੰ ਦੁਖੀ ਕਰਦਾ ਤੇ ਰੱਖਦਾ ਹੈ ਉਹ ਮਾਨੋਂ ਆਪਣੇ ਰਾਜ ਨੂੰ ਕੁਹਾੜੇ ਨਾਲ ਵੱਢਦਾ ਹੈ।[1]
>
> "ਰਾਜ ਦੀ ਆਮਦਨ ਨੂੰ ਆਪਣੇ 'ਤੇ ਹੀ ਖ਼ਰਚ ਨ ਕਰੀ ਜਾਓ, ਲੋਕ ਭਲਾਈ ਦੇ ਕਾਰਜਾਂ ਹਿਤ ਵਰਤੋ। ਖੂਹ, ਤਾਲ, ਪੁਲ ਤੇ ਪਾਠਸ਼ਾਲਾ ਬਣਾਓ। ਧਰਮ ਦੀ ਤਾਲੀਮ ਲਈ ਉਚੇਚੇ ਉਪਾਅ ਕਰੋ।"

---

੧. The Subjects are the roots, the Rajas the branches of tree. Whatsoever king oppressth his subjects, applieth the axe to his kingdom.

(ਮੈਕਾਲਿਫ਼, ਸਿੱਖ ਰਿਲੀਜਨ)

 www.sikhbookclub.com

ਰਾਜਿਆਂ ਨੇ ਸਿਰ ਨਿਵਾਇਆ ਤੇ ਹੋਰ ਸ਼ਰਧਾਵਾਨ ਹੋ ਮੁੜੇ।

**ਭਾਈ ਭਗਤੂ**—ਭਾਈ ਭਗਤੂ ਦੀ ਵੰਸ਼ ਇਕ ਐਸੀ ਵੰਸ਼ ਹੈ ਜਿਸ ਦੇ ਮੁਖੀ ਬਾਬਾ ਆਦਮ ਨੇ ਗੁਰੂ ਰਾਮ ਦਾਸ ਜੀ ਦੇ ਚਰਨ ਪਰਸ ਸਿੱਖੀ ਦੀ ਦਾਤ ਹਾਸਲ ਕੀਤੀ ਤੇ ਗੁਰੂ ਅਰਜਨ ਜੀ ਦੀ ਸੇਵਾ ਕਰ ਵਡੇਰੀ ਉਮਰੇ ਪੁੱਤਰ ਦੀ ਦਾਤ ਪਾਈ ਜੋ ਭਗਤੀ ਦੀ ਮੂਰਤ ਹੋਣ ਕਾਰਨ ਭਗਤੂ ਹੀ ਕਹਿਲਾਇਆ। ਅੰਮ੍ਰਿਤਸਰ ਦੀ ਉਸਾਰੀ ਹੋਣ ਵੇਲੇ ਇਨ੍ਹਾਂ ਬੜੀ ਸੇਵਾ ਕੀਤੀ। ਮਾਲਵਾ ਦੇਸ਼ ਵਿਚ ਨਾਮ ਦਾ ਚਾਨਣ ਕਈ ਭਟਕਦੀਆਂ ਰੂਹਾਂ ਨੂੰ ਦਿੱਤਾ। ਗੁਰੂ ਹਰਿਗੋਬਿੰਦ ਜੀ ਪਾਸ ਟਿਕ ਕੇ ਅਥਾਹ ਸੇਵਾ ਕੀਤੀ। ਕੀਰਤਪੁਰ ਵੱਸ ਜਾਣ 'ਤੇ ਆਪ ਜੀ ਕੀਰਤਪੁਰ ਹੀ ਆ ਗਏ। ਕੀਰਤਪੁਰ ਦੀ ਉਸਾਰੀ ਉਨ੍ਹਾਂ ਨੇ ਹੀ ਹੱਥੀਂ ਕਰਵਾਈ। ਗੁਰੂ ਹਰਿ ਰਾਇ ਜੀ ਸਮੇਂ ਤਾਂ ਉਸਾਰੀ ਉਨ੍ਹਾਂ ਦੀ ਹੀ ਨਿਗਰਾਨੀ ਹੇਠ ਹੁੰਦੀ ਸੀ। ਗੁਰੂ ਹਰਿ ਰਾਇ ਜੀ ਨੇ ਪ੍ਰਸੰਨ ਹੋ ਕੇ ਕਿਹਾ ਸੀ ਕਿ ਤੁਸੀਂ ਹੁਣ ਇਲਾਕੇ ਵਿਚ ਜਾ ਕੇ ਸੇਵਾ ਕਰੋ। ਲੰਗਰ ਚਲਾਵੋ। ਕਦੇ ਅਹੰਕਾਰ ਨਹੀਂ ਕਰਨਾ ਤੇ ਨਾ ਹੀ ਆਪਾ ਜਨਾਉਣਾ। ਮੇਰਾ ਰੂਪ ਜਾਣ ਹੀ ਹਰ ਇਕ ਦੀ ਸੇਵਾ ਕਰਨੀ।

ਭਾਈ ਭਗਤੂ ਜੀ ਇਤਨੀ ਸ਼ਕਤੀ ਦੇ ਮਾਲਕ ਹੋ ਗਏ ਸਨ ਕਿ ਇਕ ਵਾਰੀ ਖੂਹ ਕਿਨਾਰੇ ਬੈਠੇ ਸਨ ਕਿ ਨਾਲ ਪੈਲੀਆਂ ਵਿਚ ਫ਼ਸਲਾਂ ਨੂੰ ਪਾਣੀ ਖੁਣੋਂ ਸੁੱਕਦਿਆਂ ਦੇਖ ਪਰਉਪਕਾਰ ਕਰਨ ਦਾ ਸੰਕਲਪ ਕਰ ਬੈਠੇ। ਖੂਹ ਦਾ ਜਲ ਹੀ ਉਛਲ ਬਾਹਰ ਆ ਗਿਆ ਤੇ ਖੇਤੀ ਹਰੀ ਭਰੀ ਹੋ ਗਈ । ਇਨ੍ਹਾਂ ਦੇ ਦੋ ਪੁੱਤਰ ਭਾਈ ਗੋਰਾ ਤੇ ਭਾਈ ਜੀਵਨ ਪਰਉਪਕਾਰੀ ਹੋਏ। ਭਗਤੂ ਜੀ ਦੀ ਉਮਰ ਵਡੇਰੀ ਹੋ ਗਈ ਸੀ ਅਤੇ ਆਪ ਜੀ ਗੁਰੂ ਹਰਿ ਰਾਇ ਪਾਸ ਹੀ ਆ ਗਏ ਸਨ। ਧਰਮ ਪਤਨੀ ਗੁਜ਼ਰ ਗਈ ਸੀ। ਗੁਰੂ ਜੀ ਜਦ ਕਰਤਾਰਪੁਰ ਸਨ ਤਾਂ ਆਪ ਜੀ ਦੀ ਸਿਹਤ ਬਹੁਤ ਢਿੱਲੀ ਹੋ ਗਈ। ਗੁਰੂ ਜੀ ਨੇ ਸੁਭਾਵਕ ਕਿਹਾ ਕਿ ਇਸ ਸਮੇਂ ਸੇਵਾ ਲਈ ਧਰਮ ਪਤਨੀ ਬਹੁਤ ਸਹਾਇਕ ਹੁੰਦੀ ਹੈ। ਵਿਆਹ ਕਿਉਂ ਨਹੀਂ ਕਰਾ ਲੈਂਦੇ ? ਆਪ ਜੀ ਨੇ ਵਾਕ ਪੱਲੇ ਬੰਨ੍ਹ ਲਿਆ ਤੇ ਸ਼ਾਦੀ ਕਰ ਲਈ। ਥੋੜ੍ਹੇ ਚਿਰ ਬਾਅਦ ਆਪ ਜੀ ਦਾ ਅਕਾਲ ਚਲਾਣਾ ਹੋ ਗਿਆ। ਭਗਤੂ ਜੀ ਦਾ ਸਸਕਾਰ ਗੁਰੂ ਹਰਿ ਰਾਇ ਜੀ ਨੇ ਬੜੇ ਹੀ ਆਦਰ ਨਾਲ ਕਰਤਾਰਪੁਰ ਵਿਖੇ ਆਪਣੇ ਹੱਥੀਂ ਕੀਤਾ। ਕਿਸੇ ਜਦ ਪੁੱਛਿਆ ਕਿ ਭਗਤੂ ਦੇ ਪੁੱਤਰਾਂ ਦੇ ਹੁੰਦਿਆਂ ਤੁਸੀਂ ਐਸਾ ਕਿਉਂ ਕਰ ਰਹੇ ਹੋ ਤਾਂ ਆਪ ਜੀ ਨੇ ਬਚਨ ਕੀਤੇ ਸਨ 'ਭਗਤੂ ਗੁਰੂ ਕਾ ਬੇਟਾ' ਹੀ ਹੈ।

ਕਵੀ ਸੰਤੋਖ ਸਿੰਘ ਜੀ ਨੇ ਭਾਈ ਜੀ ਦੀ ਬੰਸਾਵਲੀ ਲਿਖਦੇ ਬਹੁਤ ਉਪਮਾ ਕੀਤੀ ਹੈ। ਉਨ੍ਹਾਂ ਦੇ ਸ਼ਬਦ ਹਨ :

*"ਰਾਜੀ ਹੈ ਰਜਾਇ ਮੈ, ਰਿਝਾਇ ਹਰਖਾਇ ਉਰ,*
*ਪਾਯੋ ਮਾਨ ਭਾਯੋ ਵਰ, ਗਯਾਨਵਾਨ ਮਤਿ ਕੀ।*
*ਸਗਲ ਜਗਤ ਮੈਂ ਵਿਦਿਤ ਦਿਨ ਪ੍ਰਤਿ ਅਤਿ,*
*ਕੀਰਤ ਭਗਤ ਭਾਈ ਭਗਤੂ ਭਗਿਤ ਕੀ।"*

ਇਨ੍ਹਾਂ ਦਾ ਵੱਡਾ ਪੁੱਤਰ ਭਾਈ ਗੋਰਾ, ਨਾਂ ਦਾ ਹੀ ਭਾਰਾ ਨਹੀਂ ਸੀ, ਸਗੋਂ ਵੱਡਾ

ਯੋਧਾ ਸੀ। ਤਿੰਨ ਚਾਰ ਸੌ ਸਵਾਰ ਸਦਾ ਪਾਸ ਰੱਖਦਾ। ਦੇਗ ਤੇਗ਼ ਦਾ ਧਨੀ ਤੇ ਬਚਨਾਂ ਦਾ ਪੂਰਾ ਸੂਰਮਾ ਸੀ। ਲੋਕੀਂ ਵੀ ਉਸ ਦਾ ਬੜਾ ਮਾਣ ਕਰਦੇ।

*'ਮਾਨਤ ਲਾਖੋ ਲੋਗ ਉਜਾਗਰ।'*

ਗੁਰੂ ਹਰਿ ਰਾਇ ਜੀ ਦੇ ਅੰਗ ਸੰਗ ਰਹਿ ਕੇ ਗੋਰਾ ਪਿਤਾ ਪਿਛੋਂ ਸੇਵਾ ਕਰਨ ਲੱਗਾ। ਭਾਈ ਭਗਤੂ ਜੀ ਦੇ ਅਕਾਲ ਚਲਾਣੇ ਉਪਰੰਤ ਗੋਰਾ ਜੀ ਪਿਛਲੇਰੀ ਉਮਰ ਵਿਆਹੀ ਭਗਤੂ ਜੀ ਦੀ ਧਰਮ ਪਤਨੀ ਨੂੰ ਮਾਂ ਵਾਂਗ ਹੀ ਸਤਿਕਾਰ ਦੇਂਦੇ ਸਨ। ਉਮਰ ਬੇਸ਼ਕ ਉਸ ਦੀ ਛੋਟੀ ਸੀ। ਗੁਰੂ ਹਰਿ ਰਾਇ ਜੀ ਦੀ ਅਰਦਲ ਵਿਚ ਰਹਿਣ ਤੇ ਚੌਰ ਕਰਨ ਵਾਲੇ ਸਿਕਖ ਭਾਈ ਜੱਸਾ ਜੀ ਇਹ ਜਾਣ ਕਿ ਸਿੱਖਾਂ ਵਿਚ ਵਿਧਵਾ ਵਿਆਹ ਦੀ ਕੋਈ ਮਨਾਹੀ ਨਹੀਂ, ਵਿਆਹ ਦੀ ਤਜਵੀਜ਼ ਭਗਤੂ ਦੀ ਪਤਨੀ ਅੱਗੇ ਰੱਖ ਬੈਠੇ। ਗੋਰਾ ਨੂੰ ਅਜਿਹਾ ਰੋਹ ਚੜ੍ਹਿਆ ਕਿ ਉਸ ਨੇ ਜੱਸਾ ਨੂੰ ਕਤਲ ਕਰ ਦਿੱਤਾ। ਗੁਰੂ ਹਰਿ ਰਾਇ ਜੀ ਨੂੰ ਜਦ ਇਸ ਕੁਕਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਗੋਰਾ ਨੂੰ ਕੀਤੇ ਦੀ ਸਜ਼ਾ ਅਵੱਸ਼ ਮਿਲਣ ਦਾ ਹੁਕਮ ਦਿੱਤਾ। ਗੋਰਾ ਦੀ ਇਤਨੀ ਜੁਰਅਤਿ ਕਿ ਗੁਰੂ ਹਰਿ ਰਾਇ ਜੀ ਦੇ ਚੌਰ ਬਰਦਾਰ ਨੂੰ ਜਾਨੋਂ ਹੀ ਮਾਰ ਦੇਵੇ। ਗੁੱਸੇ ਵਿਚ ਗੋਰਾ ਕਾਰਾ ਤਾਂ ਕਰ ਬੈਠਾ ਪਰ ਪਛਤਾਇਆ ਬੜਾ। ਗੁਰੂ ਜੀ ਦੇ ਸਾਹਮਣੇ ਨਾਂਹ ਆਏ। ਪਛਤਾਵੇ ਦੀ ਅੱਗ ਤੇ ਖਿਮਾ ਦੇ ਘਰ ਹਰ ਸਮੇਂ ਰਹੇ। ਹੋਰ ਸੇਵਾ ਵਿਚ ਜੁੜ ਗਿਆ। ਜਿੱਥੇ ਵੀ ਗੁਰੂ ਜੀ ਦਾ ਜਾਣਾ ਹੋਵੇ ਕੁਝ ਵਾਟ ਪਿੱਛੇ ਰਹਿ ਕੇ ਰਾਖੀ ਕਰੇ। ਘੋੜਿਆਂ ਦੀ ਸੇਵਾ ਕਰੇ। ਜਦ ਗੁਰੂ ਹਰਿ ਰਾਇ ਜੀ ਦੁਆਬੇ ਦੀਆਂ ਸੰਗਤਾਂ ਨੂੰ ਤਾਰ ਰਹੇ ਸਨ ਤਾਂ ਗੁਰੂ ਮਹਲ ਤੇ ਸਾਹਬਜ਼ਾਦਿਆਂ ਦੇ ਕੈਂਪ ਨੂੰ ਸੁੰਞਾ ਜਾਣ ਮੁਸਲਿਮ ਖ਼ਾਨ ਦੇ ਪੋਤਰੇ ਕਾਸਮ ਬੇਗ ਨੇ ਹੱਲਾ ਬੋਲ ਦਿੱਤਾ। ਭਾਈ ਗੋਰਾ ਨੇ ਵਾਚਿਆ ਕਿ ਇਹ ਹੀ ਮੌਕਾ ਹੈ ਧਰਮ ਹਿਤ ਕੱਟ ਮਰਨ ਦਾ। ਐਸਾ ਮੋੜਵਾਂ ਹਮਲਾ ਭਾਈ ਗੋਰਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ ਕਿ ਫ਼ੌਜ ਭੱਜ ਨੱਠ ਗਈ। ਗੁਰੂ ਜੀ ਦੇ ਘਰੋਂ ਮਾਤਾ ਸੁਲੱਖਣੀ ਜੀ ਨੇ ਸਾਰੀ ਜੰਗ ਅੱਖੀਂ ਵੇਖੀ ਸੀ ਕਿ ਕਿਵੇਂ ਗੋਰੇ ਨੇ ਜਾਨ 'ਤੇ ਖੇਡ ਕੇ ਹੱਲਾ ਰੋਕਿਆ। ਗੁਰੂ ਜੀ ਨੂੰ ਜਦ ਖ਼ਬਰ ਪੁੱਜੀ ਤਾਂ ਉਨ੍ਹਾਂ ਖ਼ਿਮਾਂ ਬਖ਼ਸ਼ੀ। ਭਾਵੇਂ ਗੋਰਾ ਕਹਿੰਦਾ ਹੀ ਰਿਹਾ ਕਿ ਉਸ ਨੂੰ ਕੀਤੇ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਗੁਰੂ ਦਾ ਵਾਕ ਸਤਿ ਹੋਵੇ।

ਭਾਈ ਗੋਰਾ ਜੀ ਦੀ ਉਪਮਾ ਵਿਚ ਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਕਿ :

*"ਤਿਨ (ਭਗਤੂ) ਕੋ ਤਨੁਜ ਗੋਰਾ, ਬੀਰਨ ਮੇ ਬੀਰ ਗੋਰਾ,*
*ਤੇਜ ਤੁਰਕਾਨ ਤੋਰਾ ਦਲ ਮੋਰਾ[1] ਮਾਰ ਕੈ।*
*ਜੰਗ ਮਹਿ ਨਿਸੰਗ, ਬੀਰ ਰੰਗ ਮੇ ਸੁਰੰਗ ਭਯੋ,*
*ਬਹੁ ਕਰ ਵਾਰ ਕਰਵਾਰ ਕੋ ਪ੍ਰਚਾਰ ਕੇ।*

---

੧. ਮੋੜਿਆ, ਹਰਾਇਆ।

 www.sikhbookclub.com

*ਪੋਰਖ ਸੰਭਾਰ ਕੈ, ਸੰਘਾਰ ਕੇ ਸਮੂਹ ਸਤ੍ਰ,*
*ਹੋਯੋ ਰਖਵਾਰ ਸੰਗ, ਗੁਰੂ ਪਰਿਵਾਰ ਕੇ।*[1]

ਭਾਈ ਭਗਤੂ ਦੇ ਦੂਜੇ ਪੁੱਤਰ **ਜੀਵਨ** ਨੇ ਗੁਰੂ ਦੇ ਬਚਨਾਂ ਤੋਂ ਜਾਨ ਵਾਰ ਦਿੱਤੀ। ਭਾਈ ਜੀਵਨ ਨਿਤ ਪਰਉਪਕਾਰ ਤੇ ਦੁਖੀਆਂ ਦੇ ਦੁੱਖ ਦੂਰ ਕਰਨ ਕਾਰਨ 'ਜੀਵਨ ਪਰਉਪਕਾਰੀ' ਕਰਕੇ ਹੀ ਪ੍ਰਸਿੱਧ ਸਨ।

ਗੁਰੂ ਹਰਿ ਰਾਇ ਜੀ ਜਦ ਕਰਤਾਰਪੁਰ ਆਏ ਤਾਂ ਧੀਰ ਮੱਲ ਨੇ ਬੜਾ ਕੁਹਝਾ ਪ੍ਰਚਾਰ ਕੀਤਾ ਤੇ ਲੋਕਾਂ ਵਿਚ ਗੁਰੂ ਜੀ ਦੀ ਅਜ਼ਮਤ ਘਟਾਉਣ ਲਈ ਕਈਆਂ ਨੂੰ ਚੁੱਕਿਆ। ਪਰ ਜਦ ਕੋਈ ਵਾਰ ਵੀ ਸਫ਼ਲ ਨਾ ਹੋਇਆ ਤਾਂ ਇਕ ਬ੍ਰਾਹਮਣ ਦੇ ਪੁੱਤਰ ਦੀ ਮੌਤ ਹੋ ਜਾਣ ਵੇਲੇ ਉਸ ਨੂੰ ਚੁੱਕਿਆ ਕਿ ਇਸ ਸ਼ਹਿਰ ਵਿਚ ਗੁਰੂ ਹਰਿ ਰਾਇ ਜੀ ਆਏ ਹੋਏ ਹਨ, ਉਹ ਸਭ ਨੂੰ ਜੀਵਨ ਦਾਨ ਦੇ ਰਹੇ ਹਨ, ਤੇਰਾ ਪੁੱਤਰ ਵੀ ਜੀਵਾਲ ਦੇਣਗੇ। ਧੀਰ ਮੱਲ ਦਾ ਦੋ ਤਰਫ਼ਾ ਹਮਲਾ ਸੀ ਕਿ ਜੇ ਨਾਂਹ ਕਰਨਗੇ ਤਾਂ ਇਹ ਆਖਾਂਗਾ ਕਿ ਕਰਾਮਾਤ ਦੀ ਸ਼ਕਤੀ ਕੋਈ ਨਹੀਂ ਅਤੇ ਜੇ ਦਇਆ ਦ੍ਰਿਸ਼ਟੀ ਕਰਕੇ ਜਿਵਾਲ ਦੇਣਗੇ ਤਾਂ ਕਹਾਂਗਾ ਗੁਰੂ ਹੁਕਮ ਟਾਲਦੇ ਫਿਰਦੇ ਹਨ, ਜਰ ਨਹੀਂ ਸਕੇ।

ਜਦ ਬ੍ਰਾਹਮਣ ਆਪਣੇ ਪੁਤਰ ਦੀ ਲਾਸ਼ ਗੁਰੂ ਦਰਬਾਰ ਹੀ ਚੁੱਕ ਲਿਆਇਆ ਤਾਂ ਮਹਾਰਾਜ ਨੇ ਸਮਝਾਇਆ ਕਿ ਹਰੀ ਦੇ ਸੇਵਕਾਂ ਨੂੰ ਉਸਦੀ ਰਜ਼ਾ ਹੀ ਸੋਭਦੀ ਹੈ। 'ਜੋ ਹੋਵਤ ਸੋ ਪ੍ਰਭੁ ਰਜਾਇ, ਉਪਜਨ ਬਿਨਸਨ ਪ੍ਰਾਨੀਆਂ ਨਾਲ ਹੈ।' ਬ੍ਰਾਹਮਣ ਤੇ ਉਸ ਦੀ ਘਰ ਵਾਲੀ ਦੀ ਦੀਨ ਦਸ਼ਾ ਦੇਖ ਸੰਗਤ ਵੀ ਅਰਜ਼ੋਈ ਕਰਨ ਲੱਗ ਪਈ ਤਾਂ ਮਹਾਰਾਜ ਨੇ ਬਚਨ ਕੀਤਾ ਕਿ ਜੋ ਬ੍ਰਾਹਮਣ ਨਾਲ ਇਤਨੀ ਹਮਦਰਦੀ ਦੱਸਦੇ ਹੋ ਤਾਂ ਇਸ ਬਦਲੇ ਕੋਈ ਆਪਣੀ ਜਾਨ ਦੇਵੇ। ਇਤਨਾ ਸੁਣਨਾ ਸੀ ਕਿ ਬਹੁਤਾ ਬੋਲਣ ਵਾਲੇ ਤਾਂ ਚੁੱਪ ਕਰ ਬੈਠ ਗਏ। ਦੂਜੀ ਵਾਰੀ ਜਦ ਬਚਨ ਕੀਤਾ ਕਿ ਹੁਣ ਪਰਉਪਕਾਰ ਲਈ ਕੋਈ ਉੱਠੇ। ਭਾਈ ਭਗਤੂ ਜੀ ਦੇ ਪੁੱਤਰ ਜੀਵਨ ਜੀ ਦੋਬਾਰਾ ਬਚਨ ਸੁਣ ਕੇ ਅੱਛੋਪਲੇ ਜਹੇ ਸੰਗਤ ਤੋਂ ਉੱਠ ਕੇ ਬਾਹਰ ਖੂਹ ਤੇ ਚਲੇ ਗਏ ਅਤੇ ਲੰਮੀ ਤਾਣ, ਚਾਦਰ ਉਪਰ ਲੈ, ਪ੍ਰਾਣ ਚੜ੍ਹਾ ਗਏ। ਇਧਰੋਂ ਇਸ ਬ੍ਰਾਹਮਣ ਦੇ ਪੁੱਤਰ ਨੂੰ ਹੋਸ਼ ਆਈ। ਗੁਰੂ ਹਰਿ ਰਾਇ ਜੀ ਨੇ ਜੀਵਨ ਦੇ ਪਰਉਪਕਾਰ ਹਿਤ ਜਾਨ ਵਾਰਨ ਦੀ ਉਪਮਾ ਕਰਦਿਆਂ ਵਰ ਦਿੱਤਾ ਕਿ ਇਸ ਦੀ ਵੰਸ਼ ਵਧੇਗੀ ਤੇ ਰਾਜ ਕਮਾਏਗੀ।[2] ਉਸ ਦੇ ਬੇਟੇ ਦਾ ਨਾਂ ਵੀ ਆਪ ਜੀ ਨੇ ਸੰਤ ਦਾਸ ਰੱਖਿਆ।

ਭਾਈ ਭਗਤੂ ਜੀ ਦੀ ਕਰਣੀ ਨੂੰ ਦੇਖ ਹੀ ਸੰਗਤਿ ਵਰਗੇ ਭਾਈ ਫੇਰੂ ਬਣੇ ਜਿਨ੍ਹਾਂ ਦੀ ਬਖ਼ਸ਼ ਨੇ ਸਿੱਖੀ ਨੂੰ ਟਾਪੂਆਂ ਤਕ ਪਹੁੰਚਾਇਆ।[3]

---

੧. ਗਰਬ ਗੰਜਨੀ ਟੀਕਾ ਕ੍ਰਿਤ ਕਵੀ ਸੰਤੋਖ ਸਿੰਘ।

੨. ਭਾਈ ਭਗਤੂ ਵੰਸ਼ ਵਿਚੋਂ ਹੀ ਭਾਈ ਉਦੇ ਸਿੰਘ ਜੀ ਕੈਥਲ ਰਾਜੇ ਹੋਏ ਜਿਨ੍ਹਾਂ ਪਾਸ ਰਹਿ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦਾ ਮਹਾਨ ਗ੍ਰੰਥ ਲਿਖ ਕੇ ਸੰਪੂਰਨ ਕੀਤਾ ਅਤੇ ਇਕ ਹੋਰ ਵੱਡਾ ਪਰਉਪਕਾਰ ਕੀਤਾ।

੩. ਭਾਈ ਫੇਰੂ ਜੀ ਅਤੇ ਹੋਰ ਸਿੱਖਾਂ ਦੀਆਂ ਕਹਣੀਆਂ ਦਾ ਵਿਸਥਾਰ 'ਬਖ਼ਸ਼ਾਂ' ਦੇ ਸਤਵੇਂ ਅਧਿਆਇ ਵਿਚ ਦੇਖੋ।

 www.sikhbookclub.com

**ਦਾਰਾ ਬੀਮਾਰ ਤੇ ਸ਼ਾਹਜਹਾਨ ਨੇ ਸ਼ਰਨ ਤੱਕੀ**—ਸ਼ਾਹਜਹਾਨ ਦੇ ਵੱਡੇ ਪੁੱਤਰ ਦਾ ਨਾਮ ਦਾਰਾ ਸ਼ਿਕੋਹ ਸੀ। ਉਹ ਬਾਪ ਦਾ ਚਹੇਤਾ ਬੇਟਾ ਸੀ। ਉਸ ਦਾ ਜਨਮ ੨੦ ਮਾਰਚ, ੧੬੧੫ ਨੂੰ ਅਰਜਮੰਦ ਬਾਨੋ, ਜੋ ਪਿਛੋਂ ਮੁਮਤਾਜ਼ ਮਹਿਲ ਕਹਿਲਾਈ ਤੇ ਜਿਸ ਦੀ ਯਾਦ ਵਿਚ ਸ਼ਾਹਜਹਾਨ ਨੇ ਤਾਜ ਮਹੱਲ ਵੀ ਉਸਾਰਿਆ, ਦੀ ਕੁੱਖੋਂ ਹੋਇਆ ਸੀ। ਉਸ ਨੂੰ 'ਗੁਲੇ ਅਵਲੀਨ ਗੁਲਸਤਾਨਿ-ਸ਼ਾਹੀ' ਭਾਵ ਸ਼ਾਹ ਦੇ ਬਾਗ ਦਾ ਪਹਿਲਾ ਖਿੜਿਆ ਫੁੱਲ ਆਖਿਆ ਗਿਆ। ਉਸ ਦੀ ਸ਼ਾਦੀ ਆਪਣੇ ਹੀ ਚਾਚੇ ਸੁਲਤਾਨ ਪ੍ਰਵੇਜ਼ ਦੀ ਪੁੱਤਰੀ ਨਾਦਿਰਾ ਨਾਲ ਹੋਈ ਸੀ। ਬਚਪਨ ਤੋਂ ਹੀ ਦਾਰਾ ਤੇ ਸੂਫੀਆਂ ਦਾ ਪ੍ਰਭਾਵ ਪੈ ਗਿਆ ਸੀ ਤੇ ਉਹ ਸ਼ਰਹ ਦੀ ਪਾਬੰਦੀ ਨੂੰ ਕੈਦ ਗਿਣਦਾ ਸੀ। ਸਭ ਤੋਂ ਪਹਿਲਾਂ ਕਿਤਾਬ ਉਸਨੇ ਸਫੀਨਤ-ਉਲ-ਔਲਿਆ ਲਿਖੀ ਜਿਸ ਵਿਚ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਖ਼ਾਨਦਾਨ ਤੇ ਸਾਥੀਆਂ ਅਤੇ ਕਾਦਰੀ, ਚਿਸ਼ਤੀ, ਕਰਵਇਆਂ (ਗਜ਼ਾਲੀ-ਰੂਮੀ) ਸੁਹਰਵਰਦੀ ਤੇ ਹੋਰ ਫ਼ਕੀਰਾਂ ਦਰਵੇਸ਼ਾਂ, ਖ਼ਵਾਜਿਆਂ ਤੇ ਪੁੱਜੀਆਂ ਖ਼ਾਤੂਨਾਂ ਬਾਰੇ ੪੦੮ ਦੇ ਕਰੀਬ ਜੀਵਨੀਆਂ ਲਿਖੀਆਂ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ਹਿਜ਼ਾਦਾ ਹੁੰਦੇ ਹੋਏ ਵੀ ਉਹ ਕਿਤਨਾ ਇਲਮ ਦੋਸਤ ਤੇ ਵਿਦਿਆ ਦਾ ਚਾਹਵਾਨ ਸੀ। ਦਾਰਾ ਸ਼ਿਕੋਹ ਸਰਮਦ ਦਾ ਰਾਜ਼ਦਾਨ, ਮੀਆਂ ਮੀਰ ਜੀ ਦਾ ਪਿਆਰਾ, ਮੁੱਲਾਂ ਸ਼ਾਹ ਕਾਦਰੀ ਦਾ ਮੁਰੀਦ ਤੇ ਸ਼ਰਧਾਵਾਨ ਸੀ। ਇਹ ਠੀਕ ਹੈ ਕਿ ਉਸ ਨੂੰ ਰਾਜ ਦੀ ਤੜਕ-ਭੜਕ ਨਾਲੋਂ ਦਰਵੇਸ਼ੀ ਅਜ਼ੀਜ਼ ਸੀ। ਉਹ ਆਲਮ ਵੀ ਸੀ ਅਤੇ ਆਮਲ ਵੀ। ਫ਼ਲਸਫੀ ਵੀ ਸੀ ਤੇ ਮੱਦਬਰ ਵੀ । ਅਹਿਲੇ ਦਿਲ ਵੀ ਸੀ ਤੇ ਅਹਿਲੇ ਨਜ਼ਰ ਵੀ। ਦਾਰਾ ਦੇ ਮਰਨ ਤੇ ਸਰਮਦ ਨੇ ਖ਼ੂਬ ਕਿਹਾ ਸੀ ਕਿ ਉਸ ਨੇ ਮਹਿਬੂਬ ਹਕੀਕੀ ਦੀ ਰਜ਼ਾ 'ਤੇ ਸਿਰ ਵਾਰ ਦਿੱਤਾ ਹੈ। ਉਨ੍ਹਾਂ ਲੋਕਾਂ ਤੋਂ ਦੂਰ ਚਲਾ ਗਿਆ ਜੋ ਨਿਮਖ ਭਰ ਜ਼ਿੰਦਗੀ ਲਈ ਅੱਲਾਹ ਦਾ ਲੜ ਹੀ ਛੱਡ ਦੇਂਦੇ ਹਨ।

ਉਸ ਨੇ ਇਕ ਹੋਰ ਪੁਸਤਕ ਮੱਜੰਮਾ-ਉਲ-ਬਹਿਰੀਨ, ਦੋਵੇਂ ਸਾਗਰਾਂ ਦਾ ਸੁਮੇਲ ਲਿਖੀ ਜਿਸ ਵਿਚ ਦਾਰਾ ਨੇ ਹਿੰਦੁਸਤਾਨੀ ਫ਼ਲਸਫ਼ੇ ਨੂੰ ਇਸਲਾਮ ਦੀ ਤਾਲੀਮ ਨਾਲ ਮੇਲ ਕਰਾਉਣ ਦਾ ਉਪਰਾਲਾ ਕੀਤਾ। ਕੁਰਾਨ ਦੀਆਂ ਆਇਤਾਂ ਲਿਖ ਕੇ ਸਾਂਝੀ ਵਿਦਿਆ ਨੂੰ ਦਰਸਾਇਆ।

ਅਠਵੰਜਾ ਉਪਨਿਸ਼ਦਾਂ ਦਾ ਫ਼ਾਰਸੀ ਵਿਚ ਤਰਜਮਾ ਕੀਤਾ। ਉਸ ਤਰਜਮੇ ਨੂੰ ਪੜ੍ਹ ਕੇ ਹੀ ਫ਼ਿਲਾਸਫ਼ਰ ਸੋਪਨਿਅਰ ਨੇ ਕਿਹਾ ਸੀ ਮੂਲਕ ਪੁਸਤਕਾਂ ਦੇ ਅਧਿਐਨ ਬਗੈਰ ਹੋਰ ਕੋਈ ਪੜ੍ਹਾਈ ਨਹੀਂ। ਇਸ ਨਾਲ ਆਤਮਾ ਉਚਿਆਈ ਜਾਂਦੀ ਹੈ ਤੇ ਵਡਿਆਈ ਵੀ ਮਿਲਦੀ ਹੈ।

ਸਿਰਰ-ਇ-ਅਸਰਾਰ (ਰਹਸਾਂ ਦਾ ਰਹਸ) ਦੀਆਂ ਪੁਸਤਕਾਂ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਵਿਦਵਾਨਾਂ ਪੰਡਿਤਾਂ ਕੋਲੋਂ ਤਰਜਮਾ ਕਰਵਾ ਕੇ ਲਿਖਵਾਈਆਂ। ਇਹ ਪੁਸਤਕ ਸੰਨ ੧੬੫੫ ਦੇ ਲਗ ਪਗ ਲਿਖੀ ਤੇ ਮੌਲਾਣਿਆਂ ਨੇ ਬੜੀ ਲੈ ਦੇ ਕੀਤੀ ਅਤੇ ਫ਼ੌਜਾਂ ਵਿਚ ਵੀ ਉਸ ਦੇ ਵਿਰੁਧ ਪਰਚਾਰ ਕੀਤਾ ਕਿ ਦਾਰਾ ਕਾਫ਼ਰ

ਤੇ ਰਾਫ਼ਜ਼, ਖ਼ੁਦਾ ਤੋਂ ਮੁਨਕਰ ਹੋ ਗਿਆ ਹੈ। ਔਰੰਗਜ਼ੇਬ ਨੇ ਬੜੇ ਟੇਢੇ ਢੰਗ ਨਾਲ ਦਾਰਾ ਵਿਰੁਧ ਮੁਸਲਮਾਨਾਂ ਵਿਚ ਨਫ਼ਰਤ ਫੈਲਾਈ।

*ਸਿਖ ਇਤਿਹਾਸ ਦਾਰਾ ਨੂੰ ਸਤਿਸੰਗਤੀ*[1]

*ਅਤੇ*

*ਦਾਰਾ ਸ਼ਿਕੋਹ ਸੁ ਭਲੋ ਹੈ, ਪਰਮੇਸ਼ਰ ਪਯਾਰੋ।*
*ਸੰਤ ਸੰਗ ਅਭਿ ਲਾਖਤੋ, ਪਰ ਹਰਿਹਿ ਖਿਕਾਰੋ,*[2]

ਲਿਖ ਕੇ ਸਤਿਕਾਰ ਦਿੱਤਾ ਹੈ।

ਜਿੱਥੇ ਔਰੰਗਜ਼ੇਬ ਨੇ ਮੁਸਲਮਾਨਾਂ ਨੂੰ ਦਾਰਾ ਵਲੋਂ ਬਦਜ਼ਨ ਕਰਨ ਲਈ ਤੂਫ਼ਾਨ ਉਠਾਇਆ ਉੱਥੇ ਖ਼ਾਨਸਾਮੇ ਨਾਲ ਰਲ ਕੇ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾਲ ਦਿੱਤਾ। ਦਾਰਾ ਦਾ ਪੇਟ ਖ਼ਰਾਬ ਹੋ ਗਿਆ ਤੇ ਕੁਝ ਵੀ ਹਜ਼ਮ ਨਾ ਹੋਵੇ। ਦਿਨ-ਦਿਨ ਮਰਦਾ ਜਾਏ। ਸ਼ਾਹੀ ਹਕੀਮਾਂ ਕਈ ਉਪਾਅ ਕੀਤੇ ਪਰ ਕੁਝ ਨਾ ਬਣ ਆਵੇ। ਆਖ਼ਰ ਉਨ੍ਹਾਂ ਕਿਹਾ ਕਿ ਇਲਾਜ ਕੇਵਲ ਇਹ ਹੈ ਕਿ ਵੱਡਾ ਸਾਰਾ ਹਰੜ ਜੋ ਤੋਲੇ ਜਾਂ ੧੪ ਸਰਸਾਈ ਦਾ ਹੋਵੇ ਅਤੇ ਮਾਸਾ ਲੌਂਗ, ਗੱਜ ਮੋਤੀ ਹੋਵੇ ਤਾਂ ਚੈਨ ਮਿਲ ਸਕਦਾ ਹੈ। ਦੱਸ ਪਾਈ ਗਈ ਕਿ ਇਹ ਸਭ ਵਸਤਾਂ ਗੁਰੂ ਹਰਿ ਰਾਇ ਜੀ ਪਾਸ ਹਨ। ਹਰੜ ਦਾ ਇਹ ਗੁਣ ਸੀ ਕਿ ਉਸ ਨੂੰ ਹੱਥ ਲੈਂਦਿਆਂ ਹੀ ਪੇਟ ਸਾਫ਼ ਹੋ ਜਾਂਦਾ ਸੀ ਤੇ ਲੌਂਗ ਚਬਾਂਦਿਆਂ ਠੰਡ ਮਿਲਦੀ ਸੀ ਅਤੇ ਗੱਜ ਮੋਤੀ ਨਾਲ ਸਦਾ ਲਈ ਰੋਗ ਖਹਿੜਾ ਛੱਡ ਜਾਂਦਾ ਸੀ। ਹਕੀਮ ਦੇ ਕਹਿਣ 'ਤੇ ਪਹਿਲਾਂ ਤਾਂ ਸ਼ਾਹਜਹਾਨ ਨੇ ਹੋਣੀ ਜਾਣੀ ਅਤੇ ਫਿਰ ਅੰਦੇਸ਼ਾ ਜ਼ਾਹਿਰ ਕੀਤਾ ਕਿ ਮਤੇ ਗੁਰੂ ਹਰਿ ਰਾਇ ਜੀ ਇਨਕਾਰ ਕਰ ਦੇਣ। ਪਰ ਪੀਰ ਹਸਨ ਅਲੀ ਤੇ ਸ਼ੇਖ਼ ਅਬੂ ਗੰਗੋਹੀ ਦੇ ਕਹਿਣ 'ਤੇ ਕਿ ਗੁਰੂ ਨਾਨਕ ਦਾ ਘਰ ਸਭ ਦਾ ਰਾਖਾ ਹੈ ਅਤੇ ਕੋਈ ਦਰਵੇਸ਼ ਨਹੀਂ ਅਤੇ ਜ਼ਾਹਰੀ ਕਰਾਮਾਤਾਂ ਦਾ ਮਾਲਕ ਹੈ,[3] ਅਤੇ ਦੁਖੀਆਂ ਦੀ ਸੁਣਦੇ ਹਨ। ਸ਼ਾਹਜਹਾਨ ਨੇ ਬੜੇ ਆਦਰ ਨਾਲ ਲਿਖਿਆ ਕਿ :

"ਆਪ ਜੀ ਗੁਰੂ ਨਾਨਕ ਦੀ ਗੱਦੀ 'ਤੇ ਬੈਠੇ ਹੋ ਤੇ ਬੇਖ਼ਾਹਸ਼ ਹੋ ਵਿਚਰਦੇ ਹੋ। ਖ਼ੁਦਾ ਦਾ ਫ਼ਜ਼ਲ ਸਿੱਧਾ ਆਪ ਜੀ 'ਤੇ ਹੈ। ਮੇਰਾ ਪੁੱਤਰ ਦਾਰਾ ਰੋਗ ਗ੍ਰਸਤ ਹੈ ਅਤੇ ਆਪ ਜੀ ਪਾਸ ਉਹ ਦਾਰੂ ਹੈ ਜਿਸ ਨਾਲ ਉਹ ਨਰੋਆ ਹੋ ਸਕਦਾ ਹੈ। ਇਹ ਲਿਖਤੀ ਅਰਜ਼ ਆਕਲ ਖ਼ਾਨ[4] ਤੇ ਗੁਲੱ ਬੇਗ ਖ਼ਾਨ ਲੈ ਕੇ ਕੀਰਤਪੁਰ ਗੁਰੂ ਦਰਬਾਰ ਹਾਜ਼ਰ ਹੋਏ।

ਗੁਰੂ ਹਰਿ ਰਾਇ ਜੀ ਨੇ ਦਾਰਾ ਦੀ ਦਸ਼ਾ ਸੁਣ ਕੇ ਹੁਕਮ ਦਿੱਤਾ ਕਿ ਉਸ

---

੧. ਦਾਰਾ ਸਭਿ ਸੰਗੀ ਆਹਿ (ਗਿਆਨ ਸਿੰਘ)

੨. ਰਾਸ ੩੫, ਅੰਸ਼ ੪੬, ਸੂਰਜ ਪ੍ਰਕਾਸ਼।

੩. ਕਾਮਲ ਵਲੀ ਘਰ ਨਾਨਕ ਸ਼ਾਹ, ਜਾਨਤਿ ਹੈ ਹਜ਼ਰਤ ਬਾਦਸ਼ਾਹ। (ਮਹਿਮਾ ਪ੍ਰਕਾਸ਼)

੪. ਆਕਲਖ਼ਾਨ ਬਾਰੇ ਐਨ ਓਰੈਂਟਿਲ ਬਾਇਗਰਾਫ਼ਿਕਲ ਡਿਕਸ਼ਨਰੀ ਵਿਚ ਲਿਖਿਆ ਹੈ ਕਿ ਸ਼ਾਹਜਹਾਨ ਦਾ ਤਿੰਨ ਹਜ਼ਾਰੀ ਮਨਸਬਦਾਰ ਸੀ। ਅਫ਼ਜ਼ਲ ਖ਼ਾਨ ਵਜ਼ੀਰ ਦਾ ਭਤੀਜਾ ਸੀ। ੧੬੪੯ ਵਿਚ ਉਸ ਦੀ ਮ੍ਰਿਤੂ ਹੋਈ। ਇਸ ਤੋਂ ਸਪੱਸ਼ਟ ਹੋਇਆ ਕਿ ਦਾਰਾ ਦੀ ਬਿਮਾਰੀ ਦਾ ਸਾਲ ੧੬੪੯ ਤੋਂ ਪਹਿਲਾਂ ਹੀ ਸੀ।

 www.sikhbookclub.com

ਪ੍ਰੀਤ ਤੇ ਪ੍ਰਤੀਤ[1] ਨਾਲ ਦਵਾਈਆਂ ਮੰਗੀਆਂ ਹਨ, ਹੁਣੇ ਹੀ ਭੇਜੇ।

**ਦਾਰਾ ਗੁਰੂ ਦਰ**—ਔਖਦ ਦੀ ਵਰਤੋਂ ਕਰਕੇ ਦਾਰਾ ਅਰੋਗ ਹੋ ਗਿਆ ਤੇ ਕੁਝ ਚਿਰ ਬਾਦ ਕੀਰਤਪੁਰ ਭੇਟਾਂ ਲੈ ਕੇ ਦਰਸ਼ਨ ਨੂ ਵੀ ਆਇਆ । ਉਸ ਨੇ ਗੁਰ ਮਹਿਮਾ ਵਿਚ ਕਸੀਦਾ ਵੀ ਲਿਖਿਆ। ਉਸ ਲਿਖਤ ਦਾ ਮੂਲ ਰੂਪ ਤਾਂ ਮਿਲਦਾ ਨਹੀਂ ਪਰ ਉਸ ਦਾ ਸਾਰ ਸਿੱਖ ਇਤਿਹਾਸਕਾਰਾਂ ਦਿੱਤਾ ਹੈ । ਉਸ ਲਿਖਿਆ ਤੇ ਕਿਹਾ ਕਿ ਆਪ ਜੀ ਸਦਕਾ ਹੀ ਮੈਨੂੰ ਜੀਵਨ ਦਾਨ ਮਿਲਿਆ ਹੈ। ਆਪ ਜੀ ਪਰਾਇਆਂ ਦੀ ਪੀੜ ਆਪਣੀ ਜਾਣ ਦੂਰ ਕਰਦੇ ਹੋ। ਆਪ ਜੀ ਕਰਾਮਾਤਾਂ ਦੀ ਹੱਦ, ਦੁਸ਼ਟ ਦਮਨ, ਅਨਾਥਾਂ ਦੇ ਨਾਥ, ਬੁੱਧੀ ਦੇ ਮਾਲਕ ਅਤੇ ਗਿਆਨਵਾਨ ਹੋ।[2]

ਦਾਰਾ ਨੇ ਕੀਰਤਪੁਰ ਆ ਹਾਜ਼ਰੀ ਭਰੀ। ਕੀਮਤੀ ਭੇਟਾਵਾਂ ਭੇਟ ਕੀਤੀਆਂ ਤੇ ਕਿਹਾ, ਇਹ ਆਖ ਮੈਨੂੰ ਖ਼ੁਸ਼ੀ ਮਿਲ ਰਹੀ ਹੈ ਕਿ ਜੋ ਵੀ ਸਿਦਕ ਰੱਖ ਕੇ, ਨਿੰਦ ਤਜ ਕੇ, ਇਸ ਦਰ ਆਂਦਾ ਹੈ ਉਸ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਗੁਰੂ ਹਰਿ ਰਾਇ ਜੀ ਨੇ ਸਿਰਫ਼ ਇਤਨਾ ਕਿਹਾ : "ਜੋ ਸ਼ਰਨ ਆਵੈ, ਤਿਸ ਕੰਠ ਲਾਵੈ," ਇਸ ਘਰ ਦਾ ਬਿਰਦੁ ਹੈ।

ਦਾਰਾ ਨੇ ਇਹ ਵੀ ਦੱਸਿਆ ਕਿ ਵੇਦ, ਸ਼ਾਸਤਰਾਂ ਉਪਨਿਸ਼ਦਾਂ ਤੇ ਹੋਰ ਹਿੰਦੁਸਤਾਨੀ ਤੱਥਾਂ ਦਾ ਤਰਜਮਾ ਵੀ ਉਸ ਕੀਤਾ ਹੈ। ਉਸ ਇਹ ਵੀ ਕਿਹਾ ਕਿ ਸ਼ਰਈ ਲੋਕ ਨਾਰਾਜ਼ ਫਿਰਦੇ ਹਨ।[3] ਮਨ ਸ਼ਾਂਤ ਨਹੀਂ ਹੈ। ਹੁਣ ਅੱਗੇ ਸਰੀਰਕ ਰੋਗ ਮਿਹਰ ਸਦਕਾ ਦੂਰ ਕੀਤਾ ਜੇ, ਹੁਣ ਆਤਮ ਅਨੰਦ ਵੀ ਦਿਓ।

ਸਤਵੇਂ ਪਾਤਸ਼ਾਹ ਨੇ ਕਿਹਾ : "ਪਹਿਲੀ ਗੱਲ ਤਾਂ ਇਹ ਹੈ ਦਾਰਾ ਸ਼ਿਕੋਹ ਕਿ ਜਿਵੇਂ ਰਣ ਭੇਰੀ ਵਜੇ ਤਾਂ ਸੂਰਮਾ ਪਿੱਛੇ ਨਹੀਂ ਤੱਕਦਾ ਤੇ ਹਟਦਾ, ਸ਼ਮ੍ਹਾ ਜਲ

---

੧. ਉਨ ਮੰਗੀ ਪ੍ਰਤੀਤ ਪ੍ਰੀਤੂ ਸੋ ਦੇ ਭੇਜੋ ਤਤਕਾਲ।
(ਸਾਖੀ.੩, ਪਾਤਸ਼ਾਹੀ ਸਤਵੀ, ਮਹਿਮਾ ਪ੍ਰਕਾਸ਼)

੨. ਕਾਰਣ ਕਰੀਮ, ਆਪ ਰਾਜ਼ਕ ਰਹੀਮ ਬਡ,
ਭਰਮ ਭਵ ਰੋਗ ਕੋ ਹਕੀਮ ਕੀਮਗਰ ਹੋ।
ਆਰਫ ਫ਼ਕੀਰ ਵਰ ਰੋਸ਼ਨ ਜ਼ਮੀਰ,
ਪਰ ਪੀਰ ਭੀਰ ਹਰ, ਕੀਰ ਕੋ ਅਮੀਰ ਕਰਿ ਹੋ।
ਅਜ਼ਮਤ ਸੀਮ ਬੀਮ ਗਾਰਕ ਗਨੀਮਾਂ,
ਭੀ ਪਾਰਕ ਯਤੀਮਨ ਫ਼ਹੀਮ ਭੀਮ ਤਰ ਹੋ ॥੩॥
(ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਖਾਰਧ ਬਿਸ੍ਰਾਮ ੨੯)

੩. ਆਰਫ਼ ਫਕੀਰ ਰਿੰਦ ਜੋਤਕ ਤੁਰਕ ਹਿੰਦੂ,
ਬਿਦਤ ਬ੍ਰਹਮ ਬਿੰਦ ਤਿਨੈ ਸੰਗ ਕੀਨ ਮੈਂ।
ਯਾਹੀ ਹੈ ਤੁਰਕ ਜੋ ਹੈ, ਕਾਫ਼ਰ ਕਹਿਤ ਮੋ ਹੈਂ,
ਸਦ ਜੇ ਸ਼ਰ੍ਹਾ ਕੇ ਹੋਹੈ, ਭੌਹੈਂ ਭਰੇ ਕੀਨ ਮੈਂ।
(ਸ੍ਰੀ ਗੁਰੂ ਪੰਥ ਪ੍ਰਕਾਸ਼)

ਜਾਏ ਤਾ ਪਤੰਗਾ ਪਰਤ ਕੇ ਨਹੀਂ ਤੱਕਦਾ, ਸੋ ਜੋ ਇਸ ਪਾਸੇ ਪੈਰ ਪਾਉਂਦਾ ਹੈ, ਉਸ ਨੂੰ ਪਿੱਛੇ ਤਾਂ ਬਿਲਕੁਲ ਹੀ ਨਹੀਂ ਦੇਖਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਦੀ ਹੀ ਤੁਕ ਹੈ :

*'ਜਉ ਤਉ ਪ੍ਰੇਮ ਖੇਲਣ ਕਾ ਚਾਉ।*
*ਸਿਰੁ ਧਰਿ ਤਲੀ ਗਲੀ ਮੇਰੀ ਆਉ।'*

'ਸੰਸਾਰ ਦੀ ਅਸਲੀਅਤ ਬਾਰੇ ਤੁਸਾਂ ਪੁੱਛਿਆ ਹੈ, ਉਸ ਬਾਰੇ ਇਹ ਹੀ ਸਮਝਣਾ ਕਾਫ਼ੀ ਹੈ ਕਿ ਜਿਵੇਂ ਸੋਨੇ ਦੇ ਗਹਿਣੇ ਤੇ ਲੋਹੇ ਦੇ ਸ਼ਸਤਰ ਤਰ੍ਹਾਂ-ਤਰ੍ਹਾਂ ਦੇ ਹੁੰਦਿਆਂ ਵੀ ਕਦੇ ਸੋਨੇ ਜਾਂ ਲੋਹੇ ਤੋਂ ਵੱਖ ਨਹੀਂ, ਤਿਵੇਂ ਜਿਤਨਾ ਵੀ ਸੰਸਾਰ ਦਾ ਪਸਾਰਾ ਹੈ, ਉਹ ਪ੍ਰਭੂ ਤੋਂ ਅਲਗ ਨਹੀਂ ਹੈ।

ਫਿਰ ਆਤਮਕ ਆਨੰਦ ਦੀ ਗੱਲ ਤੁਸੀਂ ਜੋ ਪੁੱਛਦੇ ਹੋ, ਉਸ ਬਾਰੇ ਇਹ ਹੀ ਵਿਚਾਰ ਹੈ ਕਿ ਜਿਵੇਂ ਚੰਦਨ ਇਰਦੇ ਗਿਰਦੇ ਦੇ ਹਰ ਦਰਖ਼ਤ ਨੂੰ ਵੀ ਚੰਦਨ ਵਰਗਾ ਹੀ ਕਰ ਦੇਂਦਾ ਹੈ ਅਤੇ ਪਾਹ ਦੇਣ ਨਾਲ ਬਸਤਰਾਂ ਨੂੰ ਰੰਗ ਪੱਕਾ ਚੜ੍ਹ ਜਾਂਦਾ ਹੈ, ਪਾਰਸ ਲੋਹੇ ਨੂੰ ਸੋਨਾ ਬਣਾ ਦੇਂਦਾ ਹੈ, ਬਾਰਸ਼ ਪੈਣ ਨਾਲ ਧੂੜ ਬੈਠ ਜਾਂਦੀ ਹੈ ਤੇ ਬਨਸਪਤੀ 'ਤੇ ਪਈ ਧੂੜ ਵੀ ਧੁਲ ਜਾਂਦੀ ਹੈ, ਭ੍ਰਿੰਗੀ ਆਪਣਾ ਹੀ ਰੂਪ ਕੀੜੇ ਨੂੰ ਦੇਂਦੀ ਹੈ, ਤਿਵੇਂ ਗੁਰੂ ਪਾਸ ਆਇਆਂ ਸਾਧਨਾ ਪੱਕੀ ਹੁੰਦੀ ਹੈ ਤੇ ਲੋਕ ਪਰਲੋਕ ਸਵਰ ਜਾਂਦੇ ਹਨ। ਅਨੰਦ ਸਾਧ ਸੰਗਤਿ ਵਿਚ ਹੈ।'

ਬੜਾ ਅਨੰਦ ਪ੍ਰਾਪਤ ਕਰ ਦਾਰਾ ਵਿਦਾ ਹੋਇਆ।

 www.sikhbookclub.com

## ੬

# ਗੁਰ ਕੇ ਬਚਨ ਕਰਨ ਸੁਨ ਧਿਆਵੈ

**ਮਹਿਮਾ ਗੁਰ ਬਚਨਾਂ ਦੀ**—ਜਿਵੇਂ ਇਹ ਹੁਕਮ ਸੀ ਕਿ 'ਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰ ਸਿਖਹੁ ਕਰਤਾ ਹਰਿ ਆਪ ਮੁਖੋਂ ਕਢਾਇ' ਤਾਂ ਸਿੱਖਾਂ ਨੇ ਬਾਣੀ ਨੂੰ ਰੱਬ ਜਿਤਨਾ ਹੀ ਸਤਿਕਾਰ ਦਿੱਤਾ। ਗੁਰੂ ਸਾਹਿਬਾਨ ਨੇ ਵੀ ਆਪੂੰ ਬਾਣੀ ਨੂੰ ਪੂਰਨ ਸਤਿਕਾਰ ਦੇ ਕੇ ਸਿੱਖਾਂ ਨੂੰ ਹੋਰ ਦ੍ਰਿੜ੍ਹ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਹਰਿਮੰਦਰ ਸਾਹਿਬ ਪ੍ਰਕਾਸ਼ ਵੇਲੇ ਅਤੇ ਪਿਛੋਂ ਸਿੱਖਾਂ ਡਿੱਠਾ ਕਿ ਪਹਿਲਾਂ ਗੁਰੂ ਅਰਜਨ ਦੇਵ ਜੀ ਆਪੂੰ ਰਾਮਸਰ ਤੋਂ ਪੈਦਲ ਚੌਰ ਕਰਦੇ ਆਏ ਹਨ, ਉੱਚੀ ਥਾਂ ਟਿਕਾਇਆ ਹੈ ਅਤੇ ਰਾਤ ਨੂੰ ਬਿਸ੍ਰਾਮ ਵਾਲੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਸੁਖਾਸਨ ਕੀਤਾ ਹੈ ਤੇ ਗੁਰੂ ਜੀ ਨੇ ਆਪਣਾ ਵਿਛੌਣਾ ਭੁੰਜੇ ਕੀਤਾ ਹੈ ਤਾਂ ਸਿੱਖਾਂ ਨੂੰ ਹੋਰ ਕਿਸੇ ਪ੍ਰਮਾਣ ਦੀ ਲੋੜ ਨਾਹ ਰਹੀ।

SIKHBOOKCLUB.COM

ਇਵੇਂ ਸਿੱਖਾਂ ਦਾ ਇਹ ਵਿਸ਼ਵਾਸ ਸੀ ਕਿ ਗੁਰੂ ਪਾਤਸ਼ਾਹ ਜੋ ਮੁੱਖੋਂ ਬੋਲਦੇ ਹਨ ਉਹ ਬਚਨ ਹਨ ਤੇ ਉਨ੍ਹਾਂ ਦੇ ਹਰ ਬਚਨ ਨੂੰ ਧਿਆਨ ਨਾਲ ਸੁਣਨਾ ਤੇ ਪਹਿਰਾ ਦੇਣਾ ਸਿੱਖਾਂ ਦਾ ਫ਼ਰਜ਼ ਹੈ। ਕਿਉਂ ਅਤੇ ਕਿਵੇਂ ਕਰਨਾ ਸਿੱਖ ਨੂੰ ਆਉਂਦਾ ਹੀ ਨਹੀਂ।

ਗੁਰਬਾਣੀ ਵਿਚ ਫ਼ਰਮਾਨ ਸਨ ਕਿ ਜੋ ਮਹਾਂ ਪੁਰਖ 'ਸਹਿਜ-ਸੁਭਾਅ ਵੀ ਬੋਲਦੇ ਹਨ ਉਹ ਬਚਨ ਹੁੰਦੇ ਹਨ ਤੇ ਸਹੀ ਹਨ। 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ', ਗੁਰੂ ਅਰਜਨ ਜੀ ਦਾ ਫ਼ਰਮਾਨ ਸੀ। ਜਿਵੇਂ ਬਾਣੀ ਨੂੰ ਸਤਿ-ਸਤਿ ਕਰ ਮੰਨਣਾ ਹੈ, ਇਵੇਂ ਹੀ ਗੁਰੂ ਰਾਮਦਾਸ ਜੀ ਦਾ ਹੁਕਮ ਉਨ੍ਹਾਂ ਨੂੰ ਯਾਦ ਸੀ ਕਿ ਜਿਸ ਨੇ ਵੀ ਗੁਰੂ ਦੇ ਬਚਨ ਨੂੰ ਸਤਿ-ਸਤਿ ਕਰ ਮੰਨਿਆ ਹੈ, ਉਹ ਹੀ ਵਾਹਿਗੁਰੂ ਨੂੰ ਪਿਆਰੇ ਹਨ :

> *"ਗੁਰ ਕੇ ਬਚਨ ਸਤਿ ਸਤਿ ਕਰ ਮਾਨੇ,*
> *ਮੇਰੇ ਠਾਕੁਰ ਬਹੁਤ ਪਿਆਰੇ।"*

ਗੁਰੂ ਅਰਜਨ ਜੀ ਦਾ ਗਉੜੀ ਰਾਗ ਵਿਚ ਹੁਕਮ ਸੀ ਕਿ ਗੁਰੂ ਦੇ ਬਚਨਾਂ ਤੇ ਆਪਾ ਮਿਟਾ ਦਿਓ ਕਿਉਂਕਿ ਇਹ ਬਚਨ ਹੀ ਹਨ ਜੋ ਜਮਾਂ ਦੀ ਫਾਂਸੀ ਕੱਟ ਸਕਦੇ ਹਨ :



www.sikhbookclub.com

*"ਗੁਰ ਕੇ ਬਚਨ ਮਿਟਾਵਹੁ ਆਪੇ।"*

ਗੁਰੂ ਦੇ ਬਚਨਾਂ 'ਤੇ ਆਪਾ ਵਾਰਨ ਨਾਲ ਹੀ ਨਾਮ ਦੀ ਰੰਗਣ ਚੜ੍ਹਦੀ ਹੈ। ਗੁਰੂ ਦੇ ਬਚਨਾਂ 'ਤੇ ਟੁਰਿਆਂ ਭਰਮ ਮੁੱਕਦੇ, ਬ੍ਰਹਮ ਨਜ਼ਰੀਂ ਆਉਂਦਾ ਹੈ, ਬਖ਼ਸ਼ਸ਼ ਹੁੰਦੀ ਹੈ ਅਤੇ ਰਾਜ ਜੋਗ ਦੀ ਪਦਵੀ ਮਿਲਦੀ ਹੈ।[੧]

ਗੁਰੂ ਦੇ ਬਚਨਾਂ 'ਤੇ ਟੁਰਦਿਆਂ ਹੀ ਭਗਤੀ ਕਬੂਲ ਹੁੰਦੀ ਹੈ ਅਤੇ ਪ੍ਰਭੂ ਮਨ ਵਿਚ ਆਨ ਵਸਦਾ ਹੈ।

*"ਗੁਰ ਕੇ ਬਚਨ ਭਗਤਿ ਥਾਇ ਪਾਇ,*
*ਹਰਿ ਜੀਉ ਆਪੁ ਵਸੈ ਮਨਿ ਆਇ।"*

ਸਿੱਖ, ਸਾਦਿਕ, ਸਾਧੂ, ਸੰਤ ਸਿੱਧ ਤੇ ਲੋਕ, ਜਿਨ੍ਹਾਂ ਦਾ ਜੀਵਨ ਬਚਨ ਸੁਣ ਤੇ ਪਾਲ ਪਲਟਾ ਖਾਂਦਾ ਸੀ, ਉਹ ਲੋਕ ਬਚਨ ਸਾਂਭ ਰੱਖਦੇ ਸਨ। ਉਹ ਹੀ ਬਚਨ ਫਿਰ ਗੋਸ਼ਟਾਂ ਬਣੀਆਂ। ਹਾਜ਼ਰ ਨਾਮੇ ਕਹਿਲਾਏ। ਜਨਮ ਸਾਖੀਆਂ ਕਹਿਲਾਈਆਂ। ਪਰਚੀਆਂ ਹੋਈਆਂ ਤੇ ਦੌਰੇ ਦੀਆਂ ਸਾਖੀਆਂ ਨਾਲ ਪ੍ਰਸਿੱਧ ਹੋਈਆਂ। ਕਥਾ ਦੇ ਰੂਪ ਵਿਚ ਪ੍ਰਚੱਲਤ ਹੋਈਆਂ। ਸੁਖਨ ਬਣੇ, ਬੋਲਾਂ ਦੇ ਰੂਪ ਵਿਚ ਯਾਦਾਂ ਬਣੀਆਂ ਤੇ ਬਚਨ ਤੋਂ ਗ੍ਰੰਥ ਦੇ ਰੂਪ ਵਿਚ ਸਾਡੇ ਸਾਹਮਣੇ ਆਏ। ਕੈਸੇ-ਕੈਸੇ ਸੁੰਦਰ ਬਚਨ ਇਨ੍ਹਾਂ ਪੁਸਤਕਾਂ ਨੇ ਸਾਂਭੇ, ਉਨ੍ਹਾਂ ਨੂੰ ਪੜ੍ਹਦੇ ਸਾਰ ਹੀ ਪ੍ਰਤੀਤ ਆਉਂਦੀ ਹੈ ਤੇ ਪ੍ਰੀਤ ਜਾਗਦੀ ਹੈ। ਜਦ ਕਿਸੇ ਗੁਰੂ ਨਾਨਕ ਜੀ ਕੋਲੋਂ ਪੁੱਛਿਆ ਕਿ ਫ਼ਕੀਰ ਜੁਗਤ ਦੱਸੋ ਤਾਂ ਆਪ ਜੀ ਨੇ ਫ਼ਰਮਾਇਆ ਸੀ :

*ਆਦਿ ਫ਼ਕੀਰੀ ਦਾ ਨਾਸ ਹੋਣਾ, ਅੰਤ ਸਤਿ ਹੋਣਾ,*
*ਫ਼ਕੀਰ ਤੇ ਸਾਇਆ ਭਗਵੰਤ ਕਾ ਹੈ।*
*ਹਾਥ ਫ਼ਕੀਰ ਦੇ ਦੋਨੋਂ ਕੰਨਾਂ ਤੇ ਧਰੇ ਹੋਏ ਹਨ,*
*ਚਰਨ ਫ਼ਕੀਰ ਦੇ ਬਾਂਧੇ ਹੁੰਦੇ ਹੈਨ,*
*ਫ਼ਕੀਰ ਕਾ ਤੋਸ਼ ਭਰੋਸਾ ਭਗਵੰਤ ਕਾ।*
**ਘਰ ਫ਼ਕੀਰ ਕਾ ਸਾਰਾ ਜਗਤ;**
**ਮਿਲਖ, ਨਾਮ ਪਰਮੇਸ਼ਰ ਕਾ;**
*ਗੰਜ (ਖਜ਼ਾਨਾ) ਫ਼ਕੀਰ ਕਾ ਸਰੀਰ ਅਰੋਗ।*
*ਗੰਜ ਕਾ ਜੰਦਰਾ, ਤਿਆਗ ਭੋਗਹੁ ਕਾ।*
*ਪ੍ਰਸੰਨਤਾ ਫ਼ਕੀਰ ਕੀ, ਚਿਤ ਕਿਸੇ ਬਿਖੇ ਨ ਅਟਕਾਵਣਾ,*
*ਰਸ ਰੂਪ ਵਿਚ।*

---

੧. ਗਉੜੀ ਮਹਲਾ ੫॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ।
ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ।
ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ।
ਗੁਰ ਕੈ ਸੰਗਿ ਤਰਿਆ ਸਭ ਲੋਗੁ। ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ।
ਨਾਨਕ ਗੁਰ ਭੇਟਿਆ ਪਾਰਬ੍ਰਹਮੁ ॥੮॥੮॥ (ਪੰ: ੨੩੯)

 www.sikhbookclub.com

*ਰੋਗ ਫ਼ਕੀਰੋਂ ਕੋ ਮਾਇਆ ਧਾਰੀਆਂ ਸਾਥ ਪ੍ਰੀਤ ਕਰਨਾ।*
*ਦੁਖ ਫ਼ਕੀਰ ਕੋ ਕਰਾਮਾਤ ਕਰਕੇ,*
*ਮੰਨਬੰਧੀ ਤਿਆਗ ਹੈ, ਅਹੁੰ ਕੇ ਬੀਚ ਨ ਅਟਕਣਾ।*
**ਦੁਸ਼ਮਣ ਫ਼ਕੀਰ ਕਾ ਆਪਣਾ ਮਨ।**
**ਬਹਾਦਰੀ ਹੈ ਫ਼ਕੀਰ ਕੀ ਚਿਤ ਭਜਨ ਵਿਖੇ ਟਿਕਾਉਣਾ।**
*ਮੂਰਖਤਾ ਫ਼ਕੀਰ ਕੀ ਹੈ, ਭਜਨ ਤੇ ਅਚੇਤ ਹੋਵਣਾ।*
*ਚੋਰੀ ਹੈ, ਬਿਗਾਨੀ ਨਿੰਦਾ ਸੁਨਣੀ।*
*ਮਰਦਾਨਗੀ ਹੈ ਜਿਸ ਕਾ ਹਾਥ ਪਕੜੇ ਛੋੜੇ ਨਾਂਹ।*
*ਪਾਤਸ਼ਾਹੀ ਹੈ, ਬੇਪਰਵਾਹੀ ਜਗਤ ਸਿਉ।*

ਹਾਜ਼ਰ ਨਾਮੇ ਦੇ ਇਹ ਸ਼ਬਦ ਸਿੱਖਾਂ ਨੇ ਕਦੇ ਨਹੀਂ ਭੁਲਾਇ ਕਿ :

**ਅਕ੍ਰਿਤਘਣ ਦਾ ਮੂੰਹ ਪੀਲਾ ਭੂਕ ਹੈ**
**ਤੇ ਬਦਜ਼ਬਾਨ ਪਲੀਤ ਹੈ।**
**ਇਲਮ ਹਲੀਮੀ ਹੈ, ਜ਼ੋਰ ਜ਼ੁਲਮ ਹੈ, ਤੇਗ ਮਰਦਾਂ ਹੈ।**

ਗੁਰੂ ਅੰਗਦ ਦੇਵ ਜੀ ਦੇ ਇਹ ਬਚਨ ਤਾਂ ਸਿੱਖਾਂ ਪੱਲੇ ਹੀ ਬੰਨ੍ਹੇ ਰੱਖੇ ਕਿ 'ਅੰਨ ਬਹੁਤੀ ਭੁੱਖੇ ਲੱਗੀ ਜੇਵਣਾ। ਭਰੇ ਉਪਰ ਭਰਨਾ ਨਾਹੀ, ਅੰਨ ਛੱਡਣਾ ਵੀ ਨਾਹੀ। ਸਵਣਾ ਤਾਂ ਜਾਂ ਨੀਂਦ ਬਹੁਤੀ ਆਵੈ। ਨਿੰਦਰਾ ਬਿਨਾ ਸਵਣਾ ਨਹੀਂ, ਗਾਫਲਾਈ ਹੈ।

ਗੁਰੂ ਅਰਜਨ ਪਿਤਾ ਦੇ ਬਚਨ ਗੁਰਮੁਖਿ ਬਣਨ ਲਈ ਕਿਤਨੇ ਲਾਹੇਵੰਦ ਹਨ :

**ਧਨ, ਰੂਪ, ਗ੍ਰਿਹਿ, ਵਸਤ੍ਰ, ਭੋਜਨ, ਸੋਭਾ, ਸਾਹਿਬੀਆਂ, ਖੁਸ਼ੀਆਂ, ਮੋਖ, ਮੁਕਤਿ, ਵਡਿਆਈਆਂ ਪਰਮੇਸ਼ਵਰ ਕੇ ਨਾਵੇ ਵਿਚਿ ਕਰ ਜਾਣਨੀਆਂ। ਇਹ ਗੱਲ ਜਾਣੇਗਾ ਤਾਂ ਗੁਰਮੁਖ ਹੋਵੇਗਾ।** ਸ੍ਰੀ ਸਤਿਗੁਰ ਜੀਓ ਬੋਲਿਆ :

*"ਜਿਨ੍ਹਾਂ ਦਾ ਮਨ ਪਰਮੇਸ਼ਵਰ ਨਾਲ ਲਗਾ ਹੈ,*
*ਉਨ੍ਹਾਂ ਦੀ ਇੱਛਾ ਪੂਰੀ ਹੈ।"*

ਸੋ ਬਹੁਤ ਮਹਿਮਾ ਹੈ, ਗੁਰੂ ਬਚਨਾਂ ਦੀ ਅਤੇ ਸਾਡੀ ਖ਼ੁਸ਼ਕਿਸਮਤੀ ਨੂੰ ਗੁਰੂ ਹਰਿ ਰਾਇ ਜੀ ਦੇ ਕੀਤੇ ਬਚਨਾਂ ਨੂੰ ਉਨ੍ਹਾਂ ਦੀ ਹੀ ਪਾਲਿਤ ਪੁੱਤਰੀ ਬੀਬੀ ਰੂਪ ਕੌਰ ਜੀ ਨੇ ਲਿਖ ਸਾਂਭ ਲਏ ਸਨ।

**ਬੀਬੀ ਰੂਪ ਕੌਰ ਜੀ**—ਕੀਰਤਪੁਰ ਨਿਆਸਰਿਆਂ ਦਾ ਆਸਰਾ ਤੇ ਨਿਓਟਿਆਂ ਦੀ ਓਟ ਵੀ ਸੀ। ਸਿੱਖ ਜੀਵਨ ਦਾਨ ਦੇ ਕੇ ਜਵਾਨੀਆਂ ਭੇਟ ਕਰਦੇ ਤੇ ਆਪੋ ਆਪਣੇ ਬੱਚਿਆਂ ਨੂੰ ਗੁਰੂ ਦਰ 'ਤੇ ਚੜ੍ਹਾ ਜਾਂਦੇ ਸਨ। ਇਨ੍ਹਾਂ ਵਿਚੋਂ ਹੀ ਇਕ ਬੱਚੀ ਰੂਪ ਕੌਰ ਸੀ, ਜਿਸ ਨੂੰ ਗੁਰੂ ਹਰਿ ਰਾਇ ਜੀ ਨੇ ਆਪਣੇ ਹੱਥੀਂ ਪਾਲਿਆ।[੧] ਉਸ

੧. ਕੀਰਤਪੁਰ ਗੁਰੂ ਹਰਿ ਰਾਇ ਜੀ ਦਾ ਬੀਬੀ ਰੂਪ ਕੌਰ ਨੂੰ ਦਿੱਤਾ ਹੱਥ ਦਾ ਰੁਮਾਲ ਵੀ ਹੈ ਜੋ ੧੨ ਗਿਰਾਂ ਮੁਰਬਾ ਹੈ। ਪੋਥੀ ਜਪੁਜੀ ਤੇ ਸਾਖੀਆਂ ਹਨ। ਪੋਥੀ ਦੇ ਪੱਤਰੇ ੬੫੫ ਹਨ ਤੇ ਸਾਖੀਆਂ ੪੯੮ ਤੋਂ ਅਰੰਭ ਹੋ ਕੇ ੬੫੫ ਤੱਕ ਜਾਂਦੀਆਂ ਹਨ। →

 www.sikhbookclub.com

ਨੇ 'ਸਤਿਗੁਰੂ ਜੀ ਦੇ ਮੂੰਹੈ ਦੀਆਂ ਸਾਖੀਆਂ 'ਲਿਖੀਆਂ ਜਿਸ ਵਿਚ ਗੁਰੂ ਸਾਹਿਬਾਨ ਦੇ ਬਚਨ ਸੰਭਾਲੇ ਹੋਏ ਹਨ। ਜਿਹੜੇ ਬਚਨ ਪਹਿਲੇ ਗੁਰੂ ਸਾਹਿਬਾਨ ਦੇ ਸਨ ਉੱਥੇ ਤਾਂ ਮਹਲ ਦਾ ਅੰਕ ਜਾਂ ਨਾਮ ਸਾਖੀ ਮਹਲ ਪਾ ਦਿੱਤਾ ਅਤੇ ਜੋ ਗੁਰੂ ਹਰਿ ਰਾਇ ਸਾਹਿਬ ਦੇ ਬਚਨ ਸਨ, ਉਨ੍ਹਾਂ 'ਤੇ ਕੋਈ ਮਹਲਾ ਜਾਂ ਸੰਕੇਤ ਨਾਂ ਪਾ ਦਿੱਤਾ ਕੇਵਲ ਗੁਰੂ ਆਖਿਆ ਜਾਂ ਸਤਿ ਗੁਰੂ ਬੋਲਿਆ। ਉਹ ਬਚਨ ਇਤਨੇ ਕੀਮਤੀ ਹਨ ਕਿ ਉਨ੍ਹਾਂ 'ਤੇ ਟੁਰ ਕੇ ਹੀ ਸਿੱਖਾਂ ਕਮਾਲਾਂ ਦੇ ਸਿਖਰਾਂ ਨੂੰ ਛੂਹਿਆ।

**ਸੁਹਣਾ ਤੇ ਕਸੁਹਣਾ**—ਗੁਰੂ ਮਹਾਰਾਜ ਕੋਲੋਂ ਸਿੱਖਾਂ ਪੁੱਛਿਆ ਦਾਤਾ ਸੁਹਣਾ ਕੌਣ ਹੈ ਤੇ ਕਸੁਹਣਾ ਕੌਣ ? ਗੁਰੂ ਜੀ ਦਾ ਕਹਿਣਾ ਸੀ :"ਜੋ ਸ਼ਿਵ ਰੂਪ ਹੈ, ਉਹ ਸੋਹਣਾ ਹੈ।" ਭਾਵ ਜਿਸ ਪਾਸ ਸੀਤਲਤਾ ਹੈ, ਹਿਰਦੇ ਦੀ ਠੰਡਕ ਹੈ, ਸ਼ਾਂਤ ਚਿਤ ਹੈ, ਸਬੁੱਧ ਹੈ। "ਸ਼ਿਵ ਅਗੇ ਸ਼ਕਤੀ ਹਾਰਿਆ" ਇਹ ਗੁਰਬਾਣੀ ਕਹਿੰਦੀ ਹੈ।

ਜੋ ਸਦਾ ਉਤੇਜਤ ਰਹਿੰਦਾ ਹੈ, ਘੂੰਤਰਾਂ ਕੱਢਦਾ ਹੈ ਤੇ ਸਾਜ਼ਸ਼ ਬਾਜ਼ ਹੈ, ਵਾਦੀ ਹੈ, ਉਹ ਕਸੁਹਣਾ ਹੈ।

ਚੰਦ ਨੂੰ ਦੇਖਣ ਲਈ ਸਭ ਉੱਠ ਭੱਜਦੇ ਹਨ ਪਰ ਸੂਰਜ ਵੱਲ ਕੋਈ ਮੂੰਹ ਨਹੀਂ ਕਰਦਾ। ਕਾਂ ਬੋਲੇ ਤਾਂ ਕੋਈ ਸੁਣਦਾ ਨਹੀਂ ਪਰ ਕੋਇਲ ਕੂਕੇ ਤਾਂ ਦਿਲ ਕਰਦਾ ਹੈ ਬੋਲੀ ਹੀ ਟੁਰੀ ਜਾਏ। ਸੁਹਣਾ ਕਸੁਹਣਾ ਸਭ ਅੰਦਰ ਦੀ ਦਸ਼ਾ ਕਰਕੇ ਹੁੰਦੇ ਹਨ। ਗੁਰੂ ਹਰਿ ਰਾਇ ਜੀ ਨੇ ਇਹ ਵੀ ਤੁਕ ਪੜ੍ਹ ਸੁਣਾਈ :

*"ਅਤਿ ਸੁੰਦਰ ਕੁਲੀਨ ਚਤੁਰ,*
*ਮੁਖਿ ਙਿਆਨੀ ਧਨਵੰਤ।*
*ਮਿਰਤਕ ਕਹੀਅਹਿ ਨਾਨਕਾ,*
*ਜਿਹ ਪ੍ਰੀਤਿ ਨਹੀਂ ਭਗਵੰਤ।" (ਗੁਰੂ ਗ੍ਰੰਥ ਸਾਹਿਬ , ਪੰਨਾ ੨੫੩)*

ਸੁੰਦਰਤਾ ਦੇ ਸੋਮੇ ਵਾਹਿਗੁਰੂ ਨਾਲ ਪ੍ਰੀਤ ਲਗਾਈ ਰਖੀਏ ਤਾਂ ਸੁੰਦਰਤਾ ਕਦੇ ਢਲਦੀ ਨਹੀਂ। ਗੁਰੂ ਆਖਿਆ : ਖਿਗਰ ਰੂਪ ਅਹੰਕਾਰ ਹੈ। **ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।**

**ਮੁਕਤਾ ਕਿਹੜਾ**—ਸਿੱਖਾਂ ਦੇ ਪੁੱਛਣ 'ਤੇ ਗੁਰੂ ਸਾਹਿਬ ਨੇ ਕਿਹਾ ਮੁਕਤਾ ਉਹ ਹੀ ਹੈ ਜਿਸ ਨੂੰ ਦੁਖ ਸੁਖ ਵਿਚ ਪਰਮੇਸ਼ਵਰ ਚਿਤ ਆਵੈ। ਜੋ ਸਭ ਸੰਸਾਰੀ ਸੁਖ ਪਾਸ ਹੋਵਣ ਅਤੇ ਪਰਮੇਸ਼ਰ ਵਿਸਰੇ ਸੋ ਹੀ ਅਮੁਕਤਾ ਹੈ। ਦੁੱਖ ਵੇਲੇ ਜੇ ਇਹ ਤੁਕ ਮੁੱਖੋਂ ਨਿਕਲ ਗਈ ਕਿ "ਇਹ ਭਿ ਦਾਤ ਤੇਰੀ ਦਾਤਾਰ" ਤਾਂ ਮੁਕਤਾ ਹੋਇਆ।

——→ ਮਹਾਨ ਕੋਸ਼ ਵਿਚ ਬੀਬੀ ਜੀ ਸਬੰਧੀ ਲਿਖਿਆ ਹੈ : ਇਹ ਸ੍ਰੀ ਗੁਰੂ—ਹਰਿ ਰਾਇ ਸਾਹਿਬ ਜੀ ਦੀ ਪਾਲਿਤ ਪੁੱਤਰੀ ਸੀ। ਇਸ ਦਾ ਵਿਆਹ ਪਸਰੂਰ ਨਿਵਾਸੀ ਭਾਈ ਖੇਮਕਰਣ ਨਾਲ ਹੋਇਆ। ਉਨ੍ਹਾਂ ਦਾ ਸਪੁੱਤਰ ਅਮਰ ਸਿੰਘ ਸੀ। (ਵੰਡ ਤੋਂ ਪਹਿਲਾਂ) ਇਨ੍ਹਾਂ ਦੀ ਔਲਾਦ ਪਸਰੂਰ ਹੈ। ਰਿਆਸਤ ਪਟਿਆਲਾ ਵੱਲੋਂ ਦਿਆਲਪੁਰ ਜੋ ਬਨੂੜ ਨੇੜੇ ਹੈ, ਜਾਗੀਰ ਵੀ ਸੀ। ਬੀਬੀ ਜੀ ਦੀ ਸੰਤਾਨ ਸੋਢੀ ਹੀ ਕਹਿਲਾਂਦੇ ਹਨ। ਇਨ੍ਹਾਂ ਦੇ ਵੱਡੇ ਮਾਤਾ ਰਾਜ ਕੌਰ ਦੇ ਅਸਥਾਨ ਦੇ ਪੁਜਾਰੀ ਸਨ ਤੇ ਜਦ ਸਾਹਿਬ ਸਿੰਘ ਪਟਿਆਲੇ ਵਾਲੇ ਸੁਣਿਆ ਕਿ ਉਥੋਂ ਦੀ ਆਮਦਨ ਨਾਲ ਨਿਰਬਾਹ ਨਹੀਂ ਹੋ ਰਹਿਆ ਤਾਂ ਜਾਗੀਰ ਨਾਂ ਲਗਾ ਦਿੱਤੀ।


www.sikhbookclub.com

ਜੋ ਹੁਕਮ ਵਿਚ ਵਿਚਰਦਾ ਹੈ ਉਹ ਸਦਾ ਅਨੰਦ ਵਿਚ ਖੇਲਦਾ ਹੈ। ਪਰਮੇਸਰ ਤੇ ਭੁਲਿਆਂ ਵਿਆਪਣ ਸਭੇ ਰੋਗ। ਜਦ ਪ੍ਰਮੇਸ਼ਰ ਚਿਤ ਆਵੈ ਤਾਂ ਖੇੜਾ ਹੀ ਖੇੜਾ। ਵਿਸਰਿਆ ਨਹੀਂ ਤਾਂ ਦੁੱਖ ਅਰੰਭ। ਸਾਰੀ ਖ਼ੁਸ਼ੀ ਨਾਮ ਵਿਚ ਹੈ।

*"ਸਦੀਵ ਗਨੀ ਸੁਹਾਵਲੇ,*
*ਰਾਮ ਨਾਮ ਗ੍ਰਿਹਿ ਮਾਲ।"*

**ਪਾਪ ਦਾ ਮੂਲ**—ਸਿੱਖਾਂ ਪੁੱਛਿਆ : ਕਿ ਬਖ਼ਸ਼ਸ਼ ਦੇ ਦਾਤੇ, ਕ੍ਰਿਪਾ ਕਰ ਦੱਸੋ ਕਿ ਪਾਪਾਂ ਦਾ ਮੂਲ ਕੀ ਹੈ ? ਕਰਮ ਧਰਮ ਨੇਮ ਸਭ ਕਰੀਦੇ ਹਨ, ਪਾਪ ਫਿਰ ਵੀ ਆ ਪਹੁੰਚਦੇ ਹਨ। ਸਪਤਮ ਪਿਤਾ ਗੁਰੂ ਹਰਿ ਰਾਇ ਜੀ ਨੇ ਫ਼ਰਮਾਇਆ : **ਪਾਪਾਂ ਦਾ ਮੂਲ ਲੋਭ ਹੈ।**

*ਲੋਭੀ ਕਾ ਵੇਸਾਹੁ ਨ ਕੀਜੈ,*

ਇਹ ਹੀ ਗੁਰਬਾਣੀ ਪੁਕਾਰ ਕਹਿੰਦੀ ਹੈ ।

ਲੋਭ ਦਾ ਮੂਲ ਕੂੜ ਹੈ। ਕੂੜ ਬੋਲ ਬੋਲ ਲੋਭ ਵਾਲੇ ਪਾਸੇ ਟੁਰੀ ਜਾਂਦਾ ਹੈ। ਸੱਚ ਪੱਲੇ ਹੋਏ ਤਾਂ ਕੂੜ ਨਹੀਂ ਆਉਂਦਾ ਤੇ ਕੂੜ ਤਜਿਆਂ ਲੋਭ ਗਿਆ ਤੇ ਲੋਭ ਗਿਆ ਤਾਂ ਪਾਪਾਂ ਦਾ ਨਾਸ।

**ਮੌਤ ਨਹੀਂ ਅਕਾਲ ਚਲਾਣਾ**—ਮੁਹਸਨ ਫ਼ਾਨੀ ਨੇ ਠੀਕ ਕਿਹਾ ਸੀ ਕਿ ਸਿੱਖਾਂ ਦਾ ਇਹ ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਹਰ ਸਿੱਖ ਸਿੱਧਾ ਗੁਰ ਪੁਰੀ ਜਾਂਦਾ ਹੈ। ਗੁਰੂ ਹਰਿਗੋਬਿੰਦ ਜੀ ਵੇਲੇ ਭਾਈ ਨਿਹਾਲਾ ਜੀ ਨੇ ਇਕ ਹੰਕਾਰੀ ਪੰਡਿਤ ਨਿਤਾਨੰਦ ਨੂੰ ਖ਼ੂਬ ਲਿਆ ਸੀ ਜਦ ਉਸ ਨੇ ਕਿਹਾ ਸੀ ਕਿ ਸਿੱਖਾਂ ਨੂੰ ਪਤਾ ਹੀ ਨਹੀਂ ਕਿ ਆਤਮਾ ਸਰੀਰ ਛੱਡ ਕਿਹੜੇ ਪੈਂਡੇ ਪੈਂਦੀ ਹੈ। ਭਾਈ ਜੀ ਨੇ ਕਿਹਾ : **ਸਿੱਖ** ਉਸ ਰਾਹ ਜਾਂਦਾ ਹੀ ਨਹੀਂ:

*"ਸਤਿਗੁਰੂ ਪੂਰੇ ਸਾਚ ਕਹਿਆ।*
*ਨਾਮ ਤੇਰੇ ਕੀ ਮੁਕਤੇ ਬੀਥੀ,*
*ਜਮ ਕਾ ਮਾਰਗ ਦੂਰ ਰਹਿਆ।"*

ਗੁਰੂ ਹਰਿ ਰਾਇ ਜੀ ਨੇ ਹੁਕਮ ਦੇ ਰਖਿਆ ਸੀ ਕਿ ਕਿਸੇ ਸਿੱਖ ਦੇ ਗੁਜ਼ਰਨ ਵੇਲੇ ਕਦੇ ਨਹੀਂ ਕਹਿਣਾ ਕਿ ਉਸ ਦੀ ਮੌਤ ਹੋਈ ਹੈ ਜਾਂ 'ਜਮ ਕੇ ਪੱਲੇ ਪਿਆ ਹੈ' ਜਾਂ 'ਜਮ ਦੁਆਰੇ' ਗਿਆ ਹੈ। ਇਹ ਹੀ ਕਹਿਣਾ ਕਿ **ਅਕਾਲ ਪਾਸ ਗਿਆ ਹੈ, ਅਕਾਲ ਚਲਾਣਾ ਕੀਤਾ ਹੈ। ਹਰਿ ਪੰਥ, ਹਰਿ ਦੁਆਰੇ ਆਖਣਾ ਜਾਂ ਹਰਿ ਲੋਕ ਕਹਿਣਾ।**

ਐਸੀ ਗੁੜ੍ਹਤੀ ਮਿਲ ਗਈ ਸੀ ਗੁਰਾਂ ਕੋਲੋਂ ਕਿ ਜ਼ਕਰੀਆ ਖ਼ਾਨ ਨੇ ਵੀ ਨਾਦਰ ਨੂੰ ਕਿਹਾ ਕਿ ਇਹ ਮੌਤ ਨੂੰ ਮਰਨਾ ਨਹੀਂ ਕਹਿੰਦੇ 'ਚੜ੍ਹਾਈ ਕਰਨਾ' ਬੋਲਦੇ ਹਨ। ਮੌਤ ਨੂੰ ਸਿੱਖਾਂ ਜਿੱਤ ਲਿਆ ਸੀ।

**ਹਮ ਭੂਲ ਵਿਗਾੜੇ ਦਿਨਸ ਰਾਤਿ**—ਇਕ ਸਿੱਖ ਗੁਰ ਮਰਯਾਦਾ ਉਲਟ ਪਿਆ ਕਾਰਜ ਕਰਦਾ ਸੀ। ਸਿੱਖਾਂ ਗੁਰੂ ਪਾਤਸ਼ਾਹ ਪਾਸ ਸ਼ਿਕਾਇਤ ਅਪੜਾਈ। ਹੁਕਮ ਹੋਇਆ ਕਿ ਇਸ ਨੂੰ ਸਜ਼ਾ ਦਿਓ। ਇਕ ਸਿੱਖ ਅੱਗੇ ਸਜ਼ਾ ਦੇਣ ਲਈ ਵਧਿਆ


www.sikhbookclub.com

ਪਰ ਕੋਲ ਜਾ ਚੁੱਪ-ਚੁਪੀਤਾ ਖੜਾ ਹੋ ਗਿਆ। ਮਹਾਰਾਜ ਨੇ ਕਿਹਾ : 'ਇਸ ਨੂੰ ਸਜ਼ਾ ਦੇਂਦੇ ਕਿਉਂ ਨਹੀਂ!' ਹੱਥ ਜੋੜ ਸਿੱਖ ਨੇ ਬੇਨਤੀ ਕੀਤੀ : 'ਅਸੀਂ ਤਾਂ ਖਿਨ ਖਿਨ ਭੁਲਣਹਾਰ ਹਾਂ। ਕਿਸ-ਕਿਸ ਕੋਲੋਂ ਮਾਰ ਖਾਵਾਂਗੇ। ਤੁਸੀਂ ਬਖ਼ਸ਼ੋ ਅਤੇ ਨਦਰ ਕਰਮ ਕਰਕੇ ਸਿੱਧੇ ਰਾਹ ਪਾਓ।' ਗੁਰੂ ਜੀ ਨੇ ਧੰਨ ਸਿੱਖੀ ਕਿਹਾ।

**ਹਉ ਤਿਸ ਵਿਟਹੁ ਵਾਰਿਆ**—ਕੰਧਾਰ ਦੀ ਸੰਗਤ ਨੇ ਆ ਕੇ ਗੁਰੂ ਚਰਨ ਪਕੜੇ ਅਤੇ ਮੁਖੀ ਸਿੱਖ ਨੇ ਕਿਹਾ :

*'ਪਾਤਸ਼ਾਹ ਤੁਮ ਵਿਟਹੁ ਕੁਰਬਾਨ।'*

ਗੁਰੂ ਜੀ ਨੇ ਮੋੜਵਾਂ ਕਿਹਾ :

*'ਸਿੱਖੋ, ਹਉ ਵਾਰਿਆ ਤੁਸਾਂ ਵਿਟਹੁ।'*

ਸਾਰੇ ਸਿੱਖ ਅਚੰਭੇ ਵਿਚ ਆਏ ਕਿ ਮਹਾਰਾਜ ਸਿੱਖਾਂ ਦੀ ਇਤਨੀ ਵਡਿਆਈ ਕਰਦੇ ਹਨ। ਉਨ੍ਹਾਂ ਦੀ ਅਸਚਰਜਤਾ ਭਾਂਪ ਕੇ ਗੁਰੂ ਜੀ ਨੇ ਕਿਹਾ : ਮੇਰਾ ਵੀ ਐਸੇ ਸਿੱਖਾਂ ਤੋਂ ਕੁਰਬਾਨ ਹੋਣ 'ਤੇ ਜੀਅ ਚਾਹੁੰਦਾ ਹੈ ਜੋ ਸ਼ਰਧਾ ਧਾਰ ਇਤਨਾ ਲੰਮਾ ਪੈਂਡਾ ਕਰ ਤੁਰੀ ਆਂਦੇ ਹਨ। ਰਾਹਾਂ ਦੀਆਂ ਔਕੜਾਂ ਦੀ ਜ਼ਰਾ ਵੀ ਪਰਵਾਹ ਨਹੀਂ ਕਰਦੇ। ਵਿਹ ਲੋਕ ਲਾਜ, ਰੀਤੀ ਰਿਵਾਜ, ਰਸਮ ਭਰਮ ਨੂੰ ਤਿਲਾਂਜਲੀ ਦੇ ਗੁਰੂ ਦੇ ਬਚਨਾਂ ਤੇ ਹੀ ਯਕੀਨ ਕਰਦੇ ਹਨ। ਲੋਕ ਡਰਾਂਦੇ ਤੇ ਧਮਕਾਦੇ ਵੀ ਹਨ ਪਰ ਤੁਸੀਂ ਡੋਲਦੇ ਨਹੀਂ। ਐਸੇ ਸਿੱਖਾਂ ਤੋਂ ਕੁਰਬਾਨ ਹੋਣ 'ਤੇ ਜੀਅ ਚਾਹੁੰਦਾ ਹੈ।

ਸ਼ਾਇਦ ਇਸੇ ਲਈ ਭਾਈ ਨੰਦ ਲਾਲ ਜੀ ਨੇ ਕਿਹਾ ਸੀ :

"ਮੈਂ ਉਸਦਾ ਆਸ਼ਿਕ ਹਾਂ ਜੋ ਮੇਰਾ ਆਸ਼ਿਕ ਹੈ।" ਗੁਰੂ ਜੀ ਵੀ ਸਿੱਖਾਂ ਨੂੰ ਭਾਈ ਕਹਿ ਕੇ ਸਤਿਕਾਰ ਦੇਂਦੇ ਸਨ। ਭਾਈ ਭਗਤੂ ਦਾ ਸਸਕਾਰ ਹੱਥੀਂ ਕਰਨਾ ਇਸੇ ਪਾਸੇ ਦੀਆਂ ਹੀ ਕੁਝ ਉਦਾਹਰਣਾਂ ਹਨ।

**ਅਰਦਾਸ ਤੇ ਅਰਾਧਨਾ**—ਸਿੱਖਾਂ ਪੁੱਛਿਆ ਕਿ ਕੌਣ ਸੀ ਅਰਦਾਸ ਥਾਇ ਪੈਂਦੀ ਹੈ ? ਮਹਾਰਾਜ ਨੇ ਕਿਹਾ ਕਿ ਅਰਦਾਸ ਭਾਵੇਂ ਕੋਈ ਬੋਲ ਕੇ ਕਰੇ ਭਾਵੇਂ ਅੰਦਰੋਂ, ਪਰਵਾਨ ਹੁੰਦੀ ਹੈ ਪਰ ਜੋ ਅਰਦਾਸ ਅੰਦਰੋਂ ਹੋਵੇ, ਹਿਰਦੇ ਸ਼ੁੱਧ ਨਾਲ ਹੋਵੇ, ਥਾਇ ਪੈਂਦੀ ਹੈ। ਅਰਾਧਨਾ ਕੇਵਲ ਇਹ ਹੀ ਹੈ ਕਿ ਸਭਨਾਂ ਜੀਆ ਕਾ ਭਲਾ ਮਨਾਇ।

**ਹਉ ਹੀ ਵੱਡਾ ਰੋਗ**—ਗੁਰੂ ਜੀ ਸਿੱਖਾਂ ਦਾ ਮਾਰਗ ਦਰਸ਼ਨ ਆਪੂੰ ਕਈ ਢੰਗ ਵਰਤ ਕੇ ਕਰਦੇ ਸਨ। 'ਝਿੜਕੇ ਬਹੁ ਭਾਂਤਿ' ਦਾ ਰਾਹ ਵੀ ਅਪਣਾਉਂਦੇ ਸਨ ਤਾਂ ਕਿ ਸਿੱਖ ਹਉ ਦੀ ਖੱਡ ਵਿਚ ਗਿਰ ਗਰਕ ਹੀ ਨਾ ਹੋ ਜਾਏ।

ਇਕ ਸਿੱਖ ਲੰਗਰ ਦੀ ਸੇਵਾ ਕਰਦਾ ਸੀ। ਸੇਵਾ ਕਰਦਿਆਂ ਉਸ ਸੇਵਾਦਾਰ ਨੂੰ ਸਿੱਧੀਆਂ ਫੁਰਨ ਲੱਗੀਆਂ। ਦਿਲਾਂ ਦੀ ਜਾਣਨ ਲੱਗਾ।

ਸਵੇਰ ਦੇ ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਜੀ ਦੇ ਚਿੱਤ ਵਿਚ ਆਇਆ ਕਿ ਅੱਜ ਮਿੱਸੇ ਪਰਸ਼ਾਦੇ ਦਹੀਂ ਮੱਖਣ ਨਾਲ ਸੰਗਤਾਂ ਨੂੰ ਖਵਾਏ ਜਾਣ। ਗੁਰੂ ਜੀ ਲੰਗਰ ਵੱਲ ਜਾ ਰਹੇ ਸਨ ਤੇ ਉੱਧਰ ਸਿੱਖ ਮਿੱਸੀ ਰਸਦ ਇੱਕਠੀ ਕਰਕੇ ਪਰਸ਼ਾਦੇ

SIKHBOOKCLUB.COM

ਪਕਵਾਣ ਲਗਾ। ਗੁਰੂ ਜੀ ਜਦ ਲੰਗਰ ਪੁੱਜੇ ਤਾਂ ਉਸ ਚਾਈ-ਚਾਈ ਦੱਸਿਆ ਤੇ ਉਸ ਦਾ ਖ਼ਿਆਲ ਸੀ ਕਿ ਗੁਰੂ ਜੀ ਪ੍ਰਸੰਨ ਹੋਣਗੇ ਪਰ ਮਹਾਰਾਜ ਨੇ ਲਾਂਗਰੀ ਸੇਵਾਦਾਰ ਨੂੰ ਕੋਲ ਬਿਠਾ, ਹਉਮੈ ਰੋਗ ਕੱਟਣ ਲਈ ਫ਼ਰਮਾਇਆ : ਸਿੱਖਾ ਹੁਕਮ ਬਗੈਰ ਮਿੱਸੀਆਂ ਰੋਟੀਆਂ ਕਿਉਂ ਪਕਵਾਈਆਂ ? ਸਿੱਖ ਹਉ ਵਿਚ ਬੋਲਿਆ : ਮੈਂ ਜਾਤਾ ਗੁਰੂ ਦਾ ਚਿੱਤ ਹੈ। ਗੁਰੂ ਪਾਤਸ਼ਾਹ ਨੇ ਕਿਹਾ : ਤੂੰ ਕੀ ਜਾਣਹਿ ਗੁਰੂ ਦੇ ਚਿੱਤ ਨੂੰ। **ਜ਼ਰਾ ਕੁ ਪਾਰਦਰਸ਼ੀ ਮਿਲੀ ਤੇ ਵਰਤਣ ਲੱਗ ਪਿਆ ਲੋਕਾਂ ਨੂੰ ਦਿਖਾਲਣ ਲਈ। ਗਰਬ ਹੀ ਵੱਡੀ ਰੁਕਾਵਟ ਹੈ।** ਸਿੱਖ ਨੂੰ ਸੋਝੀ ਆਈ। ਚਰਨਾਂ 'ਤੇ ਢੱਠਾ। ਮਹਾਰਾਜ ਨੇ ਫਿਰ ਸਮਝਾਂਦੇ ਕਿਹਾ : ਖੇਤੀ ਨੂੰ ਝੱਖੜ ਝੋਲੇ ਦਾ ਡਰ ਤਿਚਰ ਤਾਈ ਹੈ ਜਿਚਰ ਤੱਕ ਕੱਟ ਕੇ ਅਜੇ ਘਰ ਨਹੀਂ ਆਈ। ਤਿਉਂ ਨਾਮ ਦਾ ਫਲ ਪੱਕਣ ਤੀਕ ਡਰ ਹੈ। ਇਤਨੀ ਕੁ ਕਰਾਮਾਤ ਪਾ ਕੇ ਫੁਲਿਆ-ਫੁਲਿਆ ਫਿਰਨਾ ਸਿੱਖੀ ਨਹੀਂ ਹੈ।

**ਸੇਵਾ ਕਰਨ ਦਾ ਵੱਲ**—ਗੁਰੂ ਹਰਿ ਰਾਇ ਜੀ ਸੇਵਾ ਤੇ ਫਿਰ ਹੱਥੀਂ ਸੇਵਾ 'ਤੇ ਬਹੁਤ ਹੀ ਜ਼ੋਰ ਦੇਂਦੇ। ਆਪ ਜੀ ਫ਼ਰਮਾਇਆ ਕਰਦੇ ਸਨ ਕਿ 'ਸੇਵਾ ਇਹ ਨਹੀਂ ਕਿ ਆਏ ਨੂੰ ਦੋ ਪਰਸ਼ਾਦੇ ਛਕਾ ਦਿੱਤੇ।

ਸੇਵਾ ਹੈ ਆਏ ਦਾ ਆਦਰ ਭਾਉ ਕਰਨਾ। ਖਿੜੇ ਮੱਥੇ ਪਰਸ਼ਾਦ ਛਕਾਉਣਾ। ਉਸ ਪਾਸੋਂ ਸਾਖੀ ਸ਼ਬਦ ਸੁਣੀਐ। ਉਸ ਨੂੰ ਸੁਣਾਈਐ। ਫਿਰ ਸੁਖਾਲਾ ਸਵਾਈਐ। ਆਪੂੰ ਭਾਵੇਂ ਔਖਾ ਹੋਣਾ ਪਵੇ। ਅੰਮ੍ਰਿਤ ਵੇਲੇ ਉੱਠ ਕੇ ਉਸ ਨੂੰ ਨਵ੍ਹਾਲੀਐ। ਜਪ ਪੜ੍ਹੀਐ ਸੁਣੀਐ। ਫਿਰ ਜਿਥੋਂ ਤੱਕ ਹੋ ਸਕੇ ਅਪੜਾ ਕੇ ਆਈਏ। ਸੇਵਾ ਵਿਚ ਹੀ ਸਭ ਨਿਧਾਨ ਹਨ। ਉਥੇ ਹੀ ਹੁਕਮ ਕੀਤਾ ਸੀ ਜਿਸ ਨੇ ਢੁਕੇ ਸਮੇਂ ਅਤਿਥੀ ਨੂੰ ਪ੍ਰਸ਼ਾਦ ਪਿਆਰ ਨਾਲ ਛਕਾਇਆ, ਗੁਰੂ ਦੀ ਖ਼ੁਸ਼ੀ ਉਸੇ 'ਤੇ ਹੈ।

**ਵਿਣ ਦਿੱਤੇ ਕਿਛੁ ਹੱਥ ਨ ਆਈ**—ਗੁਰੂ ਨਾਨਕ ਦੇਵ ਜੀ ਦਾ ਚੋਟੀ ਦਾ ਉਪਦੇਸ਼ ਭਾਈ ਗੁਰਦਾਸ ਜੀ ਨੇ ਲਿਖਿਆ ਹੈ : 'ਵਿਣ ਦਿੱਤੇ ਕਿਛੁ ਹੱਥ ਨਾ ਆਈ।' ਸਿੱਧ ਲੋਕਾਂ ਅਚੱਲ ਵਟਾਲੇ ਕਿਤਨੇ ਹੀ ਜਤਨ ਕੀਤੇ ਕਿ ਗੁਰੂ ਚਰਨਾਂ ਨਾਲ ਜੁੜੀ ਹੋਈ ਸੰਗਤ ਉਨ੍ਹਾਂ ਦੇ ਡਰ ਡਰਾਵਿਆਂ ਕਾਰਨ ਉੱਖੜ ਜਾਏ ਜਾਂ ਲਾਲਚ ਵੱਸ ਮੋਤੀ ਹੀਰੇ ਚੁਗਣ ਲੱਗ ਪਏ, ਜੋ ਉਨ੍ਹਾਂ ਕਰਾਮਾਤਾਂ ਕਰ ਵਰਸਾਏ ਸਨ। ਜਦ ਸਿੱਧ ਸਭ ਪਾਸਿਉਂ ਨਿਸਫਲ ਹੋਏ ਤਾਂ ਉਹ ਵੀ ਗੁਰੂ ਚਰਨਾਂ ਤੇ ਡਿੱਗ ਕੇ ਕਹਿਣ ਲੱਗੇ ਕਿ ਤੁਸਾਂ ਕੀ ਕਰਾਮਾਤ ਇਨ੍ਹਾਂ ਨੂੰ ਦਿੱਤੀ ਹੈ ? ਕੀ ਬੂਟੀ ਘੋਲ ਪਿਲਾ ਦਿੱਤੀ ਹੈ ? ਮਹਾਰਾਜ ਨੇ ਕਿਹਾ ਕਿ ਸਿੱਖਾਂ ਨੂੰ ਇਹ ਸਮਝਾ ਦਿੱਤਾ ਹੈ ਕਿ ਸੁਖ ਦੇਣ ਵਿਚ ਹੈ, ਲੈਣ, ਗ੍ਰਹਿਣ, ਖੋਹਣ ਜਾਂ ਰੱਖਣ ਵਿਚ ਨਹੀਂ।

ਇਕ ਸਿੱਖ ਕੀਰਤਪੁਰ ਦਰਸ਼ਨਾਂ ਨੂੰ ਆ ਰਿਹਾ ਸੀ ਤਾਂ ਰਾਹ ਵਿਚ ਇਕ ਦੁਖੀ ਬਿਪ੍ਰ ਮਿਲਿਆ ਤੇ ਗੁਰੂ ਪਾਸ ਅਰਦਾਸ ਭੇਜੀ ਕਿ ਸੁਖ ਮਿਲੇ। ਇਕ ਹੋਰ ਦੁਖੀ ਮੁਕੱਦਮ ਮਿਲਿਆ ਤੇ ਉਸ ਵੀ ਯਾਚਨਾ ਕੀਤੀ ਕਿ ਮਿਹਰ ਦੀ ਨਜ਼ਰ ਗੁਰੂ ਜੀ ਨੂੰ ਕਹਿਣਾ ਸਾਡੇ 'ਤੇ ਕਰਨ ਤੇ ਇਕ ਸੱਪ ਨੂੰ ਅਤਿ ਦੁਖੀ ਵੇਖ ਵੀ ਸਿੱਖ ਚਿੰਤਾਤੁਰ ਹੋਇਆ। ਐਸੇ ਸੰਕਲਪ ਲੈ ਅਤੇ ਬਿਪ੍ਰ, ਮੁਕੱਦਮ ਤੇ ਸੱਪ ਦੀ ਦੀਨ ਦਸ਼ਾ

 www.sikhbookclub.com

ਗੁਰੂ ਜੀ ਪਾਸ ਰੱਖ, ਮੇਹਰ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਫ਼ਰਮਾਇਆ : ਬਿਪ੍ਰ ਨੂੰ ਕਹਿਣਾ ਕਿ ਤੇਰੇ ਪਾਸ ਵਿੱਦਿਆ ਹੈ। ਵਿੱਦਿਆ ਕਿਸੇ ਨੂੰ ਦੇਹ ਤਾਂ ਤੇਰਾ ਕਲਿਆਣ ਹੋਵੇਗਾ। ਮੁਕੱਦਮ ਹਰ ਸਮੇਂ ਖੇਹਾ ਖਾਹੀ ਵਿਚ ਪਿਆ ਰਹਿੰਦਾ ਹੈ। ਰਤਾ ਵੀ ਸਮਾਂ ਪਰਵਾਰ ਨੂੰ ਨਹੀਂ ਦੇਂਦਾ। ਆਪਣੇ ਘਰ ਜੁਆਨ ਕੰਨਿਆ ਲਈ ਵਰ ਢੂੰਡਣ ਵੀ ਨਹੀਂ ਜਾਂਦਾ। ਵਰ ਢੂੰਡੇ ਤੇ ਸੁਖੀ ਹੋਵੇ। 'ਘਰ ਸੁਖ ਵਸਿਆ ਬਾਹਰ ਸੁੱਖ ਪਾਇਆ'। ਸੱਪ ਨੂੰ ਜ਼ਰਾ ਹਟਾ ਕੇ ਵੇਖ ਹੇਠ ਗਾਗਰ ਰੁਪਿਆਂ ਦੀ ਹੈ। ਸਾਰੇ ਹੀ ਸੁਖੀ ਹੋਏ ਹੁਕਮ ਮੰਨ ਕੇ। ਦੇਣ ਵਿਚ ਹੀ ਸੁਖ ਹੈ, ਪਕੜ ਹੀ ਦੁੱਖਾਂ ਦਾ ਕਾਰਨ ਹੈ।

**ਚੌਥੇ ਪਦ ਕੋ ਪਾਵੈ ਸੋਈ**—ਇਕ ਸਿੱਖ ਨੇ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਚੌਥੇ ਪਦ ਦਾ ਬਾਰ-ਬਾਰ ਜ਼ਿਕਰ ਆਉਂਦਾ ਹੈ, ਕਿਰਪਾ ਕਰਕੇ ਦੱਸੋ ਕਿ ਉਹ ਕੀ ਹੈ ਅਤੇ ਕਿਵੇਂ ਪਾਇਆ ਜਾਂਦਾ ਹੈ। ਬਖ਼ਸ਼ਸ਼ਾਂ ਦੇ ਦਾਤੇ ਨੇ ਕਿਹਾ : ਜਿਵੇਂ ਸੰਸਾਰੀ ਦੁਨੀਆਂ ਦੀਆਂ ਹਾੜ ਸਿਆਲ ਤੇ ਸਾਵਣ ਰੁੱਤਾਂ ਹਨ, ਇਵੇਂ ਹੀ ਆਤਮਕ ਜਗਤ ਦੀਆਂ ਵੀ ਤਿੰਨ ਹੀ ਹਾਲਤਾਂ ਹਨ।

ਹਾੜ ਨੂੰ ਤਮੋ ਗੁਣ ਕਹਿ ਲਵੋ। ਪਿੰਡਾ ਤਪ ਜਾਂਦਾ ਹੈ, ਕੱਪੜਾ ਵੀ ਚੁਭਦਾ ਹੈ, ਮੁੜ੍ਹਕਾ ਚੋਂਦਾ ਹੈ। ਧਿਆਨ ਨਹੀਂ ਲਗਦਾ। ਤਿਵੇਂ ਤਮੋ ਗੁਣੀ ਸੁਭਾਓ ਪੁਰਸ਼ ਸਭਨਾਂ ਨਾਲ ਝੱਖ-ਝੱਖ ਬੋਲਦਾ ਹੈ। ਟਿਕ ਕੇ ਨਹੀਂ ਬੈਠਦਾ ਤੇ ਨਾ ਹੀ ਉਸ ਦੇ ਮਨ ਵਿਚ ਟਿਕਾਅ ਹੁੰਦਾ ਹੈ। ਭਟਕਣਾ ਬਣੀ ਰਹਿੰਦੀ ਹੈ।

ਸਿਆਲ ਨੂੰ ਰਜੋ ਜਾਣ ਲਵੋ। ਜਿਵੇਂ ਸਿਆਲੇ ਗੁੱਛਮ-ਗੁੱਛਾ ਹੋ ਗਰਮ ਕੱਪੜਿਆਂ ਵਿਚ ਬੈਠਾ ਰਹਿੰਦਾ ਹੈ। ਕਰਦਾ ਕਰਾਂਦਾ ਕੁਝ ਨਹੀਂ। ਅੰਦਰ ਟਿਕਿਆ ਮਾੜੇ ਚੰਗੇ ਦਾ ਵੀ ਅਸਰ ਨਹੀਂ ਪੈਂਦਾ। ਆਪਣੇ ਹੀ ਲਈ ਸੋਚਦਾ ਹੈ। ਰਜੋ ਗੁਣੀ ਸੁਭਾਓ ਅੰਤਰਮੁਖੀ ਹੈ।

ਸਤੋ ਸਾਵਣ ਨਿਆਈ ਹੈ। ਸਭ ਪਾਸੇ ਹਰਿਆਵਲ ਹੈ, ਉਤਸ਼ਾਹ ਹੈ, ਦਇਆ ਉਪਜਦੀ ਹੈ, ਪਰਉਪਕਾਰ ਵੀ ਕਰਦਾ ਹੈ, ਪਰ ਸਤੋ ਗੁਣੀ ਵਾਲੇ ਵਿਚ ਇਕ ਘਾਟ ਬਣੀ ਰਹਿੰਦੀ ਹੈ ਕਿ ਉਸ ਦਾ ਚਿੱਤ ਕਰਦਾ ਹੈ ਕਿ ਲੋਕੀਂ ਚੰਗਾ ਕਹਿਣ, ਵਾਹ-ਵਾਹ ਕਰਨ।

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਉੱਚਾ ਪਦ ਦਰਸਾਇਆ ਹੈ, ਚੌਥਾ। ਜਦ ਇਹ ਅਵਸਥਾ ਪ੍ਰਾਪਤ ਹੁੰਦੀ ਹੈ ਤਾਂ ਭਲਾ ਕਰਮ ਵਾਹ-ਵਾਹ ਲਈ ਨਹੀਂ, ਧਰਮ ਜਾਣ ਕਰਦਾ ਹੈ। ਸਿੱਖਾਂ ਨੇ ਇੱਥੇ ਪੁੱਜਣਾ ਹੈ।

**ਮਹਿਮਾ ਸਾਧੂ ਸੰਗ ਕੀ**—ਸਾਧ ਸੰਗਤਿ ਦੀ ਮਹਿਮਾ ਸਿੱਖ ਘਰ ਨੇ ਬਹੁਤ ਹੀ ਦ੍ਰਿੜ੍ਹਾਈ ਹੈ। ਗੁਰ ਸ਼ਬਦ ਬਾਅਦ ਕੋਈ ਦੂਜੀ ਥੰਮ੍ਹੀ ਹੈ ਤਾਂ ਉਹ ਹੈ ਸਾਧ ਸੰਗਤਿ। ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਜ਼ਰਾ ਵੀ ਗਹੁ ਨਾਲ ਪੜ੍ਹਿਆ ਹੈ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਿਥੇ ਵੀ ਸੰਗਤਿ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ, ਉਥੇ ਸਦਾ ਹੀ ਤ ਅੱਖਰ ਤੋਂ ਪਹਿਲਾਂ ਸਿਹਾਰੀ (ਿ) ਆਈ ਹੈ। ਅਰਥ ਇਹ ਹਨ ਕਿ ਐਸੇ ਪੁਰਸ਼ਾਂ ਦਾ ਸਾਥ ਪਾ ਕੇ ਗਤਿ ਹੋਵੇ। ਭਾਵ ਇਹ ਸੀ ਕਿ ਐਸੇ


www.sikhbookclub.com

ਪੁਰਸ਼ਾਂ ਦੇ ਮੇਲ ਦੀ ਜਾਚਨਾ ਕਰ ਜਿਨ੍ਹਾਂ ਪਾਸ ਬੈਠਿਆਂ ਜੀਵਨ ਵਿਚ ਹਰਕਤ ਆਵੇ, ਕਦਮ ਪ੍ਰਭੂ ਪਾਸੇ ਉੱਠੇ ਤੇ ਸੁਰਤਿ ਉਚਿਆ ਜਾਏ। ਉੱਚੇ ਟਿਕਾਣੇ ਟਿਕੇ, ਗਤਿ ਹੋਵੇ।

ਸੰਗਤਾਂ ਨੇ ਗੁਰੂ ਜੀ ਕੋਲੋਂ ਪੁੱਛਿਆ ਕਿ ਸਾਨੂੰ ਸਾਧ ਸੰਗਤਿ ਦੀ ਮਹਿਮਾ ਸਮਝਾਓ। ਗੁਰੂ ਹਰਿ ਰਾਇ ਸਾਹਿਬ ਨੇ ਫ਼ਰਮਾਇਆ ਕਿ ਪ੍ਰਮੇਸ਼ਰ ਦੇ ਤਿੰਨ ਰੂਪ ਹਨ : ਪਹਿਲਾ ਤਾਂ ਪਾਰਬ੍ਰਹਮ ਦਾ ਹੈ। ਦੂਜਾ ਸਰੂਪ ਗੁਰੂ ਹੈ ਜੋ ਸ਼ਬਦ ਵਿਚ ਲੁਪਤ ਹੈ। ਤੀਜਾ ਸਾਧ ਸੰਗਤਿ ਹੈ।

ਜੇ ਪਾਰਬ੍ਰਹਮ ਵਿਚ ਚਿੱਤ ਨਾ ਲੱਗੇ ਤਾਂ ਪਹਿਲਾ ਕੰਮ ਇਹ ਹੈ ਗੁਰੂ ਸ਼ਬਦ ਵਿਚ ਚਿੱਤ ਜੋੜੋ। ਜੇ ਸ਼ਬਦ ਪੜ੍ਹਿਆਂ ਵੀ ਮਨ ਦੌੜ-ਦੌੜ ਜਾਏ ਤਾਂ ਸਾਧ ਸੰਗਤਿ ਪੁੱਜੋ। ਜੇ ਸੰਗਤਿ ਵਿਚ ਮਨ ਨਹੀਂ ਟਿਕਿਆ ਤਾਂ ਹੋਰ ਕਿਸੇ ਸਾਧਨ ਨਾਲ ਨਹੀਂ ਟਿਕਣਾ।

ਕਦੇ ਕੋਈ ਕਾਰਜ ਅੜ ਜਾਏ ਤਾਂ ਸੰਗਤਿ ਜੇ ਇਕ ਚਿੱਤ ਅਰਦਾਸ ਕਰੇ ਤਾਂ ਉਹ ਸਿੱਧ ਹੁੰਦਾ ਹੈ।

ਇਕ ਗੱਲ ਹੋਰ ਜੇ ਕਦੇ ਪ੍ਰਭੂ ਵਲੋਂ ਕਰੋਪੀ ਹੋਵੇ ਤਾਂ ਗੁਰੂ ਬਚਾਵੇ ਤੇ ਜੇ ਗੁਰੂ ਰੁੱਠੇ ਤਾਂ ਸੰਗਤਿ ਮਨਾਵੇ। ਜੇ ਕਦੇ ਸੰਗਤਿ ਮਾਰੇ ਤਾਂ ਕਿਥਾਓ ਛੂਟੇ ਨਾਹੀਂ।

ਸੱਤਾ ਤੇ ਬਲਵੰਡ ਜੀ ਜੋ ਸ਼ਬਦ ਦੇ ਕੀਰਤਨੀਏ ਸਨ, ਨੂੰ ਬਖਸ਼ਾਇਆ ਲੱਧਾ ਪਰਉਪਕਾਰੀ ਦੀ ਸੰਗਤਿ ਨੇ ਸੀ।

ਫਿਰ ਸਾਧ ਸੰਗਤਿ ਵਿਚ ਸੁੱਤਿਆ ਮਨ ਜਾਗ ਪੈਂਦਾ ਹੈ ਅਤੇ ਇਹ ਵੀ ਹੁਕਮ ਕੀਤਾ ਕਿ ਮਨ ਜਾਗੇ ਦੀ ਨਿਸ਼ਾਨੀ ਹੈ ਕਿ ਬਾਣੀ ਮਿੱਠੀ ਲੱਗੇ। ਜਿਵੇਂ ਮੱਛੀ ਪਾਣੀ ਨੂੰ ਛੱਡਣਾ ਨਹੀਂ ਚਾਹੁੰਦੀ ਤੇ ਤਾਰੀਆਂ ਲਗਾਂਦੀ ਰਹਿੰਦੀ ਹੈ ਤਿਵੇਂ ਮਨ ਨੂੰ ਬਾਣੀ ਦੇ ਸਰੋਵਰ ਵਿਚ ਤਾਰੀਆਂ ਲਗਾਵਾਂਦੇ ਰਹਿਣਾ। ਹੁਕਮ ਕੀਤਾ :

*'ਮਨਿ ਜਾਗੇ ਕੀ ਇਹੀ ਨਿਸ਼ਾਨੀ।*
*ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।*
*ਧੰਨ ਸਿਖ ਜਿਨ ਕੋ ਉਹ ਭਾਈ।*
*ਸ਼ਮ ਸਲਿਤਾ ਮਨ ਮੀਨ ਬਨਾਈ।'*

**ਸਿਰ ਸਿਰ ਰਿਜਕ ਸੰਬਾਹਿ ਠਾਕਰ**—ਸੇਵਾ ਰਾਮ ਦੀਆਂ ਪਰਚੀਆਂ ਵਿਚ ਇਕ ਸਾਖੀ ਇਸ ਪ੍ਰਕਾਰ ਵੀ ਆਉਂਦੀ ਹੈ ਕਿ ਗੁਰੂ ਹਰਿ ਰਾਇ ਜੀ ਦੇ ਦਰਬਾਰ ਇਕ ਸਿੱਖ ਹਾਜ਼ਰ ਹੋਇਆ ਤੇ ਉਸ ਨੇ ਬੇਨਤੀ ਕੀਤੀ ਕਿ ਉਹ ਚਿੰਤਾ ਵਿਚ ਮਰ ਰਿਹਾ ਹੈ। ਉਸ ਦਾ ਜਵਾਨ ਬੱਚਾ ਹੁਣੇ ਹੀ ਗੁਜ਼ਰਿਆ ਹੈ ਤੇ ਉਸ ਦੀ ਸਿਹਤ ਵੀ ਠੀਕ ਨਹੀਂ। ਦੋ ਛੋਟੇ ਬੱਚੇ, ਇਕ ਬੱਚੀ ਤੇ ਇਕ ਪਤਨੀ ਹੈ। ਜੇ ਗੁਰੂ ਨਾ ਕਰੇ ਮੈਨੂੰ ਕੁਝ ਹੋ ਗਿਆ ਤਾਂ ਉਨ੍ਹਾਂ ਦਾ ਕੀ ਬਣੇਗਾ ? ਮਹਾਰਾਜ ਨੇ ਬਹੁਤ ਸਮਝਾਇਆ ਕਿ ਰਾਜ਼ਕ ਵਾਹਿਗੁਰੂ ਹੈ। ਸਭਨਾਂ ਜੀਆਂ ਕਾ ਇਕ ਦਾਤਾ ਹੈ। 'ਪਹਿਲਾ ਦੇ ਤੂਾਂ ਰਿਜਕ ਸੰਬਾਹਾਂ ਪਿਛੋਂ ਪ੍ਰਭੂ ਨੇ ਜੰਤ ਬਣਾਏ ਹਨ ਪਰ ਉਸ ਦੀ ਤਸੱਲੀ ਨਾ ਹੋਈ ।

ਮੁਕੰਮਲ ਯਕੀਨ ਦਿਲਵਾਉਣ ਲਈ ਦਾਤੇ ਨੇ ਇਕ ਬੰਦ ਚਿੱਠੀ ਉਸ ਨੂੰ ਦਿੱਤੀ ਕਿ ਕਾਬਲ ਵਿਚ ਇਕ ਸਿੱਖ ਨੂੰ ਦੇਹ ਆਵੇ, ਕਾਰਜ ਸਰ ਜਾਣਗੇ। ਉਸ ਚਿੱਠੀ ਵਿਚ ਮਹਾਰਾਜ ਨੇ ਲਿਖਿਆ ਸੀ ਕਿ ਇਸ ਨੂੰ ਘੱਟ ਤੋਂ ਘੱਟ ਛੇ ਮਹੀਨੇ ਨਾ ਆਉਣ ਦੇਣਾ। ਪਾਸ ਨੇੜੇ ਰੱਖਣਾ। ਜਦ ਕੁਝ ਦਿਨ ਘਰ ਨਾ ਪੁੱਜਾ ਤਾਂ ਘਰ ਵਾਲਿਆਂ ਸਮਝਿਆ ਕਿ ਹੁਕਮ ਸਤਿ ਹੋ ਗਿਆ ਹੈ। ਪਿੰਡ ਵਾਲਿਆਂ ਸੰਗਤਿ ਕਰਕੇ ਫੈਸਲਾ ਕੀਤਾ ਕਿ ਇਸ ਸਵਾਣੀ ਦਾ ਕੋਈ ਕਮਾਉਣ ਵਾਲਾ ਨਹੀਂ ਹੈ, ਸੋ ਆਪਣੀ ਉਪਜ ਦੇ ਦਸਵੰਧ ਵਿਚੋਂ ਉਸ ਨੂੰ ਹਿੱਸਾ ਦਿੱਤਾ ਜਾਏ। ਘਰ ਅੰਬਾਰ ਲੱਗ ਗਏ। ਹੱਥ ਸੌਖਾ ਹੋ ਗਿਆ। ਕੰਨਿਆ ਤੇ ਉਸ ਦੀ ਮਾਂ ਨੂੰ ਇਕ ਮਾਈ ਨੇ ਕਸੀਦਾ ਕੱਢਣਾ ਸਿਖਲਾ ਦਿੱਤਾ। ਬੱਚਿਆਂ ਨੂੰ ਦੋ ਹਟਵਾਣੀਆਂ ਨੇ ਪਾਸ ਨੌਕਰ ਰੱਖ ਲਿਆ। ਪੇਟ ਦਾ ਫ਼ਿਕਰ ਮੁੱਕਾ। ਜਦ ਕੁਝ ਮਹੀਨਿਆਂ ਬਾਅਦ ਉਹ ਹੀ ਪੁਰਸ਼ ਚਿੰਤਾ ਵਿਚ ਗ੍ਰਸਿਆ ਘਰ ਪੁੱਜਾ ਅਤੇ ਬਾਗ਼ ਪਰਵਾਰ ਸੁਖੀ ਦੇਖ ਹੈਰਾਨ ਹੋਇਆ ਤਾਂ ਗੁਰੂ ਦੀ ਚਰਨੀਂ ਆਣ ਢੱਠਾ ਅਤੇ ਕਿਹਾ : ਤੁਸਾਂ ਬਚਾ ਲਿਆ। ਗੁਰੂ ਜੀ ਨੇ ਕਿਹਾ :

"ਉਦਮ ਕਰਨਾ ਸਾਡਾ ਫ਼ਰਜ਼ ਹੈ। ਉਦਰ ਪੂਰਨਾ ਦੀ ਚਿੰਤਾ ਵਿਚ ਜੀਵਨ ਗੁਜ਼ਾਰ ਦੇਣਾ ਸਿੱਖੀ ਨਹੀਂ। **ਵਾਹਿਗੁਰੂ ਪਾਸ ਰਿਜ਼ਕ ਪਹੁੰਚਾਉਣ ਦੇ ਦਸ ਦਰਵਾਜ਼ੇ ਹਨ। ਰਿਜ਼ਕ ਵਿਹੂਣਾ ਕੋਈ ਨਹੀਂ ਰਹਿਣ ਦੇਂਦਾ।** ਪਰਮੇਸ਼ਰ ਤਾਂ ਜੀਆਂ ਨੂੰ ਉੱਥੇ ਵੀ ਰਿਜ਼ਕ ਪਹੁੰਚਾਂਦਾ ਹੈ, ਜਿਥੇ ਇਹ ਚਿੱਤ ਚੇਤਾ ਵੀ ਨਹੀਂ ਹੁੰਦਾ ਕਿ ਰਿਜ਼ਕ ਪੁੱਜ ਸਕੇਗਾ।

"ਇਹ ਜੋ ਸੰਸੇ ਮਾਇਆ ਦੇ ਦਿੱਤੇ ਹਨ ਜੀਅ ਕਉ ਪਰਚੇ ਨਮਿਤ ਦਿੱਤੇ ਹਨ ਅਤੇ ਜੀਵ ਭੁੱਲੇ ਹੋਏ ਇਉਂ ਜਾਣਦੇ ਹਨ ਕਿ ਅਸੀਂ ਧੰਧਾ ਕਰਕੇ ਰਿਜ਼ਕ ਖਾਂਵਦੇ ਹਾਂ। ਜਿਨ੍ਹਾਂ ਰਿਜ਼ਕ ਪਰਮੇਸ਼ਰ ਸਿੰਉ ਜਾਨਿਆ ਹੈ, ਸੋ ਪਰਮੇਸ਼ਰ ਸਾਥ ਪਰਚੇ ਹੈਂ ਅਤੇ ਧੰਧੇ ਸਾਥ ਨਹੀਂ ਪਰਚੇ।"

**ਰਹੱਸ ਤੇ ਰਮਜ਼ਾਂ ਖੋਲ੍ਹ ਦੇਂਦੇ**—ਬ੍ਰਾਹਮਣ ਲੋਕ ਸਿੱਖਾਂ ਨੂੰ ਵਾਦ ਵਿਵਾਦ ਵਿਚ ਪਾਉਣ ਦੀ ਬਹੁਤ ਕੋਸ਼ਿਸ਼ ਕਰਦੇ ਸਨ ਪਰ ਸਿੱਖਾਂ ਨੇ ਗੁਰੂ ਦੇ ਬਚਨਾਂ 'ਤੇ ਇਤਨਾ ਅੱਟਲ ਵਿਸ਼ਵਾਸ ਕਰ ਲਿਆ ਸੀ ਕਿ ਬ੍ਰਾਹਮਣ ਭਰਮਾ ਭੁਚਲਾ ਨਹੀਂ ਸਨ ਸਕਦੇ। ਜਦ ਵੀ ਬ੍ਰਾਹਮਣਾਂ ਨੇ ਕੋਈ ਅੜਾਉਣੀ ਪਾਉਣੀ ਸਿੱਖਾਂ ਗੁਰੂ ਦਰ ਆ ਕੇ ਹੱਲ ਕਰਵਾ ਲੈਣੀ।

ਇਕ ਬ੍ਰਾਹਮਣ ਨੇ ਸਿੱਖਾਂ ਨੂੰ ਕਿਹਾ : ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਅਜਾਪ ਵਸਤੂ ਕਿਹੜੀ ਹੈ ? ਮਨ ਦਾ ਮੇਰ ਕੌਣ ਹੈ ਅਤੇ ਜੀਅ ਦੀ ਕੋਠੜੀ ਕਿੱਥੇ ? ਸਿੱਖਾਂ ਜਦ ਇਹ ਗੱਲ ਗੁਰੂ ਜੀ ਨੂੰ ਆਣ ਦੱਸੀ ਤਾਂ ਗੁਰੂ ਹਰਿ ਰਾਇ ਜੀ ਨੇ ਕਿਹਾ :

"**ਅਜਾਪ ਵਸਤੂ ਹੋਰ ਕੋਈ ਨਹੀਂ ਸ਼ਬਦ ਦਾ ਗਿਆਨ ਹੈ। ਮਨ ਦਾ ਮੇਰ ਮਤਿ ਹੈ। ਜੀਅ ਦੀ ਕੋਠੜੀ ਸੁਰਤਿ ਹੈ।** ਬਾਕੀ ਇਹ ਚਤੁਰਾਈਆਂ ਭਰਮ ਭੁਲੇਖੇ ਪਾਉਣ ਲਈ ਹਨ। ਗੁਰੂ ਦੇ ਦਿੱਤੇ ਸ਼ਬਦ ਨਾਲ ਮਤਿ ਨੂੰ ਕਾਬੂ ਕਰਕੇ ਸੁਰਤਿ ਨੂੰ ਕੋਠੜੀ

 www.sikhbookclub.com

ਟਿਕਾਅ ਲੈਣਾ ਹੀ ਕਰਮਨ ਸਿਰ ਕਰਮਾ ਹੈ। ਜਦ ਪੰਡਿਤ ਨੇ ਇਹ ਬਚਨ ਸੁਣੇ ਤਾਂ ਬੋਲ ਉੱਠਿਆ :

*"ਨਿਰਸੰਦੇਹ ਗੁਰੂ ਸੰਸਾਰ ਉਧਾਰਿਆ ਹੈ।"*

**ਕਰਨ ਯੋਗ ਕਾਰਜ**—ਸਿੱਖਾਂ ਇਕ ਵਾਰੀ ਪੁੱਛਿਆ : ਸੱਚੇ ਪਾਤਸ਼ਾਹ ਕਰਨ ਤੇ ਨਾਂਹ ਕਰਨ ਜੋਗ ਕੰਮ ਕੀ ਹਨ। ਗੁਰੂ ਮਹਾਰਾਜ ਨੇ ਕਿਹਾ :

ਪਰਾਈ ਇਸਤਰੀ ਨਾਲ ਪ੍ਰੀਤ ਨਹੀਂ ਕਰਨੀ। ਮੇਲਾ ਸ਼ਬਦ ਦਾ ਕਰਨਾ। ਜਿੱਥੇ ਗੁਰੂ ਕਾ ਸ਼ਬਦ ਹੋਵੇ ਤਿੱਥੇ ਮਿਲਣਾ। ਜਿਥੇ ਗੁਰੂ ਵਿਸਰੇ ਤਿਥੇ ਮਿਲਣਾ ਨਾਹੀ। ਅੰਮ੍ਰਿਤ ਵੇਲੇ ਜਪੁ ਦਾ ਪਾਠ ਨਿੱਤ ਕਰਨਾ ਹੈ। ਪੂਰੀ ਤਰ੍ਹਾਂ ਲੀਨ ਹੋ ਕੇ ਜਪੁ ਪੜ੍ਹਨਾ ਹੈ, **ਜਪ ਪੜ੍ਹੇ ਨਿਰੰਚੇ।** ਪੜ੍ਹਦਿਆਂ ਚਿੱਤ ਟਿਕਿਆ ਰਹੇ ਆਦਿ ਅੰਤ ਤੀਕ ਮਨ ਹਜ਼ੂਰ ਰਹੇ ਤਾਂ ਸਾਰਾ ਸੰਸਾਰ ਉਸ ਦੀ ਸੇਵਾ ਵਿਚ ਹਾਜ਼ਰ ਰਹੇਗਾ ਤੇ ਪਿੱਛੇ ਲੱਗਾ ਫਿਰੇਗਾ। ਕਿਸੇ ਚੀਜ਼ ਦੀ ਤੋਟ ਕਦੇ ਨਹੀਂ ਆਵੇਗੀ। ਯਾਦ ਰੱਖਣਾ ਜਪੁ ਤੋਂ ਉੱਤੇ ਕੋਈ ਕਰਮ ਨਹੀਂ।

ਰਾਤ ਨੂੰ ਕੀਰਤਨ ਸੋਹਿਲਾ ਕਰ ਕੇ ਸਵੇਂ। ਸੁਖ ਦੀ ਨੀਂਦ ਲਵੇ। ਸੰਗਤਿ ਨਿੱਤ ਜਾਇ। ਖ਼ਾਲੀ ਹੱਥ ਵੀ ਨਹੀਂ ਜਾਣਾ। **ਭਾਵੇਂ ਚੁਟਕੀ ਆਟਾ ਹੀ ਲੈ ਜਾਵੇ।** ਗੁਰਦੁਆਰੇ ਜਾ ਕੇ ਹੋਰ ਕੋਈ ਕਾਰਜ, ਗੱਲ ਜਾਂ ਵਾਕ ਨਹੀਂ ਕਰਨਾ। ਗੁਰੂ ਦੀ ਨਾਰਾਜ਼ਗੀ ਹੁੰਦੀ ਹੈ। ਕੀਰਤਨ ਸੁਣਨਾ। ਕੀਰਤਨ ਬਗੈਰ ਛੁੱਟ ਨਹੀਂ ਸਕਦਾ। ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ : ਸ਼ਬਦ ਰਾਗਿ ਅੰਮ੍ਰਿਤ ਹੈ। ਰਾਗ ਪਾਇ ਗਾਵੀਐ ਤਾਂ ਮਹਾਂ ਅੰਮ੍ਰਿਤ ਹੋਇਆ। ਆਤਮੇ ਅੰਦਰ ਭੇਟੇ। ਜੇ ਖਿਨਾਂ ਰਾਗ ਜੋ ਮਧਮ ਰਾਗ ਗਾਵੀਐ ਤਾਂ ਵੀ ਮਹਾਂ ਅੰਮ੍ਰਿਤ ਹੈ ਪਰ ਰਾਗ ਜਾਨ ਅਜਾਣ ਨੂੰ ਵਿੰਨ੍ਹਦਾ ਹੈ ਅਤੇ ਖਿਨਾਂ ਰਾਗ (ਸ਼ਬਦ ਗਾਵਿਆਂ) ਅਜਾਣ ਨੂੰ ਨਾਹੀ ਭਿਜਦਾ ਪਰ ਸੁਣੇ ਤੇ ਸਭਨਾਂ ਨੂੰ ਫਲ ਦੇਂਦਾ ਹੈ।

ਅਰਥੀਲੈ, ਦੁਖੀਐ, ਨਿਮਾਣੇ ਨੂੰ ਮਾਣ ਦੇਵੇ, ਦੁਰਕਾਰੇ ਨਾਹੀ। ਪਰਉਪਕਾਰ ਕਰੈ ਕਰਾਵੈ। ਆਪਣੀ ਕਿਰਤ ਸਭ ਕੋਈ ਕਰੇ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ : ਕਿਰਤ ਕਰਦਿਆਂ ਦੇਹੀ ਸੁੱਚੀ ਹੁੰਦੀ ਹੈ। ਇਹ ਗੱਲ ਗੁਰੂ ਨੂੰ ਖ਼ੁਸ਼ੀ ਆਂਵਦੀ ਹੈ। ਭੈ ਵਿਚ ਹੀ ਕਾਰ ਕਰਨੀ। ਇਉਂ ਨਹੀਂ ਕਰਨਾ ਕਿ ਖੁਸਿ-ਖੁਸਿ ਖੇਹ ਅੰਦਰ ਆ ਵਾੜਣੀ। ਧਰਮ ਦੀ ਕਿਰਤ ਕਰਨੀ। **ਅੰਗ ਭੰਗ ਨੂੰ ਖਵਾਲਣਾ ਬੜਾ ਨੇਕ ਕਰਮ ਹੈ।**

ਐਥਨੇ ਕੇ. ਮਾਰੰਨਕੋ ਨੇ ਟ੍ਰਾਂਸਫਰਮੇਸ਼ਨ ਔਫ਼ ਸਿੱਖ ਸੁਸਾਇਟੀ ਵਿਚ ਇਸ ਪ੍ਰਥਾਇ ਲਿਖਿਆ ਸੀ ਕਿ ਸਿੱਖ ਸੇਵਾ ਕਰਨਾ ਧਰਮ ਕਰ ਜਾਣਦਾ ਹੈ। ਕਿਸੇ ਦੂਜੇ ਦੀ ਸੇਵਾ ਪ੍ਰਭੂ ਸੇਵਾ ਦਾ ਰਾਹ ਕਰ ਜਾਣਨਾ ਹੈ।

ਕਿਤਨੇ ਹੀ ਕੰਮ ਹੋਣ ਗੁਰੂ ਦਾ ਦਰ ਨਹੀਂ ਛੱਡਣਾ। ਆਪਣੇ ਸਭ ਕੰਮ ਛਡਿ ਗੁਰ ਕੰਮ ਜਾਵਣਾ ਜਾਂ ਗੁਰੂ ਕਾ ਕੰਮ ਸਵਰੇ ਤਾਂ ਆਪਣੇ ਕੰਮ ਲੱਗਣਾ। ਗੁਰੂ ਉਸ ਪੁਰਖ ਦਾ ਕੰਮ ਆਪੇ ਕਰਦਾ ਹੈ। **ਵੱਡਾ ਕਾਰਜ ਹੈ ਕਿਸੇ ਨੂੰ ਗੁਰੂ ਤੋਂ ਬੇਮੁੱਖ ਵੇਖੇ, ਗੁਰੂ ਵੱਲ ਮੂੰਹ ਭਵਾਵੇ।**

 www.sikhbookclub.com

ਆਤਮ ਬ੍ਰਹਮ ਦੀ ਪਛਾਣ ਕਰੇ। ਸਭਨਾਂ ਜੀਆਂ ਕਾ ਭਲਾ ਮਨਾਉਣਾ ਆਤਮ ਬ੍ਰਹਮ ਦੀ ਪਛਾਣ ਹੈ। ਮਹਾਂਪੁਰਖਾਂ ਦੀ ਸੰਗਤ ਲੋਚ ਕਰ ਕਰਨੀ ਕਿਉਂਕਿ ਪ੍ਰਭੂ ਕੁਦਰਤ ਕਰ ਮਹਾਂਪੁਰਖਾਂ ਕੇ ਆਤਮੇ ਵੱਸਦਾ ਹੈ ਪਰ ਯਾਦ ਰੱਖਣਾ ਪਰਗਟ ਗੁਰ ਕਾ ਸ਼ਬਦ ਹੈ ਅਤੇ ਬਿਨ ਸ਼ਬਦ ਮੁਕਤਾ ਨਾਹੀ। ਆਤਮਾ ਪ੍ਰਮਾਤਮਾ ਦੋਵੇਂ ਹੀ ਦੇਹੀ ਵਿਚ ਵਸਦੇ ਹੈਨਿ। ਆਤਮਾ ਮਾਇਆ ਤ੍ਰਿਸ਼ਨਾ ਵਿਆਪਤ ਹੈ ਅਤੇ ਪਰ-ਆਤਮਾ ਤ੍ਰਿਸ਼ਨਾ ਤੋਂ ਨਿਰਲੇਪ ਹੈ। ਪਰ-ਆਤਮਾ ਨੂੰ ਛੁੱਟ ਕੀਰਤਨ ਹੋਰ ਕੋਈ ਨਾਹੀਂ ਰਿਝਾ ਸਕਦਾ। ਸੋ ਕੀਰਤਨ ਰਾਹੀਂ ਜਦ ਆਤਮਾ ਪਰ ਆਤਮਾ ਨੂੰ ਮਿਲਦੀ ਹੈ ਤਦ ਮੁਕਤਾ ਹੁੰਦਾ ਹੈ। ਗੁਰੂ ਆਖਿਆ ਹੈ।

**ਗੁਰ ਅਨੁਸਾਰੀ ਲੋਕ ਅਪਾਰੀ**—ਸਿੱਖ ਇਤਿਹਾਸ ਨੇ ਅਨੇਕਾਂ ਹੀ ਉਨ੍ਹਾਂ ਸਿੱਖਾਂ ਦਾ ਜ਼ਿਕਰ ਕੀਤਾ ਹੈ ਜੋ ਗੁਰੂ ਦੇ ਬਚਨ ਮੁਣ, ਜੀਵਨ ਸਵਾਰ ਲੁਕਾਈ ਨੂੰ ਸਿੱਧੇ ਰਾਹ ਪਾਂਦੇ ਰਹੇ। 'ਗੁਰ ਅਨੁਸਾਰੀ ਲੋਕ ਅਪਾਰੀਂ' ਦੇ ਸ਼ਬਦ ਗਿਆਨੀ ਗਿਆਨ ਸਿੰਘ ਨੇ ਵਰਤੇ ਹਨ। ਉਨ੍ਹਾਂ ਭਾਈ ਰਾਓ, ਭਾਈ ਦਾਓ, ਭਾਈ ਰੌਣਕ, ਭਾਈ ਦਾਨਾ, ਭਾਈ ਦੁੱਲਾ, ਭਾਈ ਸੁੱਖਾ, ਭਾਈ ਰਤਨ, ਭਾਈ ਮੁਖੀਆ, ਭਾਈ ਡੋਗਰ, ਭਾਈ ਰਾਮਾ ਕੰਗ, ਭਾਈ ਸਾਗਤ, ਭਾਈ ਬਿੱਘਾ ਅਤੇ ਭਾਈ ਬਧਾਵਾ, ਭਾਈ ਉਰੀਆ, ਭਾਈ ਅਮਰ ਸ਼ਾਹ, ਭਾਈ ਇੰਦਰ ਮੱਲ, ਭਾਈ ਸੰਤੂ, ਭਾਈ ਸੂਜਾ, ਭਾਈ ਸੁਧਾ, ਭਾਈ ਸ਼ਿਵਦਿਆਲ, ਭਾਈ ਸਮਾਲ ਨਾਥ, ਭਾਈ ਸੌਣ ਰਾਏ, ਭਾਈ ਸਿੰਧਾ, ਭਾਈ ਢੋਲ ਸ਼ਾਹ, ਭਾਈ ਸੁਹੇਲਾ ਜੀ, ਭਾਈ ਰਾਇ, ਭਾਈ ਖੇਮਾ, ਭਾਈ ਧੰਨਾ, ਜਿੰਦਵੜੀ, ਭਾਈ ਵਲੀ ਜੋਧਾ, ਭਾਈ ਜੰਡੂ, ਭਾਈ ਜਿਤਾ, ਭਾਈ ਤਰਨਾ, ਭਾਈ ਬਿੰਝੂ, ਭਾਈ ਘਰੀਆ, ਭਾਈ ਲੋਡੂ ਅਤੇ ਭਾਈ ਬਿੰਦਾ ਰੋਪੜ ਵਾਲੇ, ਭਾਈ ਨਾਰਾਇਣ ਦਾਸ, ਭਾਈ ਤਾਰਾ ਅਤੇ ਭਾਈ ਚੰਦਾ ਹੁਸ਼ਿਆਰਪੁਰ ਵਾਲੇ, ਭੱਟ ਨਿਰਦਾਸ ਤੇ ਭਾਈ ਨਿਧਾਨ ਜੀ, ਭਾਈ ਬੁੱਧਾ, ਭਾਈ ਬਸੰਤਾ, ਰਾਜਾ ਭੂਪ ਸਿੰਘ, ਸਿਧ ਚੰਦਰ ਨਾਥ, ਸਿਧ ਰੋਬ ਨਾਥ ਹੰਡੂਰੀਆ ਵਾਲਾ, ਦਾ ਉਚੇਚਾ ਜ਼ਿਕਰ ਕੀਤਾ ਹੈ। ਇਹ ਸਭ ਸਿੱਖ ਪਹਿਲਾਂ ਗੁਰੂ ਦਰ ਹਾਜ਼ਰੀਆਂ ਭਰਦੇ ਰਹੇ ਫਿਰ ਇਲਾਕਿਆਂ ਵਿਚ ਸਿੱਖੀ ਪਰਚਾਰ ਕਰਦੇ ਰਹੇ। ਕੁਝ ਐਸੇ ਵੀ ਹਨ ਜਿਨ੍ਹਾਂ ਦੇ ਸੰਤੋਖੀ ਸੁਭਾਉ, ਦ੍ਰਿੜ੍ਹ ਅਕੀਦਿਆਂ ਅਤੇ ਅਨਿੰਨ ਸੇਵਕੀ ਦੀਆਂ ਉਦਾਹਰਣਾਂ ਇਤਿਹਾਸ ਵਿਚ ਉਜਾਗਰ ਹਨ। ਇਥੇ ਉਨ੍ਹਾਂ ਵਿਚੋਂ ਤਿੰਨਾਂ ਭਾਈ ਪੁੰਗਰ, ਭਾਈ ਬਿਧੀ ਚੰਦ ਸੋਸਨ ਅਤੇ ਭਾਈ ਕਾਲਾ ਦਾ ਜ਼ਿਕਰ ਕਰਨਾ ਢੁਕਵਾਂ ਰਹੇਗਾ।

**ਭਾਈ ਪੁੰਗਰ ਜੀ**—ਸਿੱਖ ਸਬਰ ਸੰਤੋਖ ਦੀ ਮੂਰਤ ਹੀ ਬਣ ਗਏ ਸਨ। ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਉਨ੍ਹਾਂ ਸਿਰਫ਼ ਸਿਧਾਂਤਕ ਤੌਰ 'ਤੇ ਹੀ ਨਹੀਂ ਸੀ ਅਪਣਾਇਆ ਸਗੋਂ ਅਮਲੀ ਜੀਵਨ ਵਿਚ ਵੀ ਢਾਲ ਲਿਆ ਸੀ। ਹੱਕ ਪਰਾਇਆ ਤੇ ਪਰਾਈ ਚੋਪੜੀ ਵੱਲ ਉਹ ਤੱਕਦੇ ਵੀ ਨਹੀਂ ਸਨ। ਕਿਰਤ ਦੀ ਰੁੱਖੀ ਸੁੱਖੀ ਉਨ੍ਹਾਂ ਲਈ ਛੱਤੀ ਪਦਾਰਥਾਂ ਦੇ ਸਮਾਨ ਸੀ।

ਭਾਈ ਪੁੰਗਰ ਜੀ ਇਕ ਐਸੇ ਹੀ ਗੁਰਸਿੱਖ ਸਨ। ਪਰਾਏ ਪਦਾਰਥਾਂ ਨੂੰ ਅੱਗ ਦਾ ਚਿੰਗਾੜਾ ਸਮਝਦੇ ਸਨ। ਕਿਰਸਾਣੀ ਕਰਕੇ ਗੁਜ਼ਾਰਾ ਕਰਦੇ ਤੇ ਆਏ ਗਏ

 www.sikhbookclub.com

ਦੀ ਦਿਲੋਂ ਸੇਵਾ ਕਰਦੇ। ਆਪਣੇ ਪਸ਼ੂਆਂ ਤੱਕ ਨੂੰ ਉਨ੍ਹਾਂ ਐਸਾ ਸਿਧਾਇਆ ਸੀ ਕਿ ਉਹ ਦੂਜੇ ਦੇ ਖੇਤਾਂ ਦੇ ਕੱਖ ਤੱਕ ਵੱਲ ਮੂੰਹ ਨਹੀਂ ਸਨ ਮਾਰਦੇ। ਹਰ ਆਏ ਦੀ ਪੁੰਗਰ ਜੀ ਖੁਲ੍ਹੇ ਦਿਲ ਸੇਵਾ ਕਰਦੇ। ਹਰ ਆਏ ਪ੍ਰਤੀ ਸੇਵਾ ਦੀ ਲਗਨ ਦੇਖ ਇਕ ਸਾਧੂ ਨੇ ਉਨ੍ਹਾਂ ਨੂੰ ਰਸਾਇਣ ਭੇਟਾ ਕੀਤਾ ਜਿਸ ਦੇ ਪ੍ਰਯੋਗ ਨਾਲ ਲੋਹਾ ਵੀ ਸੋਨਾ ਹੋ ਜਾਏ। ਵਿਧੀ ਵੀ ਦੱਸੀ। ਵਰ੍ਹੇ ਪਿਛੋਂ ਉਹ ਹੀ ਸਾਧੂ ਜਦ ਭਾਈ ਜੀ ਨੂੰ ਮਿਲਣ ਆਇਆ ਤਾਂ ਉੱਥੇ ਉਸੇ ਤਰ੍ਹਾਂ ਦੀ ਸੰਤੋਖੀ ਜ਼ਿੰਦਗੀ ਤੇ ਵਿਵਹਾਰ ਦੇਖ ਪੁੱਛ ਬੈਠਾ ਕਿ ਕੀ ਮੇਰਾ ਰਸਾਇਣ ਤੁਸਾਂ ਵਰਤਿਆ ਨਹੀਂ ? ਭਾਈ ਪੁੰਗਰ ਜੀ ਨੇ ਆਲ਼ੇ ਵਿਚ ਰੱਖੀ ਪੋਟਲੀ ਵੱਲ ਇਸ਼ਾਰਾ ਕਰਕੇ ਕਿਹਾ: ਉਥੇ ਪਿਆ ਹੈ ਤੇਰਾ ਪਾਰਸ, ਵਾਪਸ ਲੈ ਜਾਓ। ਸਾਧੂ ਹੈਰਾਨ ਹੋਇਆ ਤਾਂ ਭਾਈ ਸਾਹਿਬ ਉਸ ਨੂੰ ਆਪਣੇ ਖੇਤਾਂ ਵਿਚ ਲੈ ਗਏ ਤੇ ਦੱਸਿਆ ਕਿ ਉਨ੍ਹਾਂ ਦੇ ਹੀ ਖੇਤਾਂ ਵਿਚ ਬਾਦਸ਼ਾਹ ਦਾ ਗੁਪਤ ਖ਼ਜ਼ਾਨਾ ਦੱਬਿਆ ਪਿਆ ਹੈ ਤੇ ਕੇਵਲ ਉਹ ਜਾਣਦੇ ਹਨ, ਪਰ ਨਜ਼ਰ ਕਦੇ ਨਹੀਂ ਗਈ। ਸਾਨੂੰ ਹੁਕਮ ਕੇਵਲ ਹੱਕ ਦੀ ਕਮਾਈ ਖਾਣ ਦਾ ਹੈ। ਸਾਧੂ ਦੇ ਵੀ ਕਪਾਟ ਖੁਲ੍ਹ ਗਏ। ਸਾਧੂ ਜੋ ਵਰ੍ਹਿਆਂ ਤੋਂ ਭਟਕ ਰਿਹਾ ਸੀ, ਉਸ ਨੂੰ ਟਿਕਾਅ ਮਿਲਿਆ।

**ਭਾਈ ਬਿਧੀ ਚੰਦ ਸੋਸਨ**—ਡਰੋਲੀ ਦੇ ਹੀ ਨੇੜੇ ਪਿੰਡ ਸੋਸਨ ਦੇ ਰਹਿਣ ਵਾਲੇ ਭਾਈ ਬਿਧੀ ਚੰਦ ਜਵਾਲਾਮੁਖੀ ਨੂੰ ਜਾਂਦੇ ਜਦ ਕੀਰਤਪੁਰ ਆਏ ਤਾਂ ਉਥੋਂ ਦੀ ਮਰਯਾਦਾ ਦੇਖ ਉਥੋਂ ਦੇ ਹੀ ਹੋ ਗਏ। ਅੰਮ੍ਰਿਤ ਵੇਲੇ ਜਦ ਟੁਰਨ ਲੱਗੇ ਤਾਂ ਦੇਵੀ ਨੂੰ ਗੁਰ ਦਰਬਾਰ ਝਾੜੂ ਕਰਦੇ ਡਿੱਠਾ। ਗੁਰੂ ਜੀ ਦੇ ਹਜ਼ੂਰ ਪੁੱਜ ਬ੍ਰਹਮ ਗਿਆਨ ਨੂੰ ਪਾਯਾ ਤੇ ਜੀਵਨ ਜੁਗਤਿ ਸਿਖ ਕੇ ਇਲਾਕੇ ਵਿਚ ਪਰਚਾਰ ਕੀਤਾ।

ਉਸ ਦੇ ਬੇਟੇ ਮਹਾਂ ਨੰਦ ਨੇ ਗੁਰੂ ਤੇਗ ਬਹਾਦਰ ਜੀ ਦੇ ਚਰਨ ਸ਼ਰਨ ਰਹਿ ਬਹੁਤ ਹੀ ਨਾਮਣਾ ਖੱਟੀ। ਨੌਵੇਂ ਪਾਤਸ਼ਾਹ ਨੇ ਮੰਜੀ ਵੀ ਬਖ਼ਸ਼ੀ। ਸਾਰਾ ਹੀ ਖ਼ਾਨਦਾਨ ਗੁਰੂ ਘਰ ਦਾ ਭਉਰਾ ਬਣਿਆ।

**ਭਾਈ ਕਾਲਾ ਦੁੱਲਟ**—ਗੁਰੂ ਜੀ ਸਦਾ ਕਹਿੰਦੇ ਸਨ ਕਿ ਗ਼ਰੀਬ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ। ਸਿੱਖ ਤ੍ਰਿਪਤੇ ਤਾਂ ਉਹ ਆਪੇ ਤ੍ਰਿਪਤ ਹੋ ਜਾਂਦੇ ਹਨ। ਲੋੜਵੰਦ ਦੀ ਲੋੜ ਨੂੰ ਆਪਣੀ ਲੋੜ ਵਾਂਗੂੰ ਜਾਣਨਾ ਹੀ ਸਿੱਖੀ ਹੈ।

ਭਾਈ ਕਾਲਾ ਦੁੱਲਟ ਗੁਰੂ ਘਰ ਦੀ ਖੇਤੀਬਾੜੀ ਦੀ ਸੰਭਾਲ ਕਰਦੇ ਸਨ। ਗੁਰੂ ਜੀ ਨੇ ਜਦ ਉਨ੍ਹਾਂ ਨੂੰ ਕਲਯਾਨਪੁਰ ਦੀ ਖੇਤੀ ਦੀ ਉਪਜ ਲਿਆਉਣ ਲਈ ਭੇਜਿਆ ਤਾਂ ਉਨ੍ਹਾਂ ਡਿੱਠਾ ਕਿ ਲੋੜਵੰਦਾਂ ਦੀ ਭੀੜ ਲੱਗੀ ਪਈ ਹੈ। ਯਾਦ ਰਵ੍ਹੇ ਕਿ ਇਹ ਉਹ ਹੀ ਸਮਾਂ ਸੀ ਜਦ ਕਾਲ ਨੇ ਇਲਾਕੇ ਨੂੰ ਗ੍ਰਸਿਆ ਹੋਇਆ ਸੀ। ਭਾਈ ਜੀ ਨੇ ਸਾਰੀ ਉਪਜ ਅਭਿਆਗਤਾਂ ਨੂੰ ਵੰਡ ਦਿੱਤੀ ਅਤੇ ਖ਼ਾਲੀ ਹੱਥ ਗੁਰ ਦਰਬਾਰ ਹਾਜ਼ਰ ਹੋਏ। ਗੁਰੂ ਜੀ ਨੂੰ ਉਨ੍ਹਾਂ ਨੇ ਸਾਰੀ ਵਿਥਿਆ ਸੁਣਾਈ ਤੇ ਇਹ ਬੇਨਤੀ ਕੀਤੀ ਕਿ ਆਪ ਜੀ ਦੇ ਹੁਕਮਾਂ ਅਨੁਸਾਰ ਗ਼ਰੀਬ ਦੇ ਮੂੰਹ ਪਾ ਆਇਆ ਹਾਂ। ਇਥੇ ਵੀ ਸੰਗਤਾਂ ਨੇ ਛਕਣਾ ਸੀ ਅਤੇ ਉਥੇ ਵੀ, ਆਪ ਜੀ ਦੇ ਸੇਵਕਾਂ ਦੀ ਉਦਰ ਪੂਰਨਾ ਹੋਈ ਹੈ। ਗੁਰੂ ਪਾਤਸ਼ਾਹ ਨੇ ਸਿੱਖਾ ਨਿਹਾਲ, ਕਿਹਾ।

 www.sikhbookclub.com

# ੭
# ਬਖ਼ਸ਼ਾਂ

**ਬਖ਼ਸ਼ਾਂ**—ਭਾਈ ਸਰਦੂਲ ਸਿੰਘ ਜੀ ਨੇ ਜਿੱਥੇ ਗੁਰੂ ਉਪਮਾ ਵਿਚ ਹੋਰ ਗੱਲਾਂ ਦਾ ਵਰਨਣ ਕੀਤਾ ਹੈ ਉਥੇ ਉਚੇਚਾ ਇਹ ਲਿਖਿਆ :

*"ਸੁਥਰੇ ਅਤੇ ਉਦਾਸੀ ਸਾਧੂ, ਕੀਨਾ ਇਨ ਕਾ ਭੇਖ ਅਗਾਧੂ।।"*

ਜੋ ਚਾਰ ਧੂਆਂ ਨੇ ਸਿੱਖੀ ਨਗਰ ਨਗਰ ਪਹੁੰਚਾਈ, ਗੁਰੂ ਧਾਮ ਕਾਇਮ ਕੀਤੇ ਅਤੇ ਅਨੇਕਾਂ ਜੀਵਾਂ ਵਿਚ ਸਿੱਖੀ ਦਾ ਬੀਜ ਬੋਇਆ ਤਾਂ ਇਹ ਗੁਰੂ ਹਰਿ ਰਾਇ ਜੀ ਦੀ ਰਹਿਮਤ ਸਦਕਾ ਹੀ ਹੈ ਕਿ ਉਨ੍ਹਾਂ ਸਿੱਖਾਂ ਨੂੰ ਚੁਣ ਸਵਾਰ, ਯੋਗ ਬਣਾ ਤੇ ਬਖ਼ਸ਼ਸ਼ਾਂ ਦੇ ਕੇ ਨਿਰੋਲ ਪਰਚਾਰ ਦੇ ਕਾਰਜ ਲਗਾ ਦਿੱਤਾ। ਇਨ੍ਹਾਂ ਬਖ਼ਸ਼ਾਂ ਦਾ ਸਦਕਾ ਹੁਣ ਕੋਈ ਐਸਾ ਕੋਨਾ ਨਾ ਰਿਹਾ ਜਿੱਥੇ ਗੁਰਦੁਆਰਾ ਨਾ ਹੋਵੇ, ਲੰਗਰ ਨਾ ਲੱਗੇ ਤੇ ਵਿੱਦਿਆ ਦੇ ਸੇਵਾ ਦੇ ਕੇਂਦਰ ਨਾ ਬਣੇ ਹੋਣ।

ਕੁੱਲ ਬਾਰਾਂ ਬਖਸ਼ਾਂ ਇਤਿਹਾਸਕਾਰਾਂ ਨੇ ਲਿਖੀਆਂ ਹਨ। ਇਨ੍ਹਾਂ ਵਿਚੋਂ ੧੦ ਨੇ ਗੁਰੂ ਹਰਿ ਰਾਇ ਜੀ ਕੋਲੋਂ ਬਖ਼ਸ਼ਸ਼ ਪਾਈ ਸੀ ਅਤੇ ਇਸੇ ਲਈ ਨਾਮ ਹੀ ਬਖਸ਼ ਪਿਆ।

**ਬਖ਼ਸ਼ ਸੰਗਤਿ ਸਾਹਿਬ**—ਰਾਵੀ ਤੇ ਬਿਆਸ ਦੀ ਦੁਆਬ ਦੇ ਵਿਚਕਾਰਲੇ ਇਲਾਕੇ ਨੂੰ ਵੀ ਲੰਮਾ ਦੇਸ ਕਹਿੰਦੇ ਹਨ। ਇਸੇ ਲੰਮੇ ਦੇਸ ਵਿਚ ਮੀਦੋਂ ਕੇ ਮੋੜ ਦੇ ਪਰਗਨਾ ਵਿਚ ਤਹਿਸੀਲ ਚੂਨੀਆ, ਲਾਹੌਰ ਜ਼ਿਲ੍ਹਾ ਵਿਚ ਪਿੰਡ ਅੰਬਮਾੜੀ ਹੈ, ਇਸ ਪਿੰਡ ਵਿਚ ਭਾਈ ਬਿਨੇ ਦੇ ਘਰ ਸੰਨ ੧੬੪੦ ਨੂੰ ਇਕ ਬਾਲਕ ਨੇ ਜਨਮ ਲਿਆ। ਉਸ ਦਾ ਨਾਂ ਸੰਗਤਿ ਰੱਖਿਆ ਗਿਆ। ਛੋਟੀ ਉਮਰੇ ਕੰਮ ਕਾਜ ਵਿਚ ਪੈ ਗਿਆ ਤੇ ਫੇਰੀ ਲਗਾ ਕੇ ਸਮਾਨ ਵੇਚਣ ਲੱਗਾ। ਘਰੋਂ ਸੌਖਾ ਹੋ ਗਿਆ ਤੇ ਗੁਰੂ ਸੋਭਾ ਸੁਣ ਕੇ ਕੀਰਤਪੁਰ ਆਇਆ। ਇਥੇ ਫੇਰੀ ਲਗਾਵੇ ਤੇ ਲੰਗਰ ਦੀ ਸੇਵਾ ਵਿਚ ਜੁੱਟ ਜਾਵੇ। ਇਤਨੇ ਨੂੰ ਇਕ ਘਟਨਾ ਐਸੀ ਵਾਪਰੀ ਕਿ ਗੁਰੂ ਚਰਨਾਂ 'ਤੇ ਆ ਢੱਠਾ। ਭਾਈ ਭਗਤੂ ਜੀ ਜਿਨ੍ਹਾਂ ਦੀ ਕਰਨੀ ਨੂੰ ਜੱਗ ਜਾਣਦਾ ਸੀ, ਇਕ ਸਮੇਂ ਵਾਢੀਆਂ ਪਵਾ ਰਹੇ ਸਨ ਕਿ ਕਾਮਿਆਂ ਨੇ ਸੁਭਾਵਕ ਕਿਹਾ : "ਭਾਈ ਸਾਹਿਬ ਸਾਡੀ ਮਿਹਨਤ ਵਲ ਦੇਖੋ, ਤੁਸੀਂ ਪਰਸ਼ਾਦੇ ਤੇ ਲੈ ਆਏ ਹੋ ਇਤਨਾ ਥੋੜ੍ਹਾ ਘਿਓ, ਮਿਹਨਤ ਮੁਸ਼ੱਕਤ ਅਸੀਂ ਦਿਲ ਲਗਾ ਕੇ ਕਰਦੇ ਹਾਂ, ਖਵਾਓ ਵੀ ਚੰਗਾ ਪਰ ਚੋਖਾ।"

ਦੋਵ ਨੇੜ ਭਾਈ ਸੰਗਤਿ ਜੀ ਉਧਰੋਂ ਹੀ ਫੇਰੀ ਲਗਾਉਣ ਜਾ ਰਹੇ ਸਨ। ਘਿਓ ਦੀਆਂ ਕੁੱਪੀਆਂ ਤੇ ਹੋਰ ਸੌਦਾ ਸਲਫ ਲੱਦਿਆ ਹੋਇਆ ਸੀ। ਭਾਈ ਸਾਹਿਬ ਨੇ ਹਰ ਕਾਮੇ ਨੂੰ ਇਕ-ਇਕ ਪਲੀ ਘਿਓ ਦਿਲਵਾਇਆ ਤੇ ਇਹ ਕਿਹਾ ਕਿ ਦਾਮ ਗੁਰੂ ਖ਼ਜ਼ਾਨਿਓਂ ਲੈ ਜਾਣੇ। ਜਦ ਭਾਈ ਸੰਗਤਿ ਜੀ ਘਰ ਪੁੱਜੇ ਤੇ ਕੁੱਪਾ ਰੱਖਿਆ ਤੇ ਸਵੇਰੇ ਫਿਰ ਫੇਰੀ ਲਗਾਉਣ ਲਈ ਟੁਰਨ ਲੱਗੇ ਤਾਂ ਹੈਰਾਨ ਹੋਏ ਕਿ ਘਿਓ ਕੁੱਪੇ ਵਿਚੋਂ ਰੱਤੀ ਭਰ ਘਟਿਆ ਨਹੀਂ। ਭਾਈ ਭਗਤੂ ਜੀ ਪਾਸ ਸੰਗਤਿ ਜੀ ਪੁੱਜੇ ਅਤੇ ਕਿਹਾ ਮੈਨੂੰ ਬਰਕਤਾਂ ਦੇ ਦਾਤੇ ਪਾਸ ਲੈ ਚੱਲੋ। ਭਾਈ ਭਗਤੂ ਜੀ ਨਾਲ ਲੈ ਕੇ ਆਏ ਤੇ ਕਿਹਾ ਕਿ ਸੇਵਾ ਤਾਂ ਇਹ ਚਿਰਾਂ ਦੀ ਕਰ ਰਿਹਾ ਹੈ ਪਰ ਹੁਣ ਸ਼ਰਧਾ ਧਾਰ ਆਇਆ ਹੈ।[1]

ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਅਤੇ ਕਿਹਾ ਕਿ ਫੇਰੀ ਲਗਾਉਂਦਿਆਂ ਹੀ ਤੈਨੂੰ, ਇਹ ਦਾਤ ਮਿਲੀ ਹੈ, ਤੂੰ ਅਸਾਡਾ ਫੇਰੂ ਸਿੱਖ ਹੈਂ :

*"ਅਬ ਸਭਿ ਤਜ ਕਰ ਦੇਗ ਚਲਾਵਹੁ।*
*ਸਤਿਨਾਮ ਸਿਮਰਹੁ ਗੁਨ ਗਾਵਹੁ।"*

ਸਤਿਗੁਰੂ ਦੀ ਮਰਜ਼ੀ ਮੁਤਾਬਕ ਹੀ ਲੰਗਰ ਚਲਾਯਾ ਅਤੇ ਜੋ ਆਵੈ ਸੋ ਖਾਇ।

ਇਕ ਦਿਨ ਸਮੇਂ ਘੁੱਥੇ ਸੰਗਤਿ ਆਈ। ਵਰਤਾਵਿਆਂ ਦੇ ਹੱਥ ਜੋ ਆਇਆ ਛਕਾ ਦਿੱਤਾ। ਇਕ ਪੰਗਤ ਨੂੰ ਮਿੱਸੇ ਪਰਸ਼ਾਦੇ ਤੇ ਦੂਜੇ ਨੂੰ ਪਰਾਉਠੇ। ਇਕ ਨੇ ਕਹਿ ਦਿੱਤਾ :

SIKHBOOKCLUB.COM

*"ਫੇਰੂ ਤੂੰ ਲੰਗਰ ਕਾਣਾ ਕੀਤਾ।"*

ਭਾਈ ਸਾਹਿਬ ਨੇ ਹੱਥ ਜੋੜ ਕਿਹਾ, "ਭੁੱਲ ਹੋਈ ਹੈ।"

*"ਮਮ ਏਕ ਆਂਖ ਕਾਣੀ ਕਰੋ, ਗੁਰੂ ਲੰਗਰ ਰਖੋ ਬਹਾਲ।"*

ਇਸੇ ਹੀ ਤਰ੍ਹਾਂ ਹੋਇਆ। ਉਨ੍ਹਾਂ ਦੀ ਇਕ ਅੱਖ ਜਾਂਦੀ ਰਹੀ ਪਰ ਲੰਗਰ ਨੂੰ ਆਂਚ ਨਾ ਆਉਣ ਦਿੱਤੀ। ਗੁਰੂ ਹਰਿ ਰਾਇ ਜੀ ਨੇ ਇਕ ਅੱਖ ਚਲੇ ਜਾਣ ਦੀ ਵਾਰਤਾ ਸੁਣੀ ਤਾਂ ਹੋਰ ਬਖ਼ਸ਼ਸ਼ ਦੇ ਕੇ ਨਿਹਾਲ ਕੀਤਾ। ਗੁਰਬਾਣੀ ਦੀ ਪੋਥੀ, ਮਾਲਾ ਤੇ ਮਜੀਠੀ ਚੋਲਾ ਬਖ਼ਸ਼ਿਆ ਅਤੇ ਨੱਕੇ ਦੇਸ਼ ਸਿੱਖੀ ਪਰਚਾਰ ਕਰਨ ਦੀ ਆਗਿਆ ਕੀਤੀ ਅਤੇ ਕਿਹਾ ਹੱਥ ਤੇਰਾ ਤੇ ਖੀਸਾ ਮੇਰਾ ਹੈ, ਨਿਸ਼ੰਗ ਹੋ ਵਰਤੋ :

*"ਖਾਵਹਿ ਖਰਚਹਿ ਰਲਿ ਮਿਲਿ ਭਾਈ।*
*ਤੋਟਿ ਨ ਆਵੈ ਵਧਦੋ ਜਾਈ।" ੩ ।*

*(ਪੰਨਾ ੧੮੬, ਗੁਰੂ ਗ੍ਰੰਥ ਸਾਹਿਬ)*

---

੧. ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਇਹ ਘਟਨਾ ਲਖੀ ਜੰਗਲ ਹੋਈ ਸੀ :
ਲਖੀ ਜੰਗਲ ਦੇਸ ਮੇ,
ਭਾਈ ਭਗਤੂ ਸਿੱਖ।
ਭਾਈ ਫੇਰੂ ਕੋ ਮਿਲਾਪ ਸੋ,
ਭਈ ਗੁਰ ਭਗਤਿ ਭਵਿੱਖ । (ਸਾਖੀ ਦਾਸਵੀ, ਚਰਣ ਸਤਵਾਂ)

ਉਨ੍ਹਾਂ ਮੀਏ ਕੇ ਮੋੜ ਦੀ ਜੂਹ ਆਸਣ ਲਗਾ ਲਏ ਤੇ ਨਾਮ ਦਾਨ ਤੇ ਖਾਣ ਪਾਣ ਦਾ ਅਤੁੱਟ ਲੰਗਰ ਲਗਾ ਦਿੱਤਾ।

ਦਸਵੇਂ ਪਾਤਸ਼ਾਹ ਦੇ ਸਮੇਂ ਤਕ ਫੇਰੂ ਜੀ ਦੀ ਸ਼ੋਭਾ ਚਹੁੰ ਚੱਕੀ ਫੈਲੀ। ਜਦ ਦਸਮੇਸ਼ ਪਿਤਾ ਨੇ ਮਸੰਦ ਪ੍ਰਥਾ ਰੋਕਣ ਤੇ ਬੰਦ ਕਰਨ ਦਾ ਐਲਾਨ ਕੀਤਾ ਤਾਂ ਕਿਸੇ ਸ਼ਿਕਾਇਤ ਕੀਤੀ ਕਿ ਨੱਕੇ ਦੇਸ਼ ਦਾ ਫੇਰੂ ਜੋ ਬਹੁਤ ਧਨੀ ਹੈ, ਆਪ ਜੀ ਪਾਸ ਨਹੀਂ ਆਇਆ। ਮਹਾਰਾਜ ਨੇ ਜਿਵੇਂ ਹੋਰ ਹੁਕਮਨਾਮੇ ਪਠਾਏ ਸਨ, ਫੇਰੂ ਦੇ ਨਾਂ ਵੀ ਹੁਕਮਨਾਮਾ ਭੇਜਿਆ ਕਿ ਮੁਸ਼ਕਾਂ ਬੰਨ੍ਹ ਕੇ ਪੇਸ਼ ਕਰੋ। ਹੁਕਮਨਾਮਾ ਲੈ ਜਾਣ ਵਾਲੇ ਸਿੱਖ ਜਦ ਫੇਰੂ ਦੇ ਅਸਥਾਨ 'ਤੇ ਪੁੱਜੇ ਤਾਂ ਉਥੋਂ ਦੀ ਜੁਗਤ ਦੇਖ ਚੁੱਪ ਕਰ ਗਏ। ਭਾਈ ਸਾਹਿਬ ਹੱਥੀਂ ਸੇਵਾ ਵਿਚ ਜੁੱਟੇ ਰਹਿੰਦੇ ਸਨ। ਉਨ੍ਹਾਂ ਹੁਕਮਨਾਮਾ ਸੁਣਾਇਆ ਤਾਂ ਉਸੇ ਸਮੇਂ ਚੱਲ ਪਏ ਤੇ ਹੁਕਮ ਮੁਤਾਬਕ ਫੇਰੂ ਜੀ ਨੇ ਆਪ ਮੁਸ਼ਕਾਂ ਕੱਸਣ ਲਈ ਕਿਹਾ। ਸਿੱਖਾਂ ਕਿਹਾ ਕਿ ਅਨੰਦਪੁਰ ਲਾਗੇ ਜਾ ਕੇ ਮੁਸ਼ਕਾਂ ਕੱਸ ਲਵਾਂਗੇ, ਹੁਣ ਐਸੇ ਹੀ ਚੱਲੋ।

ਭਾਈ ਸਾਹਿਬ ਨੇ ਕਿਹਾ ਕਿ ਸਾਰੀ ਜ਼ਿੰਦਗੀ ਗੁਰੂ ਹੁਕਮ ਅਨੁਸਾਰ ਗੁਜ਼ਾਰੀ ਹੈ, ਹੁਣ ਹੁਕਮ ਅਦੂਲੀ ਨ ਕਰੋ ਅਤੇ ਮੇਰਾ ਬਿਲਕੁਲ ਫ਼ਿਕਰ ਨਾ ਕਰੋ। ਜਿਵੇਂ ਹੁਕਮ ਹੈ, ਕਰੋ।

ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਬੱਧੇ ਹੋਏ ਮੁੱਟੇ ਗਏ ਤਾਂ ਕਲਗੀਧਰ ਨੇ ਕਿਹਾ : ਫੇਰੂ ਦੀ ਸੁਚੀ ਦਾੜ੍ਹੀ[੧] ਹੈ। ਇਸ ਨੇ ਨਿਜ ਲਈ ਕਦੇ ਕੁਝ ਨਹੀਂ ਰਖਿਆ। ਗੁਰੂ ਹਰਿ ਰਾਇ ਜੀ ਦਾ ਹੁਕਮ ਸੀ ਕਿ ਜੇਬ ਉਨ੍ਹਾਂ ਦੀ, ਹੱਥ ਭਾਈ ਸਾਹਿਬ ਦਾ, ਹੁਣ ਜੇਬ ਵੀ ਇਨ੍ਹਾਂ ਦੀ ਤੇ ਹੱਥ ਵੀ ਇਨ੍ਹਾਂ ਦਾ:

*"ਸ੍ਰੀ ਹਰਿ ਰਾਇ ਕਹਯੋ ਤਿਸ ਬੇਰਾ,*
*ਮਮ ਖੀਸਾ ਖਰਚੋ ਕਰ ਤੇਰਾ ॥੨।*
*ਅਬ ਤੇ ਖੀਸਾ ਭੀ ਹੁਇ ਤੇਰੀ।*
*ਕਰਹੁ ਦੇਗ ਸਤਿ ਸੰਗਤਿ ਹੇਰੀ।" ॥੩।*

ਭਾਈ ਸਾਹਿਬ ਨੇ ਹੱਥ ਜੋੜ ਕਿਹਾ : ਇਹ ਹੀ ਬਖ਼ਸ਼ਸ਼ ਕਰੋ ਕਿ ਖੀਸਾ ਵੀ ਤੁਹਾਡਾ ਤੇ ਹੱਥ ਵੀ ਤੁਹਾਡਾ ਹੀ ਰਹੇ।[੨] ਦਸਮੇਸ਼ ਪਿਤਾ ਨੇ ਸੰਗਤਿ ਸਾਹਿਬ ਦਾ ਖ਼ਿਤਾਬ ਦਿੱਤਾ, ਆਪਣੀ ਦਸਤਾਰ ਨਾਲੋਂ ਅੱਧੀ ਦਸਤਾਰ ਬਖ਼ਸ਼ੀ।ਕੁਝ ਦਿਨ ਉੱਥੇ ਰਹਿ ਕੇ ਭਾਈ ਜੀ ਨੇ ਸੇਵਾ ਕੀਤੀ ਤੇ ਫਿਰ ਨੱਕੇ ਦੇਸ਼ ਹੀ ਆ ਗਏ। ਸੰਨ ੧੭੦੬ ਨੂੰ ਗੁਰਪੁਰੀ ਸਿਧਾਰ ਗਏ ।

---

੧. ਪੂਰੇ ਸ਼ਬਦ ਸਨ:
ਭਾਈ ਫੇਰੂ ਤੇਰੀ ਸੁਚੀ ਦਾਹੜੀ।
ਭਾਈ ਫੇਰੂ ਤੇਰੀ ਸੇਵਾ ਗਾਹੜੀ।
ਭਾਈ ਫੇਰੂ ਤੇਰੀ ਕਰਣੀ ਸਾਰੀ।
ਭਾਈ ਫੇਰੂ ਜਗ ਤੁਲਹਾ ਭਾਰੀ।
ਭਾਈ ਫੇਰੂ ਤੇਰੇ ਤੋਂ ਸਤਿਗੁਰ ਬਲਿਹਾਰੀ।

੨. ਬਨਯੋ ਦੀਨ ਫੇਰੂ ਪੁਨਿ ਕਹੇ।
ਖੀਸਾ, ਕਰ ਤੁਮਰੋ ਸਭ ਅਹੈ ॥੩। (ਸੂਰਜ ਪ੍ਰਕਾਸ਼)

 www.sikhbookclub.com

ਭਾਈ ਸਾਹਿਬ ਇਕ ਉੱਘੇ ਵਿਦਵਾਨ ਤੇ ਕਵੀ ਵੀ ਸਨ। ਭਾਈ ਸਾਹਿਬ ਵੀਰ ਸਿੰਘ ਜੀ ਨੇ ਕਈ ਪੰਗਤੀਆਂ ਉਨ੍ਹਾਂ ਦੀਆਂ ਉਚਾਰੀਆਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਪ੍ਰੇਮ, ਸ਼ਰਧਾ, ਸਿਦਕ ਸੇਵਾ ਡਲ੍ਹਕਾਂ ਮਾਰਦਾ ਹੈ। ਕਿਸ ਸ਼ਰਧਾ ਨਾਲ ਕਹਿੰਦੇ ਹਨ :

*"ਤੈ ਜੇਹਾ ਸਾਨੂੰ ਹੋਰ ਨ ਕੋਈ, ਅਸੀਂ ਢੂੰਡੀਲ ਵਣੀ ਵਣੀ।*
*ਫੇਰੂ ਮਾਣ ਸਜਨ ਤੋਂ ਵਾਰੀ, ਤਾਂ ਤੇ ਭਲੀ ਬਣੀ।"*

ਕਿਸ ਵਿਸ਼ਵਾਸ ਵਿਚ ਕਹਿੰਦੇ ਹਨ :

*"ਨੇਹੁ ਲਗਾ, ਲਗਿ ਟੁਟਦਾ ਨਾਹੀ,*
*ਸ਼ਹੁ ਬਾਝਹੁ ਗਲਾਂ ਊਣੀਆਂ ।*
*ਫੇਰੂ, ਜਿਉਂਦਿਆਂ ਨਿਹੁ ਵਿਸਰੈ ਨਾਹੀ,*
*ਸੁਇਆਂ ਭੀ ਦੂਣ ਚਉਣੀਆ ।"*

ਇਸ ਬਖ਼ਸ਼ ਦੀ ਸੰਭਾਲ ਭਾਈ ਨਾਰਾਇਣ ਦਾਸ ਜੀ ਤੋਂ ਪਿੱਛੋਂ ਭਾਈ ਹੀਰਾ ਲਾਲ ਜੀ ਕਰਦੇ ਰਹੇ। ਭਾਈ ਹੀਰਾ ਲਾਲ ਜੀ ਵੀ ਬੜੇ ਹੀ ਕਰਨੀ ਵਾਲੇ ਸਨ। ਇਹ ਵੀ ਕਹਿੰਦੇ ਹਨ ਕਿ ਭਾਈ ਨਰਪਿਤ ਰਾਇ ਜੀ ਨੇ **ਭਾਈ ਸਹਾਈ ਸਿੰਘ ਨੂੰ ਪੁੱਤਰੀ** ਦਾ ਵਰ ਦੇ ਕੇ ਕਿਹਾ ਸੀ ਕਿ ਇਹ ਲੜਕੀ ਬੜਾ ਜੱਸ ਖੱਟੇਗੀ। ਇਹ ਹੀ **ਪੁੱਤਰੀ ਸਦਾ ਕੌਰ** ਕਰ ਕੇ ਸਿੱਖ ਇਤਿਹਾਸ ਵਿਚ ਚਮਕੀ। ਇਸੇ ਹੀ ਬਖ਼ਸ਼ ਵਿਚੋਂ ਭਾਈ ਰਾਜਾ ਰਾਮ ਜੀ ਨੇ ਸਿਆਲਕੋਟ ਵੱਲ ਬਹੁਤ ਪਰਚਾਰ ਕੀਤਾ ਸੀ। ਅੰਮ੍ਰਿਤਸਰ ਤੇ ਜੰਡਿਆਲਾ ਵਿਚ ਵੀ ਇਸੇ ਬਖ਼ਸ਼ ਦੇ ਮੁਖੀਆਂ ਪਰਚਾਰ ਕੀਤਾ। ਲੁਧਿਆਣੇ ਲਾਗੇ ਸਾਹਨੇਵਾਲ, ਪਿੰਡ ਚੋਹਲਾ, ਧਰਮਮਾਲ ਮਾਣਕ ਦੇ ਬਾਨੀ, ਧਰਮਸਾਲ ਮੱਲ ਵਾਲੇ ਸਾਧੂ, ਗੜ੍ਹਦੀਵਾਲੇ ਸਾਧ ਇਸੇ ਬਖ਼ਸ਼ ਵਿਚੋਂ ਹਨ। ਇਸੇ ਬਖ਼ਸ਼ ਦੇ ਭਾਈ ਸੰਤੋਖ ਦਾਸ ਜੀ ਨੇ ਆਪ ਉਗਰਾਹੀ ਤੇ ਮਿਹਨਤ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਵੱਛ ਜਲ ਪਹੁੰਚਾਉਣ ਲਈ ਹੰਸਲੀ ਰਾਵੀ ਤੋਂ ਲੈ ਕੇ ਆਂਦੀ। ਇਸ ਬਖ਼ਸ਼ ਦੇ ਅਨੇਕਾਂ ਹੀ ਸਥਾਨ ਹਨ, ਜਿਨ੍ਹਾਂ ਵਿਚੋਂ ਪ੍ਰਸਿੱਧ ਗੂਹਲਾ (ਕੁਰੂਕਸ਼ੇਤਰ) ਬੁਟਰ (ਬਠਿੰਡਾ), ਗਹਰੀ (ਬਠਿੰਡਾ) ਨਾਭਾ ਸ਼ਹਿਰ, ਚੂਹੜਕਾਣਾ, ਕੇਰ ਸਾਹਿਬ (ਗੁਜਰਾਤ), ਰਸ਼ੀਦਪੁਰ (ਝੰਗ), ਮੁਲਤਾਨ ਸ਼ਹਿਰ, ਜੋਹੀ (ਲੜਕਾਣਾ ਸਿੰਧ), ਕਾਸ਼ੀ ਅਤੇ ਪਟਨਾ ਪ੍ਰਸਿਧ ਹਨ।

**ਭਗਤਿ ਭਗਵਾਨ**—ਪੰਡਿਤ ਬ੍ਰਹਮਾਨੰਦ ਦੇ ਕਥਨ ਅਨੁਸਾਰ ਭਗਤਿ ਗਿਰਿ ਦਾ ਜਨਮ ਬੋਧ ਗਯਾ ਦੇ ਵਸਨੀਕ ਉਤਕਲ ਬ੍ਰਾਹਮਣ ਦੇ ਘਰ ਹੋਇਆ। ਉਨ੍ਹਾਂ ਨੇ ਸਾਧਨਾ ਕੀਤੀ ਤੇ ਸਾਧੂਆਂ ਦੀ ਮੰਡਲੀ ਬਣਾ ਥਾਂ-ਥਾਂ ਘੁੰਮਦੇ। ਨਾਮ ਭਗਤਿ ਗਿਰ ਤੋਂ ਭਗਵਾਨ ਗਿਰ ਪੈ ਗਿਆ।[1]

ਗੁਰੂ ਨਾਨਕ ਨਾਮ ਦੀ ਮਹਿਮਾ ਤਾਂ ਹਰ ਥਾਵੇਂ ਕੰਨੀਂ ਪੈਂਦੀ ਸੀ ਪਰ ਪੂਰੀ ਤਰ੍ਹਾਂ ਗੁਰਾਂ ਦੀ ਅਜ਼ਮਤ ਤੋਂ ਜਾਣੂੰ ਨਹੀਂ ਸਨ। ਉਨ੍ਹਾਂ ਨੂੰ ਇਹ ਸਰੋਤ ਪਈ ਕਿ ਪੰਚਾਲ ਦੇਸ਼ (ਸਤਲੁਜ ਤੇ ਜਮਨਾ ਵਿਚਕਾਰਲਾ ਇਲਾਕਾ) ਵਿਚ ਗੁਰੂ ਹਰਿ ਰਾਇ ਜੀ ਅਜਿਹੀ ਰਹਿਮਤ ਕਰ ਰਹੇ ਹਨ ਕਿ ਜਿਨ੍ਹਾਂ ਲੋਕਾਂ ਦੇ ਹਿਰਦੇ ਹਿਮਾਲਾ

੧ ਲਖਮੀ ਚੰਦ ਜੀ ਦੇ ਪੋਤਰੇ।

 www.sikhbookclub.com

ਪਰਬਤ ਵਾਂਗ ਜੜ੍ਹ ਤੇ ਅਗਿਆਨੀ ਹਨ, ਐਸਿਆਂ 'ਤੇ ਵੀ ਗੁਰਬਚਨਾਂ ਦੀਆਂ ਕਿਰਣਾਂ ਸੁੱਟ ਕੇ ਜੀਵਨ ਵਿਚ ਹਰਕਤ ਪੈਦਾ ਕਰ ਦੇਂਦੇ ਹਨ। ਜਿਸ 'ਤੇ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਉਹ ਬੂੰਦ ਵਾਂਗ ਢੁਲ-ਢੁਲ ਕੇ ਗੁਰ ਸਾਗਰ ਵਿਚ ਘੁਲ ਮਿਲ ਜਾਂਦਾ ਹੈ। ਭਗਵਾਨ ਗਿਰ ਇਹ ਧਾਰ ਆਇਆ ਕਿ ਜੇ ਇਤਨੇ ਕਲਾਵਾਨ ਹਨ ਤਾਂ ਮੈਨੂੰ ਚਤੁਰਭੁਜ ਦੇ ਰੂਪ ਵਿਚ ਦਰਸ਼ਨ ਦੇਣ।

ਐਸਾ ਹੀ ਹੋਇਆ। ਦਰਸ਼ਨ ਕਰ ਸੁਧ-ਬੁਧ ਭੁੱਲ੍ਹ ਗਈ। ਹੋਸ਼ ਆਈ ਤਾਂ ਦੀਖਿਆ ਮੰਗੀ। ਗੁਰੂ ਹਰਿ ਰਾਇ ਜੀ ਨੇ ਕਿਹਾ ਕਿ ਤੁਸੀਂ ਜਿਸ ਦੇ ਦਰਸ਼ਨ ਦੀ ਸੱਧਰ ਲੈ ਕੇ ਆਏ ਸਾਓ, ਉਹ ਪੂਰੀ ਹੋਈ, ਹੁਣ ਤੁਸੀਂ ਬਾਬਾ ਸ੍ਰੀ ਚੰਦ ਦੇ ਪੜੋਤੇ ਬਾਬਾ ਮੇਹਰ ਚੰਦ ਜੀ ਪਾਸ ਜਾਓ ਕਿਉਂਕਿ ਭਗਵਾਨ ਗਿਰ ਦੀ ਇੱਛਾ ਭੇਖ ਲੈਣ ਦੀ ਸੀ ਤੇ ਸਾਥੀ ਸਾਧੂਆਂ ਨੂੰ ਨਾਲ ਰੱਖਣਾ ਲੋੜਦਾ ਸੀ। ਹਉ ਦਾ ਬੀਜ ਅਜੇ ਜੜ੍ਹੋਂ ਨਹੀਂ ਸੀ ਪੁੱਟਿਆ ਗਿਆ। ਇਕ ਹੋਰ ਗੱਲ ਵੀ ਸਿੱਧ ਕਰਨੀ ਸੀ ਕਿ ਹੁਣ ਬਾਬਾ ਸ੍ਰੀ ਚੰਦ ਜੀ ਦੇ ਖ਼ਾਨਦਾਨ ਦਾ ਗੁਰੂ ਘਰ ਨਾਲ ਕੋਈ ਵਿਰੋਧ ਨਹੀਂ ਹੈ। ਉਨ੍ਹਾਂ ਭੇਖ ਦਿੱਤਾ ਤੇ ਇਹ ਪਰਚਾਰ ਲਈ ਨਿਕਲੇ। ਪਰਚਾਰ ਕਰਦੇ ਦੇਖਿਆ ਕਿ ਕੋਈ ਪ੍ਰਭਾਵ ਨਹੀਂ ਪੈਂਦਾ। ਫਿਰ ਉਹ ਬਾਬਾ ਮੇਹਰ ਚੰਦ ਜੀ ਕੋਲ ਗਏ। ਉਨ੍ਹਾਂ ਕਿਹਾ : "ਇਹ ਮੇਰੇ ਵੱਸ ਦੀ ਗੱਲ ਨਹੀਂ ਹੈ। ਹੁਕਮ ਤਖ਼ਤ ਤੋਂ ਲੈ ਕੇ ਕਾਰਜ ਰਾਸ ਕਰੋ। ਸਭ ਵਡਿਆਈਆਂ ਗੁਰੂ ਹਰਿ ਰਾਇ ਪਾਸ ਹਨ। ਤੁਸੀਂ ਮਹਿੰਮਾ ਦੇਖ ਤਾਂ ਆਏ ਸੀ ਪਰ ਪ੍ਰਤੀਤ ਨਹੀਂ ਸੀ ਆਈ। ਹੁਣ ਪ੍ਰਤੀਤ ਕਰ, ਪ੍ਰੀਤ ਰੱਖ, ਨਿਜ ਮਤ ਤਿਆਗ, ਨਿਰਮਾਣ ਹੋ ਉਸ ਦਰ ਜਾਓ।" ਭਗਵਾਨ ਗਿਰ ਹੁਣ ਸਤਿਗੁਰ ਦੇ ਦਰ ਸਿੱਖੀ ਦੀ ਦਾਤ ਲੈਣ ਆਇਆ। ਸਾਥੀ ਸਾਧੂਆਂ ਨੂੰ ਕਿਹਾ : "ਜਿੱਥੇ ਮਰਜ਼ੀ ਹੈ ਚਲੇ ਜਾਓ।" ਆਪੂੰ ਦੀਨ ਹੋ ਗੁਰੂ ਦਰ ਪੁੱਜਾ। ਚਰਨ ਧੂੜ ਮਸਤਕ 'ਤੇ ਲਗਾ ਲਈ। ਡੰਡਉਤ ਕਰ ਦਰ 'ਤੇ ਹੀ ਡਿੱਗ ਪਿਆ।

ਮਹਾਰਾਜ ਨੇ ਨਾਮ ਦਾ ਪ੍ਰਕਾਸ਼ ਕੀਤਾ, ਆਤਮ ਬਲ ਬਖ਼ਸ਼ਿਆ ਤੇ ਫ਼ਰਮਾਇਆ :

**"ਆਗੇ ਆਓ, ਭਗਤਿ ਭਗਵਾਨ।**
**ਅਬ ਹੂਏ ਦਰਗਹ ਪਰਵਾਨ।"**

ਸੁਧ ਕੀ ਨਾ ਸੁਧ ਰਹੀ, ਬੁਧ ਕੀ ਨਾ ਬੁਧ ਰਹੀ ਵਾਲੀ ਅਵਸਥਾ ਤਾਰੀ ਹੋ ਗਈ। ਢੱਠੇ ਨੂੰ ਗੁਰੂ ਜੀ ਨੇ ਹੱਥਾਂ ਦਾ ਸਹਾਰਾ ਦੇ ਕੇ ਉਠਾਇਆ ਤੇ ਬਖਨ ਕੀਤੇ :

*ਅਬ ਤੁਮ ਪੂਰਬ ਦੇਸ਼ ਮੇ, ਜਾਓ ਕਰ ਉਪਦੇਸ਼।*
*ਸੁਨਤ ਬਚਨ ਸਭ ਕੋ ਦ੍ਰਿੜੇ, ਤੁਮ ਕੋ ਕਰੇ ਅਦੇਸ਼।*

ਜਿਥੇ ਵੀ ਹੁਣ ਜਾਏ, ਸਰਲ ਬਚਨ ਬੋਲਣ ਨਾਲ ਹੀ ਅਗਲੇ ਦੀ ਸੁਰਤਿ ਉੱਚੀ ਹੋ ਜਾਏ, ਨਾਮ ਦੀ ਰੰਗਤ ਚੜ੍ਹ ਜਾਏ। ਇਸ ਤਰ੍ਹਾਂ :

*"ਭਗਤ ਭਗਵਾਨ ਗੁਰ ਪਏ ਦਿਆਲਾ।*
*ਪੂਰਬ ਦੇਸ ਤਿਨ ਕੀਆ ਨਿਹਾਲਾ।"*

ਉੱਤਰ ਪ੍ਰਦੇਸ਼, ਬਿਹਾਰ ਤੇ ਹੋਰ ਮੁਲਕਾਂ ਵਿਚ ਭਗਤ ਭਗਵਾਨ ਦੀ ਕ੍ਰਿਪਾ

---

੧. ਤਖ਼ਤ ਹੁਕਮ ਲੈ ਕਾਰਜ ਕੀਜੈ।
ਤਬਿ ਉਪਦੇਸ਼ ਜਗਤ ਕਉ ਦੀਜੈ। (ਰਾਸ ੯, ਅੰਸ਼ ੮ ਸੂਰਜ ਪ੍ਰਕਾਸ਼)।

 www.sikhbookclub.com

ਨਾਲ ਤਿੰਨ ਸੌ ਸੱਠ ਤੋਂ ਵੀ ਵਧੀਕ ਧਰਮ ਅਸਥਾਨ, ਧਰਮਸਾਲਾਂ ਇਸ ਬਖ਼ਸ਼ ਦੇ ਸਾਧੂਆਂ ਨੇ ਬਣਵਾਏ। ਜਿੱਥੇ-ਜਿੱਥੇ ਵੀ ਗੁਰੂ ਨਾਨਕ ਜੀ ਦੇ ਚਰਨ ਪਏ ਸਨ, ਇਨ੍ਹਾਂ ਢੂੰਡ-ਢੂੰਡ ਗੁਰਦੁਆਰੇ ਉਸਾਰੇ।

ਪੰਜਾਬ, ਸਿੰਧ, ਬਿਹਾਰ, ਬੰਗਾਲ ਤੇ ਉੱਤਰ ਪ੍ਰਦੇਸ਼ ਵਿਚ ਇਨ੍ਹਾਂ ਦੇ ਮੁਖੀ ੧੨ ਚੇਲਿਆਂ ਤੇ ੧੯ ਹੋਰ ਸੇਵਕਾਂ ਨੇ ਸਿੱਖੀ ਦਾ ਪਰਚਾਰ ਕੀਤਾ।

**ਬਖ਼ਸ਼ ਸੁੱਥਰੇ ਸ਼ਾਹ—**ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਆਪਣੀ ਪੁਸਤਕ ਤਹਿਕੀਕਾਤਿ ਚਿਸ਼ਤੀ ਵਿਚ ਲਿਖਿਆ ਹੈ : "ਸੁੱਥਰਾ ਚੰਦ੍ਰਾਮਲ ਮਦਵਾਰਾ ਜ਼ਾਤ ਦਾ ਖੱਤਰੀ ਸੀ। ਉਸ ਦੇ ਨਾਨਕੇ ਨੰਦ ਖੱਤਰੀ ਸਨ। ਉਸ ਦੀ ਜਨਮ ਭੂਮੀ ਪਿੰਡ ਬਹਿਰਾਮਪੁਰ, ਬਾਰਾਮੂਲਾ ਲਾਗੇ ਸੀ। ਇਸ ਦੇ ਜਨਮ ਨੂੰ ਕੁਸ਼ਗਨਾ ਜਾਣ ਕੇ ਮਾਪੇ ਬਾਹਰ ਸੁੱਟ ਗਏ ਕਿਉਂਕਿ ਜੰਮਦਿਆਂ ਹੀ ਦੰਦੀਆਂ ਇਸ ਦੇ ਮੂੰਹ ਵਿਚ ਸਨ। ਰੋਣ ਦੀ ਆਵਾਜ਼ ਜਦ ਗੁਰੂ ਹਰਿਗੋਬਿੰਦ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਕਿਹਾ: "ਕੋਹਾ ਸੁਖਰਾ ਬਾਲ ਪਿਆ ਹੈ, ਚੁੱਕ ਕੇ ਸੰਭਾਲ ਤੇ ਪਾਲਣ ਦਾ ਪ੍ਰਬੰਧ ਕਰੋ।" ਮਹਾਰਾਜ ਦੇ ਮੁੱਖੋਂ ਸੁਥਰਾ ਸ਼ਬਦ ਉਚਾਰਿਆਂ ਸੁਣ ਨਾਮ ਹੀ ਸੁੱਥਰਾ ਪੈ ਗਿਆ। ਪੰਜ ਸਾਲਾਂ ਦਾ ਹੋਇਆ ਤਾਂ ਮਾਪੇ ਪਛਤਾਵਾ ਕਰ ਬੱਚੇ ਨੂੰ ਨਾਲ ਘਰ ਲੈ ਗਏ। ਮਾਪੇ ਗੁਜ਼ਰਨ ਉਪਰੰਤ ਸਭ ਘਰ ਦਾ ਧਨ ਮਾਲ ਧਰਮ ਅਰਥ ਕਰਕੇ ਸੁੱਥਰਾ ਗੁਰੂ ਦੇ ਚਰਨਾਂ ਵਿਚ ਫਿਰ ਆ ਗਿਆ। ਮਹਾਰਾਜ ਨੇ ਆਉਂਦਿਆਂ ਹੀ ਕਿਹਾ : 'ਆਓ ਸੁੱਥਰੇ ਸ਼ਾਹ'। ਲੋਕੀ ਸੁੱਥਰੇ ਸ਼ਾਹ ਕਹਿਣ ਲੱਗ ਪਏ। ਸੁਭਾਅ ਦਾ ਬੜਾ ਹੱਸਮੁਖ ਸੀ। ਗੁਰੂ ਸੇਵਾ ਦਾ ਸਦਕਾ ਬਚਨਾਂ ਵਿਚ ਸਤਿਆ ਵੀ ਆ ਗਈ, ਜੋ ਬੋਲੇ ਪੂਰਾ ਹੋਵੇ। ਬੜੇ ਕੌਤਕੀ ਢੰਗ ਨਾਲ ਪਰਚਾਰ ਕਰਦੇ ਸਨ। ਇਕ ਸਮੇਂ ਗੁਰੂ ਦਰਬਾਰ ਵਿਚ ਭੀੜ ਲੱਗੀ ਹੋਈ ਸੀ। ਕੋਈ ਅੱਗੇ ਨਾਂਹ ਆਉਣ ਦੇਵੇ। ਇਸ ਨੇ ਇਕ ਠੀਕਰੀਆਂ ਦੀ ਭਰੀ ਬੋਰੀ ਲਈ ਤੇ ਅੱਗੇ ਹੋ ਕੇ ਕਹਿਣ ਲੱਗਾ, "ਰਾਹ ਦਿਓ, ਭੇਟਾ ਕਰਨੀ ਹੈ।" ਜਦ ਗੁਰੂ ਹਜ਼ੂਰ ਆਇਆ ਤਾਂ ਬੋਰੀ ਨੂੰ ਹੀ ਮੱਥਾ ਟੇਕੀ ਜਾਏ। ਮਹਾਰਾਜ ਨੇ ਪੁੱਛਿਆ : "ਸੁਥਰੇ ਸ਼ਾਹ ਇਹ ਕੀ ਹੈ ?" ਤਾਂ ਕਹਿਣ ਲੱਗਾ, ਮਹਾਰਾਜ ! ਇਸੇ ਸਦਕਾ ਤਾਂ ਤੇਰੇ ਦਰਸ਼ਨ ਹੋਏ ਹਨ। ਨਹੀਂ ਤੇ ਤੇਰੇ ਚਰਨਾਂ ਤੱਕ ਕੌਣ ਪੁੱਜਣ ਦੇਂਦਾ।" ਉਸੇ ਵੇਲੇ ਹੁਕਮ ਹੋਇਆ ਕਿ ਕਾਰ ਭੇਟਾ ਤੋਸ਼ੇਖ਼ਾਨੇ ਤੇ ਰਸਦ ਸਿੱਧੀ ਲੰਗਰ ਪਾਈ ਜਾਏ। ਦਰਸ਼ਨਾਂ ਲਈ ਕਿਸੇ ਨੂੰ ਨਾਂਹ ਰੋਕਿਆ ਜਾਏ।

ਇਸੇ ਨੇ ਇਕ ਵਾਰੀ ਜਦ ਗੁਰੂ ਜੀ ਬਚਨ ਪਏ ਕਰਦੇ ਸਨ ਤਾਂ ਪਿੱਠ ਕਰ ਲਈ। ਸੰਗਤਾਂ ਬੁਰਾ ਮਨਾਇਆ ਤਾਂ ਮਹਾਰਾਜ ਨੇ ਪੁੱਛਿਆ : ਸੁੱਥਰਿਆ ! ਤੂੰ ਪਿੱਠ ਕਿਉਂ ਕੀਤੀ ? ਸੁੱਥਰਾ ਕਹਿਣ ਲੱਗਾ ਮਹਾਰਾਜ ! ਆਪ ਜੀ ਦੇ ਬਚਨ ਪਹਿਲਾਂ ਤਾਂ ਮੈਂ ਸਨਮੁੱਖ ਹੋ ਚਿਹਰੇ 'ਤੇ ਝੱਲਦਾ ਰਹਿਆ ਪਰ ਮੇਰੀ ਤਾਂ ਹੋਰ ਮੱਤਾ ਨਹੀਂ ਹੈ ਇਸ ਲਈ ਪਿੱਠ ਕੀਤੀ ਕਿ ਉੱਥੇ ਬਚਨਾਂ ਦੀ ਮਾਰ ਪਵੇ। ਪਤਾ ਨਹੀਂ ਬਚਨਾਂ ਦੇ ਤੀਰ ਸੰਗਤਿ ਕਿਵੇਂ ਸਹਾਰ ਲੈਂਦੀ ਹੈ ?

ਸਾਧੂ ਸੀਤਲ ਦਾਸ ਨੂੰ ਉਂਗਲਾਂ ਦਿਖਾ ਹੀ ਦਰਸਾ ਦਿੱਤਾ ਕਿ ਉਹ ਕੇਵਲ

 www.sikhbookclub.com

ਨਾਂ ਦਾ ਹੀ ਸੀਤਲ ਹੈ, ਅੰਦਰ ਅੱਗ ਸੁਲਗ ਰਹੀ ਸੂ।

ਔਰੰਗਜ਼ੇਬ ਵੇਲੇ ਤਾਂ ਜੁਰਅਤਿ ਦੀ ਹੱਦ ਦੱਸਦਿਆਂ ਦਿੱਲੀ ਜਾ ਕੇ ਕਈ ਵਾਰੀ ਮੌਲਾਨਿਆਂ, ਕਾਜ਼ੀਆਂ ਤੇ ਔਰੰਗਜ਼ੇਬ ਨੂੰ ਝੂਠਾ ਕੀਤਾ।

ਔਰੰਗਜ਼ੇਬ ਸਾਹਮਣੇ ਜਾ ਕੇ ਵੀ ਕਹਿ ਦਿੱਤਾ ਕਿ '**ਦਿਲ ਨਾ ਢਾਹ। ਇਹ ਹੀ ਰੱਬ ਦੀ ਮਸੀਤ ਹੈ**।' ਸਤਿਗੁਰੂ ਹਰਿ ਰਾਇ ਜੀ ਨੇ ਸੁੱਥਰੇ ਸ਼ਾਹ ਦੀ ਜੁਰਅਤਿ, ਸੁਰਤਿ ਅਡੋਲ ਤੇ ਪਵਿਤ੍ਰਤਾ ਦੀ ਮੂਰਤੀ ਦੇਖ ਕੇ ਇਕ ਬਖ਼ਸ਼ ਦਾ ਆਗੂ ਬਣਾਇਆ।

ਗੁਰੂ ਹੁਕਮ ਪਾ ਕੇ ਭਾਈ ਸਾਹਿਬ ਨੇ ਪੰਜਾਬ ਦੀਆਂ ਪਰਬਤੀ ਰਿਆਸਤਾਂ, ਕਸ਼ਮੀਰ ਤੇ ਬਲਖ ਬੁਖ਼ਾਰਾ ਤੱਕ ਸਿੱਖੀ ਦਾ ਝੰਡਾ ਲਹਿਰਾਇਆ। ਦਬਿਸਤਾਨ ਮਜ਼ਾਹਬ ਨੇ ਵੀ ਲਿਖਿਆ ਹੈ ਕਿ ਸੁੱਥਰਾ ਤੇ ਜਾਦੋ ਦੇ ਸਿਕਖਾਂ ਨੇ ਬੜੇ ਨਿਰਾਲੇ ਢੰਗ ਨਾਲ ਸਿੱਖੀ ਦੂਰ-ਦੂਰ ਤੱਕ ਫੈਲਾਈ।

ਇਸ ਬਖ਼ਸ਼ ਦੇ ਚਾਰ ਉੱਘੇ ਸੱਜਣ ਭਾਈ ਜਾਦੋ, ਭਾਈ ਭੂੰਜਾ ਸ਼ਾਹ, ਭਾਈ ਰਜ਼ਾਲ ਸ਼ਾਹ ਤੇ ਅੰਧੇਰ ਸ਼ਾਹ ਹੋਏ ਹਨ।

ਸੁੱਥਰੇ ਸ਼ਾਹ ਦੇ ਕਈ ਟੱਪੇ ਜੋ ਬਹੁਤ ਹੀ ਭਾਵ ਪੂਰਤ ਹਨ ਅਤੇ ਲੋਕਾਂ ਦੇ ਮੂੰਹ ਚੜ੍ਹੇ ਹਨ। ਬੜਾ ਸਿੱਧਾ ਪਰਚਾਰ ਉਨ੍ਹਾਂ ਦੀ ਕਵਿਤਾ ਵਿਚ ਸੀ।

ਜਿਵੇਂ :

*—ਹਾਥੀ ਘੋੜੇ ਮਾਲ ਧਨ, ਇਹ ਖਤਰਾ ਹੀ ਜਿੰਦ ਕਾ।*
*ਜੇ ਸੁਖ ਲੋੜੇਂ ਸੁਥਰਿਆ, ਸਿਮਰ ਨਾਮ ਗੋਬਿੰਦ ਕਾ।*
*—ਢੋਲ ਵਜੈ ਘਰ ਲੁਟੀਐ, ਲੋਕ ਜਾਣੈ ਵਿਆਹੁ।*
*ਸਾਹਿਬ ਅਰਥ ਨ ਬੀਜਿਓ, ਹੋਇਓ ਮੁਖ ਸਿਆਹੁ।*
*ਜਿਤ ਵੇਲੇ ਲੇਖਾ ਮੰਗੀਐ, ਗਲਿ ਪਲੂ ਤੇ ਮੁਹਿ ਘਾਹੁ।*
*ਰਾਹੋਂ ਘੁੱਥੇ ਸੁੱਥਰਿਆ, ਤਿੰਨਾਂ ਨੂੰ ਬੜਾ ਦਾਹ।*
*—ਸ਼ਾਬਾਸ਼ ਪੱਟੇ, ਸ਼ਾਬਾਸ਼ ਮੁਛੇ, ਸ਼ਾਬਾਸ਼ ਲੀਤੇ ਲੁੱਟ।*
*ਸ਼ਾਬਾਸ਼ਾਂ ਦਾ ਮਾਰਿਆ ਸੁਥਰਿਆ, ਕਹੀਂ ਨ ਲਹਿਸੇ ਝੱਟ।*
*—ਸੁਥਰਿਆ ਲੋਕਾਂ ਦੀਆਂ ਕਹਾਣੀਆਂ, ਧਰੈ ਕੰਮ ਨ ਕੋਇ।*
*ਜੋ ਤੈ ਕੰਮ ਸਵਾਰਨਾ, ਸਿਮਰ ਸਵੇਰੇ ਸੋਇ।*

ਮੀਰੀ ਪੀਰੀ ਦੇ ਮਾਲਕ ਗੁਰ ਉਪਮਾ ਵਿਚ ਉਸ ਕਮਾਲ ਦੀ ਪਉੜੀ ਕਹੀ :

*ਉਹ ਚਾਕਰ ਵੱਡੀ ਠਉਰ ਦਾ, ਕਰਨੀ ਹੈ ਪੂਰਾ।*
*ਘੋੜਾ ਉਸਦਾ ਲਖ ਦਾ, ਹਥਿਆਰੀ ਸੂਰਾ।*
*ਘਾਓ ਨ ਖਾਇ ਮਗਰ ਵਿਚਿ, ਸਨਮੁੱਖ ਮਗਰੂਰਾ।*
*ਖਵਈਆ ਮਾੜੇ ਦੁੱਧ ਦਾ, ਕਦੇ ਖਾਇ ਨ ਕੂਰਾ[1]*
*ਸਭੇ ਗੱਲਾਂ ਊਣੀਆਂ, ਨਾਉ ਤੇਰਾ ਪੂਰਾ।*

---

੧. ਉਹ ਸਵੱਛ ਭੋਜਨ ਪਾਂਦਾ ਹੈ। ਦੁੱਧ ਦਾ ਮਾਰਿਆ ਖੋਆ ਉਸ ਦਾ ਭੋਜਨ ਹੈ।

ਭਾਈ ਸੁੱਥਰੇ ਸ਼ਾਹ, ਛਵੰਜਾ ਵਰ੍ਹੇ ਦੀ ਆਯੂ ਭੋਗ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਕਾਲ ਚਲਾਣਾ ਕਰ ਗਏ। ਇਸ ਬਖ਼ਸ਼ ਦੇ ਹੋਰ ਉੱਘੇ ਸਿੱਖ ਭਾਈ ਝੰਗੜ ਸ਼ਾਹ, ਭਾਈ ਮੁਸ਼ਤਾਕ ਸ਼ਾਹ (ਲਾਹੌਰ), ਭਾਈ ਹਰੇ ਸ਼ਾਹ (ਬਟਾਲਾ) ਪ੍ਰਸਿੱਧ ਹੋਏ। ਇਨ੍ਹਾਂ ਦੇ ਦੋ ਅਸਥਾਨ ਇਕ ਚੌਕ ਛੱਤੀ ਖੂਹੀ ਅਤੇ ਦੂਜਾ ਖਜ਼ਾਨੇ ਦੇ ਕਟੜੇ ਲਾਗੇ ਸ੍ਰੀ ਅੰਮ੍ਰਿਤਸਰ ਦੇਖੇ ਜਾ ਸਕਦੇ ਹਨ ਅਤੇ ਕਈ ਹੋਰ ਨੂਰਮਹਲ, ਸਿੰਧ, ਜੌਨਪੁਰ ਤੇ ਅਫ਼ਗਾਨਿਸਤਾਨ ਵੀ ਹਨ।

**ਚੌਥੀ ਬਖ਼ਸ਼, ਭਾਈ ਮੀਹਾਂ ਸਾਹਿਬ**—ਮਹਾਨ ਕੋਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਖ਼ਵਾਜਾ ਅਰਜਾਨੀ ਦੀ ਕਰਨੀ 'ਤੇ ਖ਼ੁਸ਼ ਹੋ ਕੇ ਸੋਹਣਾਂ ਦਾ ਖ਼ਿਤਾਬ ਦਿੱਤਾ। ਕੀਰਤਪੁਰ ਰਹਿ ਕੇ ਇਹ ਸੇਵਾ ਕਰਦੇ ਰਹੇ। ਗੁਰੂ ਹਰਿ ਰਾਇ ਜੀ ਨੇ ਇਨ੍ਹਾਂ ਤੇ ਬਖਸ਼ਸ਼ ਕੀਤੀ ਤੇ ਗੁਰੂ ਸੇਵਾ ਵਿਚ ਜੁੱਟ ਗਏ। ਥਾਂ-ਥਾਂ ਪਰਚਾਰ ਕਰਦੇ ਰਹੇ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਾਕਾ ਸੁਣ ਉਸੇ ਸਮੇਂ ਨਗਰ ਮਰ੍ਹਾਲੇ ਵਿਚ ਚੜ੍ਹਾਈ ਕਰ ਗਏ। ਇਨ੍ਹਾਂ ਦੇ ਤਿੰਨੇ ਪੁੱਤਰਾਂ ਭਾਈ ਰਾਮਦੇਵ, ਸੰਤ ਰਾਮ ਜੀ ਤੇ ਭਾਈ ਗੁਰਦਿਆਲ ਜੀ ਨੇ ਗੁਰੂ ਦੀ ਸੇਵਾ ਆਪਣੇ ਪਿਤਾ ਵਾਂਗੂ ਹੀ ਕੀਤੀ।

ਗੁਰੂ ਤੇਗ਼ ਬਹਾਦਰ ਜੀ ਵੇਲੇ ਭਾਈ ਰਾਮ ਦੇਵ ਜੀ ਜਲ ਦੀ ਸੇਵਾ ਕਰਦੇ ਸਨ, ਗੁਰੂ ਜੀ ਜਦ ਬਾਂਗਰ ਦੇਸ਼ ਵਿਚ ਵਿਚਰ ਰਹੇ ਸਨ ਤਾਂ ਉਨ੍ਹਾਂ, ਇਤਨੀ ਜਲ ਦੀ ਸੇਵਾ ਕੀਤੀ ਕਿ ਨੌਵੇਂ ਪਾਤਸ਼ਾਹ ਨੇ ਤੁਰਤ ਕਿਹਾ : ਤੁਸਾਂ ਤਾਂ ਸੱਚ ਮੁੱਚ ਹੀ ਮੀਂਹ ਵਰਸਾ ਦਿੱਤਾ ਹੈ, ਅੱਜ ਤੋਂ ਤੂੰ ਸਾਡਾ ਮੀਹਾਂ ਹੀ ਹੋਇਆ। ਹੁਣ ਨਾਮ ਜਲ ਦੀ ਵਰਖਾ ਕੀਤਾ ਕਰੋ। ਘਰ-ਘਰ ਅੰਦਰ ਧਰਮਸਾਲ ਸਾਜੋ। ਅੰਨ ਪਾਣੀ ਦਾ ਲੰਗਰ ਲਗਾਓ।

ਗੁਰੂ ਜੀ ਨੇ ਬਲ੍ਹਦ, ਨਗਾਰਾ ਤੇ ਝੰਡਾ ਬਖਸ਼ਿਆ। ਇਹ ਨਗਰ-ਨਗਰ ਜਾ ਲੰਗਰ ਲਗਾਂਦੇ ਤੇ ਸ਼ਬਦ ਬਾਣੀ ਨਾਲ ਟੁੱਟਿਆਂ ਨੂੰ ਜੋੜਦੇ।

ਇਕ ਸਮੇਂ ਅਨੰਦਪੁਰ ਸਾਹਿਬ ਮਸਤੀ ਵਿਚ ਨਗਾਰਾ ਵਜਾਂਦੇ ਆ ਗਏ। ਦੀਵਾਨ ਦੀ ਅਜੇ ਸਮਾਪਤੀ ਨਹੀਂ ਸੀ ਹੋਈ। ਹੁਕਮ ਹੋਇਆ ਜੋ ਵੀ ਨਗਾਰਾ ਵਜਾ ਰਿਹਾ ਹੈ, ਉਸ ਦਾ ਨਿਸ਼ਾਨ ਤੇ ਨਗਾਰਾ ਖੋਹ ਲਵੋ। ਸੇਵਾਦਾਰ ਖੋਹ ਲੈ ਗਏ। ਆਪ ਜੀ ਨੇ ਰਤਾ ਵੀ ਰੋਸ ਨਾ ਕੀਤਾ। ਜਦ ਗੁਰੂ ਦਰਬਾਰ ਹਾਜ਼ਰ ਹੋਏ ਤਾਂ ਮਹਾਰਾਜ ਨੇ ਪੁੱਛਿਆ :

*"ਤੁਸਾਂ ਰਤਾ ਵੀ ਗਿਲਾ ਨਹੀਂ ਕੀਤਾ ।"*

ਤਾਂ ਹੱਥ ਜੋੜ ਕਹਿਣ ਲੱਗੇ :

"ਤੁਸਾਂ ਹੀ ਬਖ਼ਸ਼ੇ ਸਨ ਤੇ ਤੁਸਾਂ ਹੀ ਵਾਪਸ ਲੈ ਲਏ ਤਾਂ ਰੋਸ ਗਿਲਾ ਕਾਹਦਾ।"

ਗੁਰੂ ਗੋਬਿੰਦ ਸਿੰਘ ਜੀ ਨਿਰਮਾਣ ਤੇ ਨਿਰਲੇਪ ਬ੍ਰਿਤੀ ਦੇਖ ਹੋਰ ਪ੍ਰਸੰਨ ਹੋਏ। ਨਾਂਹ ਸਿਰਫ਼ ਨਗਾਰਾ ਤੇ ਨਿਸ਼ਾਨ ਹੀ ਮੋੜਿਆ ਸਗੋਂ ਇਕ ਸ੍ਰੀ ਸਾਹਿਬ, ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਅੱਧੀ ਦਸਤਾਰ ਸੀਸ ਦੀ ਵੀ ਦਿੱਤੀ।

ਇਸ ਬੱਖ਼ਸ਼ ਦੇ ਅਨੇਕਾਂ ਹੀ ਸੇਵਕ ਹੋਏ। ਸਾਰੇ ਪੰਜਾਬ ਤੇ ਉੱਤਰ ਪ੍ਰਦੇਸ਼,

 www.sikhbookclub.com

ਬਿਹਾਰ, ਉੜੀਸਾ, ਕਟਕ, ਮੱਧ ਭਾਰਤ ਵਿਖੇ ਅਮਰਾਵਤੀ ਤੇ ਉਜੈਨ ਤੱਕ ਅਤੇ ਕੰਧਾਰ ਵਿਚ ਜੋ ਵੱਡੀ ਧਰਮਸਾਲਾ ਪ੍ਰਸਿੱਧ ਹੈ, ਉਹ ਵੀ ਮੀਹਾਂ ਸਾਹਿਬ ਦੇ ਚੇਲੇ (ਭਾਈ ਮਾਨ ਦਾਸ) ਜੀ ਦੇ ਉੱਦਮ ਉਪਰਾਲੇ ਨਾਲ ਹੀ ਬਣੀ ਸੀ। ਭਾਈ ਸਾਹਿਬ ਦਾ ਅਕਾਲ ਚਲਾਣਾ ਪਿੰਡ ਧੋਹੀਆਂ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ।

**ਪੰਜਵੀਂ ਬੱਖ਼ਸ਼, ਬੱਖ਼ਤ ਮਲੀਏ**—ਗੁਰ ਉਦਾਸੀਨ ਮੱਤ ਦਰਪਣ ਨੇ ਬੱਖ਼ਤ ਮਲ ਨੂੰ ਵੀ ਗੁਰੂ ਹਰਿ ਰਾਇ ਜੀ ਕੋਲੋਂ ਹੀ ਬਖ਼ਸ਼ਸ਼ ਲੈ ਦਰਸਾਇਆ ਹੈ। ਇਹ ਕਾਬਲ ਵਿਚ ਕਾਰ ਭੇਟ ਇਕੱਠੀ ਕਰਦੇ ਸਨ ਅਤੇ ਨਿਜ 'ਤੇ ਰਤਾ ਭਰ ਵੀ ਖ਼ਰਚ ਨ ਕਰਦੇ। ਐਚ. ਏ. ਰੋਜ਼ ਨੇ ਗਲਾਸਰੀ ਔਫ਼ ਦੀ ਟਾਈਮਜ਼ ਐਂਡ ਕਾਸਟਮ ਔਫ਼ ਦੀ ਪੰਜਾਬ ਵਿਚ ਲਿਖਿਆ ਹੈ ਕਿ ਬੱਖ਼ਤ ਮਲੀਏ ਸਾਧੂ ਸਿੰਘਾਂ ਦੀ ਹੀ ਇਕ ਸੰਪ੍ਰਦਾ ਹੈ ਜੋ ਬੱਖ਼ਤ ਮਲ ਜੀ ਤੋਂ ਚੱਲੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਸੋਧਿਆ ਤਾਂ ਉਨ੍ਹਾਂ ਵਿਚ ਇਸੇ ਬੱਖਤ ਮਲ ਨੇ ਮਾਤਾ ਗੁਜਰੀ ਪਾਸ ਸ਼ਰਨ ਲਈ ਅਤੇ ਨਾਰੀ ਦਾ ਭੇਸ ਬਣਾ ਲਿਆ। ਇਸ ਗੱਦੀ ਦੇ ਮਹੰਤ ਹੁਣ ਤੱਕ ਚੂੜੀਆਂ ਪਹਿਨਦੇ ਹਨ। ਇਸ ਸੰਪ੍ਰਦਾ ਦੇ ਸੇਵਕ ਬੱਖ਼ਸ਼ ਦੇ ਸਾਧ ਕਹਿਲਾਂਦੇ ਹਨ। ਪੰਜਾਬ, ਸਿੰਧ ਤੇ ਉੱਤਰ ਪ੍ਰਦੇਸ਼ ਵਿਚ ਇਸ ਬੱਖ਼ਸ਼ ਨੇ ਸਿੱਖੀ ਦਾ ਪ੍ਰਚਾਰ ਕੀਤਾ।

**ਛੇਵੀਂ ਬੱਖ਼ਸ਼, ਜੀਤ ਮਲੀਏ**—ਇਨ੍ਹਾਂ 'ਤੇ ਵੀ ਬਖ਼ਸ਼ਸ਼ ਗੁਰੂ ਹਰਿ ਰਾਇ ਜੀ ਦੀ ਹੋਈ। ਜਦ ਦਸੱਵੇਂ ਪਾਤਸ਼ਾਹ ਵੇਲੇ ਪੁੱਛ ਪੜਤਾਲ ਤੇ ਸੋਧ ਸੁਧਾਈ ਹੋਈ ਤਾਂ ਇਨ੍ਹਾਂ ਦਾ ਕਿਰਦਾਰ ਸੱਚਾ ਸੁੱਚਾ ਨਿਕਲਿਆ ਤੇ ਫਿਰ ਆਗਿਆ ਹੋਈ ਕਿ ਧਰਮ ਧੁਜਾ ਝੁਲਾਓ ਤੇ ਸਿੱਖੀ ਪ੍ਰਚਾਰ ਹੋਰ ਦ੍ਰਿੜ੍ਹ ਹੋ ਕੇ ਕਰੋ।

ਇਨ੍ਹਾਂ ਦਾ ਮੁਖ ਅਸਥਾਨ ਫਤਿਹਪੁਰ ਹੈ।

ਇਸੇ ਤਰ੍ਹਾਂ ਛੇ ਹੋਰ ਬੱਖ਼ਸ਼ਸ਼ਾਂ (ਬਾਬਾ ਬੁੱਢਾ ਜੀ ਦੀ ਸੰਤਾਨ), ਦੱਖਣੀ ਰਾਇ ਸਾਧੂ ਨੰਦ ਲਾਲ, ਦੀਵਾਨੇ, ਹੀਰਾ ਦਾਸੀਏ ਅਤੇ ਰਾਮ ਰਾਈਆਂ ਦਾ ਜ਼ਿਕਰ ਸਿੱਖ ਇਤਿਹਾਸ ਨੇ ਕੀਤਾ ਹੈ।

ਦੀਵਾਨਿਆਂ ਬਾਰੇ ਗਲਾਸਰੀ ਵਿਚ ਰੋਜ਼ ਨੇ ਲਿਖਿਆ ਹੈ ਕਿ ਗੁਰੂ ਹਰਿ ਰਾਇ ਦੀ ਆਗਿਆ ਨਾਲ ਹੀ ਭਾਈ ਬਾਲਾ ਤੇ ਭਾਈ ਹਰੀਆ ਨੂੰ ਬੱਖ਼ਸ਼ਸ਼ ਹੋਈ। ਇਹ ਪ੍ਰਚਾਰ ਕਰਦਿਆਂ ਦੀਵਾਨੇ ਹੀ ਹੋ ਜਾਂਦੇ ਹਨ। ਗਲ ਵਿਚ ਸਿੱਪੀਆਂ ਦੀ ਮਾਲਾ ਤੇ ਪਗੜੀ 'ਤੇ ਮੋਰ ਦੇ ਪੰਖ ਟੂੰਗ ਕੇ ਰੱਖਦੇ ਹਨ। ਇਨ੍ਹਾਂ ਨੇ ਪੱਛੜੀਆਂ ਜਾਤੀਆਂ ਵਿਚ ਬਹੁਤ ਪ੍ਰਚਾਰ ਕੀਤਾ। ਗੁਰੂ ਗ੍ਰੰਥ ਸਾਹਿਬ 'ਤੇ ਨਿਸ਼ਚਾ ਰੱਖਦੇ ਹਨ ਤੇ ਸਤਿਨਾਮ ਦਾ ਉਚਾਰਣ ਕਰਦੇ ਹਨ।

ਇਸ ਬਿਆਨ ਅਤੇ ਮਹਾਨ ਕੋਸ਼ ਤੇ ਪੰਥ ਪ੍ਰਕਾਸ਼ ਨੂੰ ਪੜ੍ਹਿਆਂ ਇਹ ਹੀ ਯਕੀਨ ਬਣਦਾ ਹੈ ਕਿ ਜਦ ਗੁਰੂ ਹਰਿ ਰਾਇ ਜੀ ਮਾਲਵਾ ਦੇਸ਼ ਵਿਚਰ ਰਹੇ ਸਨ ਤਾਂ ਮਨੋਹਰ ਦਾਸ (ਮਿਹਰਬਾਨ) ਨੇ ਇਕ ਚੇਲੇ ਬਾਬਾ ਭੂੰਦੜ ਦਾਸ ਨੂੰ ਮਸਤੀ ਦੇ ਭੇਖਾਂ ਵਿਚ ਅਟੁੱਟ ਤੇ ਦਿਨ ਰਾਤ ਦੀਵਾਨਿਆਂ ਵਾਂਗ ਸੇਵਾ ਕਰਦੇ ਦੇਖ 'ਦੀਵਾਨਾ ਸਾਹਿਬ' ਦਾ ਖ਼ਿਤਾਬ ਦਿੱਤਾ। ਇਨ੍ਹਾਂ ਬੱਖ਼ਸ਼ਾਂ ਤੋਂ ਇਹ ਸਾਫ਼ ਪ੍ਰਤੀਤ ਹੋ ਜਾਂਦਾ ਹੈ ਕਿ ਗੁਰੂ ਹਰਿ ਰਾਇ ਜੀ ਦੀ ਕ੍ਰਿਪਾ ਨਾਲ ਸਿੱਖੀ ਦਾ ਪ੍ਰਚਾਰ ਦੂਰ-ਦੂਰ ਤੱਕ ਹੋਇਆ ਅਤੇ ਪਿੱਛੋਂ ਵੀ ਟੁਰਦਾ ਰਹਿਆ।


www.sikhbookclub.com

## ੮
# ਕੌਤਕ ਤੇ ਕਰਮ

**ਪਖੰਡੀ ਸੱਪ ਨਿਆਈਂ**––ਸੋਹਣਾ ਲਿਖਿਆ ਹੈ ਨਿਹਾਲ ਸਿੰਘ ਜੀ ਨੇ ਕਿ ਗੁਰੂ ਹਰਿ ਰਾਇ ਜੀ ਕੀਰਤਪੁਰ ਵਿਖੇ ਰੋਜ਼ ਜੀਵਾਂ ਨੂੰ ਸ਼ਾਂਤੀ ਦੇਣ ਲਈ ਕੌਤਕ ਕਰ ਰਹੇ ਸਨ। 'ਨਿੱਤ ਕੌਤਕ ਸਾਤਿਕ ਕ੍ਰੀੜਤ ਭੇ।' ਉਹਨਾਂ ਕੌਤਕਾਂ ਤੇ ਬਖ਼ਸ਼ਸ਼ਾਂ ਦਾ ਕੋਈ ਅੰਤ ਨਹੀਂ ਪਰ ਕੁਝ ਕੁ ਉਜਾਗਰ ਹੋਣ ਕਰ ਕੇ ਸਾਡੇ ਇਤਿਹਾਸਕਾਰਾਂ ਨੇ ਲਿਖੇ ਹਨ ਜਿਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਹਰ ਭੁੱਲ ਤੇ ਚੁੱਕ ਤੋਂ ਸਿੱਖਾਂ ਨੂੰ ਸਦਾ ਲਈ ਬਚਾਉਣਾ ਲੋਚਦੇ ਸਨ।

ਇਕ ਦਿਨ ਗੁਰੂ ਹਰਿ ਰਾਇ ਜੀ ਸੈਰ ਨੂੰ ਜਾ ਰਹੇ ਸਨ ਕਿ ਡਿੱਠਾ ਨੇ ਕਿ ਸੱਪ ਨੂੰ ਕੀੜੇ ਮਕੌੜੇ ਚੰਬੜੇ ਹੋਏ ਹਨ ਤੇ ਕੀੜੇ ਵੱਢ-ਵੱਢ ਖਾ ਰਹੇ ਹਨ, ਸੱਪ ਤੜਪ ਰਿਹਾ ਹੈ ਅਤੇ ਖੱਲੜੀ ਤੋਂ ਥਾਂ-ਥਾਂ ਖ਼ੂਨ ਸਿੰਮ ਰਿਹਾ ਹੈ। ਗੁਰੂ ਹਰਿ ਰਾਇ ਜੀ ਨੇ ਅਰਧ ਚੰਨ ਨੁਮਾ ਤੀਰ ਸੱਪ ਨੂੰ ਮਾਰਿਆ ਤੇ ਸੱਪ ਨੇ ਦੋ ਚਾਰ ਪਲਸੇਟੇ ਮਾਰ ਦਮ ਤੋੜ ਦਿੱਤਾ।

ਮੁਭਾਵਕ ਹੀ ਸਿੱਖਾਂ ਨੇ ਪੁੱਛਿਆ ਕਿ ਤੁਸਾਂ ਇਹ ਕੌਤਕ ਕਿਉਂ ਕੀਤਾ ? ਮਹਾਰਾਜ ਨੇ ਕਿਹਾ :

ਇਹ ਇਕ ਪਖੰਡੀ ਪੰਡਿਤ ਸੀ, ਜਗ ਗੁਰੂ ਕਹਾਵੇ। ਦੰਭ ਦਿਖਾਂਦਾ ਸੀ, ਅਹੰਕਾਰ ਨਾਲ ਆਫ਼ਰਿਆ ਰਹਿੰਦਾ ਸੀ। ਨਿੰਮ੍ਰਤਾ ਨੇੜੇ ਨਹੀਂ ਸੀ। ਆਪਣੇ ਆਪ ਨੂੰ ਸਭ ਤੋਂ ਵੱਡਾ ਸਮਝਦਾ ਸੀ। ਲੋਕਾਂ ਨੂੰ ਭਗਤ, ਜੋਗ, ਵੈਰਾਗ ਦੀਆਂ ਕਹਾਣੀਆਂ ਤਾਂ ਸੁਣਾਂਦਾ ਸੀ ਪਰ ਹਿਰਦਾ ਖ਼ਾਲੀ ਸੀ। ਧਿਆਨ ਸਿਰਫ਼ ਮਾਇਆ ਠੱਗਣ ਵੱਲ ਸੀ :

*"ਠਗ ਠਗ ਜਗ ਧਨ ਬਹੁਤ ਬਟੋਰਾ।"*

ਚਿਉਂਟੀਆਂ ਸੇਵਕ ਸਨ ਜੋ ਹੁਣ ਵੱਢੂੰ-ਵੱਢੂੰ ਕਰ ਕੇ ਲੇਖਾ ਮੰਗ ਰਹੀਆਂ ਹਨ। ਬਿਨਾਂ ਗਿਆਨ ਜਗ ਗੁਰੂ ਕਹਾਵਣ ਵਾਲਿਆਂ ਦਾ ਇਹ ਹੀ ਹਸ਼ਰ ਹੁੰਦਾ ਹੈ।

ਫਿਰ ਸਾਰੀ ਸੰਗਤ ਨੂੰ ਜੋ ਨਾਲ ਸੀ, ਉਨ੍ਹਾਂ ਨੂੰ ਸੰਬੋਧਨ ਕਰ ਕੇ ਸੁੱਖਾਂ ਦੇ ਦਾਤੇ ਨੇ ਕਿਹਾ : **ਕਦੇ ਪੂਜਾ ਦਾ ਧਨ ਨਾ ਖਾਣਾ।** ਧਰਮ ਦੀ ਕਿਰਤ ਕਰ ਕੇ ਹੀ

**ਖਾਣਾ ਤੇ ਖਵਾਉਣਾ। ਜਿਸ ਐਸਾ ਕੀਤਾ ਹੈ ਉਸ ਦੇ ਸਭੇ ਥਾਨ ਗੁਰ ਕ੍ਰਿਪਾ ਨਾਲ ਸੁਹਾਣੇ ਹੋ ਜਾਂਦੇ ਹਨ।**

**ਗੁਰ ਪਿਤਾ ਦੇ ਬਚਨ ਸਨ** :

*ਪੂਜਾ ਅੰਸ ਨ ਇਹੁ ਕਬਿ ਖਾਹਿ।*
*ਹੋਇ ਦੁਖੰਦ, ਕੋ ਬਨਹਿ ਸਹਾਇ ਨ,*
*ਬਹੁਤ ਬਿਸੂ ਰਹਿ ਜਮ ਬਸਿ ਪਾਇ।*
*ਧਰਮ ਕਿਰਤ ਕਰ ਸੰਤਨ ਸੇਵਹਿ,*
*ਤਿਸ ਕੋ ਮੈ ਸਭਿ ਥਾਨ ਸੁਹਾਇ॥੧।*

ਇਹ ਸਭ ਉਨ੍ਹਾਂ ਉਪਦੇਸ਼ ਦਾਤਿਆਂ ਲਈ ਹੈ, ਜੋ ਗੱਲਾਂ ਤਾਂ ਅਸਮਾਨਾਂ ਦੀਆਂ ਕਰਦੇ ਹਨ ਪਰ ਬਿਨਾਂ ਸੇਵਾ, ਬਿਨਾਂ ਭਾਉ ਭਗਤੀ, ਬਿਨਾਂ ਨਾਮ ਅਭਿਆਸ, ਬਿਨਾਂ ਰਹਿਣੀ, ਬਿਨਾਂ ਅੰਦਰਲੇ ਤਿਆਗ ਦੇ, ਬਿਨਾਂ ਪ੍ਰੇਮਾ ਭਗਤੀ ਦੇ ਆਗੂ ਤੇ ਵੱਡੇ ਹੋ ਬੈਠਦੇ ਹਨ। ਸਿੱਖਾਂ ਦੇ ਘਰ ਵਿਚ ਨਿੰਮ੍ਰਤਾ ਹੀ ਪ੍ਰਵਾਨ ਹੈ।

**ਤੁਸੀਂ ਹੀ ਤਾਂ ਰਾਜ ਕਮਾਉਣਾ ਹੈ**—ਬਖ਼ਸ਼ਸ਼ਾਂ ਦੇ ਦਾਤੇ ਸਿੱਖਾਂ 'ਤੇ ਬਖ਼ਸ਼ਸ਼ਾਂ ਦੀ ਝੜੀ ਲਗਾ ਰਹੇ ਸਨ। ਹਰ ਕੌਤਕ ਕੌਮ ਲਈ ਲੀਹ ਦਾ ਕੰਮ ਦੇ ਰਿਹਾ ਸੀ।

ਗੁਰੂ ਹਰਿ ਰਾਇ ਜੀ ਆਪੂੰ ਇਕ ਵਾਰੀ ਘੁੜ ਸਵਾਰੀ ਦੇ ਕਰਤਬ ਦਿਖਾ ਰਹੇ ਸਨ ਅਤੇ ਇਤਨੀ ਫੁਰਤੀ ਨਾਲ ਉਨ੍ਹਾਂ ਘੋੜੇ ਨੂੰ ਦੌੜਾਇਆ ਕਿ ਇਕ ਲੜਕਾ ਤ੍ਰਭਕ ਕੇ ਪਿਛਾਂਹ ਹਟਿਆ ਤੇ ਡਿੱਗ ਪਿਆ। ਮਹਾਰਾਜ ਨੇ ਉਸੇ ਸਮੇਂ ਘੋੜੇ ਦੀ ਲਗਾਮ ਖਿੱਚੀ ਤੇ ਰੁਕ ਕੇ ਘੋੜੇ ਤੋਂ ਉਤਰੇ। ਸਹਿਮੇ ਹੋਏ ਬੱਚੇ ਨੂੰ ਸੰਭਾਲਿਆ, ਝਾੜਿਆ ਤੇ ਪੂੰਝਿਆ ਤੇ ਚੁੱਕ ਕੇ ਪਿਆਰ ਕੀਤਾ ਤੇ ਕਿਹਾ : 'ਤੁਸੀਂ ਹੀ ਤਾਂ ਰਾਜ ਕਮਾਉਣਾ ਹੈ। ਤੁਹਾਡੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਦੁਸ਼ਮਣਾਂ ਦੇ ਦਿਲ ਦਹਿਲਣੇ ਹਨ। ਕਦੇ ਨਾ ਡਰਨਾ ਭਾਵੇਂ ਸਾਹਮਣੇ ਗੋਲੀ ਬਾਰੂਦ ਚਲਦਾ ਹੋਵੇ।' ਬੜਾ ਸਾਹਸ ਭਰਿਆ ਗੁਰੂ ਜੀ ਨੇ ਸਿੱਖਾਂ ਵਿਚ। ਇਸੇ ਦਾ ਸਦਕਾ ਸੀ ਕਿ ਸਿੱਖ ਯੋਧੇ ਬਣੇ, ਦਾਨੇ ਬਣੇ ਅਤੇ ਐਸੇ ਸਿਰੜੀ ਕਿ ਕੱਟ ਗਏ ਪਰ ਈਨ ਨਾ ਮੰਨੀ।

ਰਤਾ ਕੁ ਹੁਣ ਉਹ ਪੈਰਾ ਪੜ੍ਹੋ, ਜੋ ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਦੀ ਜੁਰਅਤ ਤੇ ਜੰਗੀ ਕਰਤਬਾਂ ਬਾਰੇ ਲਿਖਿਆ। ਇਹ ਸਭ ਬਰਕਤਾਂ ਸੱਤਵੇਂ ਪਾਤਸ਼ਾਹ ਦੀਆਂ ਸਨ।

ਨੂਰ ਮੁਹੰਮਦ ਨੇ ਲਿਖਿਆ- ਜੇ ਤੈਨੂੰ ਲੜਾਈ ਦਾ ਕਸਬ ਸਿੱਖਣੇ ਦਾ ਚਾਅ ਹੈ ਤਾਂ ਰਣ ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਅਜਿਹੇ ਢੰਗ ਸਿਖਾਲਣਗੇ ਕਿ ਸਾਰੇ ਪਏ ਵਾਹ-ਵਾਹ ਕਰਨ। ਹੇ **ਤਲਵਰੀਏ ! ਜੇ ਤੈਨੂੰ ਜੰਗੀ ਹੁਨਰ ਸਿੱਖਣ ਦਾ ਚਿੱਤ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਦੁਸ਼ਮਣਾਂ ਨੂੰ ਭਾਂਜ ਦੇ ਕੇ ਸਾਫ਼ ਬਚ ਜਾਈਦਾ ਹੈ।**

"ਲੜਾਈ ਦੇ ਸਮੇਂ ਇਹ ਸੱਚਮੁੱਚ ਸ਼ੇਰ ਹਨ ਤੇ ਸਖ਼ਾਵਤ ਸਮੇਂ ਇਹ ਹਾਤਮ ਨੂੰ ਵੀ ਮਾਤ ਦੇ ਜਾਂਦੇ ਹਨ। ਇਹਨਾਂ ਸਾਹਮਣੇ ਕੋਈ ਅੜ ਨਹੀਂ ਸਕਦਾ। ਭਾਵੇਂ

 www.sikhbookclub.com

ਉਹ ਕਿਤਨਾ ਵੀ ਵੱਡਾ ਜਰਵਾਣਾ ਕਿਉਂ ਨਾ ਹੋਵੇ। ਜਦ ਸਿੱਖ ਨੇਜ਼ਾ ਪਕੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਜੜਾਂ ਪਾ ਦੇਂਦੇ ਹਨ। ਜਦ ਉਹ ਨੇਜ਼ੇ ਦੀ ਅਣੀ ਉਤਾਂਹ ਚੁੱਕਦੇ ਹਨ ਤਾਂ ਅੱਗੇ ਭਾਵੇਂ ਕੋਹ ਕਾਫ਼ ਹੋਵੇ, ਉਸ ਨੂੰ ਵੀ ਪਾਸ਼-ਪਾਸ਼ ਕਰ ਦੇਂਦੇ ਹਨ। ਜਦ ਉਹ ਕਮਾਨ 'ਤੇ ਚਿੱਲਾ ਚੜ੍ਹਾਂਦੇ ਹਨ ਤੇ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰੱਖਦੇ ਅਤੇ ਫਿਰ ਚਿੱਲੇ ਨੂੰ ਖਿੱਚ ਕੇ ਕੰਨ ਤੀਕ ਤੀਰ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰ-ਥਰ ਕੰਬਣ ਲੱਗ ਜਾਂਦਾ ਹੈ। ਜਦ ਤੀਰ ਛੁੱਟਦਾ ਹੈ ਤਾਂ ਵੈਰੀ ਲਈ ਕਫ਼ਨ ਬਣ ਜਾਂਦਾ ਹੈ।

**ਭਾਉ ਭਗਤ ਦਾ ਭੁੱਖਾ**—ਜੇ ਗੋਬਿੰਦ ਪਿਆਰ ਦਾ ਭੁੱਖਾ ਹੈ ਤਾਂ ਗੋਬਿੰਦ ਰੂਪ ਗੁਰੂ ਪਿਆਰ ਲਈ ਪੈਂਡੇ ਮਾਰ, ਨੇਮ ਤੋੜ ਵੀ ਪਿਆਰ ਦੀ ਪਿਆਸ ਬੁਝਾਂਦਾ ਹੈ। ਕਿੱਥੇ ਕਸ਼ਮੀਰ ਤੇ ਕਿੱਥੇ ਕੀਰਤਪੁਰ। ਗੁਰੂ ਹਰਿਗੋਬਿੰਦ ਮਾਈ ਭਾਗ ਭਰੀ ਦੀ ਇੱਛਾ ਪੂਰਨ ਲਈ ਗਏ। ਭਾਈ ਸਾਧੂ ਤੇ ਰੂਪਾ ਜਿਨ੍ਹਾਂ ਪਿਆਰ ਦੀ ਖੇਡ ਖੇਡਦੇ ਜਾਨ ਤਕ ਦੀ ਬਾਜ਼ੀ ਲਗਾ ਦਿੱਤੀ ਸੀ, ਗੁਰੂ ਹਰਿਗੋਬਿੰਦ ਜੀ ਦੋ ਘੁੱਟ ਪਾਣੀ ਪੀਣ ਲਈ ਕੋਹਾਂ ਦਾ ਪੈਂਡਾ ਮਾਰ ਕੇ ਗਏ।

ਇਕ ਮਾਈ ਜਿਸ ਦਾ ਨਾਂ ਸਾਡੇ ਇਤਿਹਾਸ ਨੇ ਮਾਈ ਤਾਬੋ ਲਿਖਿਆ ਹੈ, ਚਿਰਾਂ ਤੋਂ ਸਿਕਾਂ ਪਈ ਸਿਕਦੀ ਸੀ ਕਿ ਗੁਰੂ ਰਾਇ ਜੀ ਉਸ ਦੀ ਝੁੱਗੀ ਪੁੱਜ, ਆਵਾਜ਼ ਮਾਰ ਉਸ ਦੇ ਹੱਥੀਂ ਬਣਾਇਆ ਪ੍ਰਸ਼ਾਦ ਛੱਕਣ। ਇਕ ਟਕਾ ਉਸ ਕਿਰਤ ਕਰ ਕਮਾਇਆ ਅਤੇ ਘਿਓ ਖੰਡ ਵਿਚ ਗੁੰਨ੍ਹ ਪ੍ਰਸ਼ਾਦੇ ਪਕਾਏ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*"ਇਕ ਟਕਾ ਤਿਸ ਮਿਹਨਤ ਪਾਈ,*
*ਲੀਏ ਸਮਗ੍ਰੀ ਗ੍ਰਿਹਿ ਮੇ ਮਾਈ ॥"*

ਮਿੱਠੇ ਪਰਸ਼ਾਦੇ ਬਣਾਏ। ਗੁਰੂ ਉਡੀਕਾਂ ਵਿਚ ਬੈਠ ਗਈ। ਜਾਣਨ ਹਾਰ ਗੁਰੂ ਸ਼ਿਕਾਰ ਬਹਾਨੇ ਦੂਰ ਤਕ ਨਿਕਲ ਗਏ। ਲੱਗਦਾ ਇੰਞ ਸੀ ਕੀ ਕਿਸੇ ਸ਼ਿਕਾਰ ਦਾ ਪਿੱਛਾ ਕਰ ਕੇ ਘੋੜੇ ਨੂੰ ਦੁੜਾਈ ਜਾ ਰਹੇ ਹਨ ਪਰ ਅੱਜ ਤਾਂ ਉਹ ਆਪ ਹੀ ਪ੍ਰੇਮ ਬਾਣਾਂ ਦੇ ਵਿੰਨ੍ਹੇ ਹੋਏ ਪ੍ਰੇਮੀ ਮਾਈ ਵੱਲ ਜਾ ਰਹੇ ਸਨ।

ਘੋੜੇ 'ਤੇ ਹੀ ਚੜ੍ਹੇ, ਝੁੱਗੀ ਪਾਸ ਜਾ ਆਵਾਜ਼ ਮਾਰੀ : 'ਮਾਂ, ਪਰਸ਼ਾਦ ਛਕਾ ! ਭੁੱਖ ਲੱਗੀ ਹੈ। ਚੜ੍ਹੇ ਘੋੜੇ ਹੀ ਪ੍ਰਸ਼ਾਦ ਛਕਿਆ। ਮਾਈ ਤਾਬੋ ਨੇ ਚਰਨ ਪਰਸੇ। ਨਿਹਾਲ ਹੋਈ, ਤ੍ਰੈਕਾਲ ਦੀ ਸੋਝੀ ਪਾਈ।

ਸਾਥੀ ਸਵਾਰਾਂ ਨੇ ਜਾਤਾ ਕਿ ਗੁਰੂ ਜੀ ਨੂੰ ਭੁੱਖ ਨੇ ਸਤਾਇਆ ਹੈ ਅਤੇ ਝੁੱਗੀ ਨੇੜੇ ਜਾਣ ਪ੍ਰਸ਼ਾਦ ਮੰਗਿਆ ਹੈ। ਸੋ ਅਗਲੇ ਦਿਨ ਗੁਰੂ ਜੀ ਸ਼ਿਕਾਰ 'ਤੇ ਚੜ੍ਹੇ ਤਾਂ ਉਹਨਾਂ ਪ੍ਰਸ਼ਾਦ ਨਾਲ ਹੀ ਰੱਖ ਲਿਆ ਤੇ ਸਮਾਂ ਦੇਖ ਕੇ ਪ੍ਰਸ਼ਾਦ ਪਾਉਣ ਲਈ ਬੇਨਤੀ ਕੀਤੀ।

ਗੁਰੂ ਮਹਾਰਾਜ ਨੇ ਕਿਹਾ : "ਤੁਸੀਂ ਬੇ-ਮਰਿਯਾਦਾ ਪ੍ਰਸ਼ਾਦਿ ਕਿਉ ਲਿਆਏ

 www.sikhbookclub.com

ਹੋ ? ਤੁਸੀਂ ਤਾਂ ਜਾਣਦੇ ਹੀ ਹੋ ਕਿ ਪ੍ਰਸ਼ਾਦ ਸਦਾ ਲੰਗਰ ਵਿਚ ਬੈਠ ਹੀ ਛਕੱਦਾ ਹਾਂ।' ਸਿੱਖਾਂ ਹੱਥ ਜੋੜ ਕਿਹਾ ਕਿ ਕਲ੍ਹ ਤਾਂ ਆਪ ਜੀ ਨੇ ਬਿਨ ਹੱਥ ਧੋਏ ਘੋੜੇ ਚੜ੍ਹੇ ਵੀ ਖਾ ਲਿਆ ਸੀ ਤੇ ਅੱਜ ਸਾਡਾ ਆਂਦਾ ਸਵੀਕਾਰ ਨਹੀਂ ਕਰਦੇ। ਮਹਾਰਾਜ ਨੇ ਸਮਝਾਂਦੇ ਕਿਹਾ ਕਿ ਮਾਈ ਕਿਰਤ ਕਰ ਕੇ ਪ੍ਰੇਮ ਕਰ ਬੈਠੀ ਸੀ। ਮੈਂ ਪ੍ਰੇਮ ਦਾ ਖਿੱਚਿਆ ਗਿਆ ਸਾਂ। ਇਹ ਰੀਤ ਗੁਰੂ ਨਾਨਕ ਜੀ ਨੇ ਹੀ ਚਲਾਈ ਹੈ। ਪ੍ਰੇਮ ਭੋਜਨ ਦਾ ਸਵਾਦ ਹੀ ਹੋਰ ਹੈ। ਪ੍ਰੇਮ ਸਵਾਦ ਤੇ ਪ੍ਰੀਤਮ ਤ੍ਰਿਪਤੈ :

*"ਪ੍ਰੇਮ ਪ੍ਰਤੀਤ ਮੋ ਕੋ ਅਤਿ ਪਿਆਰੀ,*
*ਪ੍ਰੀਤ ਰੀਤ ਕੀ ਕ੍ਰਿਆ ਨਿਆਰੀ।*
*ਜਿਸ ਪ੍ਰੇਮ ਹੋਏ ਸੋ ਮਹਿਮਾ ਜਾਨੇ,*
*ਪ੍ਰੇਮ ਸੁਆਦ ਪ੍ਰੀਤਮ ਮਨ ਮਾਨੇ।"*

**ਬਾਂਧੇ ਭਗਤ ਨ ਛੂਟੇ ਮੋਹਿ**—ਭਗਤ ਨਾਮ ਦੇਵ ਜੀ ਨੇ ਸਾਰੰਗ ਰਾਗ ਦੇ ਇਸ ਸ਼ਬਦ ਵਿਚ ਅਟੱਲ ਸਚਾਈ ਲਿਖੀ ਹੈ ਕਿ ਪ੍ਰਭੂ ਦਾ ਕਹਿਣਾ ਹੈ ਕਿ ਜੋ ਨਿਰਾ ਰੱਬ ਦਾ ਹੈ, ਰੱਬ ਵੀ ਉਸੇ ਦਾ ਰੂਪ ਹੈ :

*"ਦਾਸ ਅਨਿੰਨ, ਮੇਰੋ ਨਿਜ ਰੂਪ।"*

ਰੱਬ ਦਾ ਇਹ ਵੀ ਫ਼ਰਮਾਨ ਹੈ ਕਿ ਮੇਰੀ ਬੱਧੀ ਭਗਤ ਛੁਡਾ ਸਕਦਾ ਹੈ ਪਰ ਜੇ ਭਗਤ ਮੈਨੂੰ ਬੰਨ੍ਹ ਲਵੇ ਤਾਂ ਮੇਰੇ ਕੋਲੋਂ ਛੁੱਟਦੀ ਨਹੀਂ। ਜੇ ਕਿਸੇ ਮੌਕੇ 'ਤੇ ਮੈਨੂੰ ਮੇਰਾ ਭਗਤ ਪ੍ਰੇਮ ਗੰਢਾਂ ਮਾਰ ਬੰਨ੍ਹ ਲਵੇ ਤਾਂ ਮੇਰੇ ਕੋਲੋਂ ਕੁਝ ਨਹੀਂ ਹੋ ਸਕਦਾ। ਮੈਂ ਨਿਰੁੱਤਰ ਹੋ ਜਾਂਦਾ ਹਾਂ। ਕੋਈ ਜਵਾਬ ਨਹੀਂ ਦੇ ਸਕਦਾ :

*ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ।*
*ਏਕ ਸਮੈਂ ਮੋ ਕਉ ਗਹਿ ਬਾਂਧੈ,*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥*

ਪ੍ਰਭੂ ਦਾ ਇਹ ਵੀ ਕਥਨ ਹੈ ਕਿ ਮੇਰੀ ਜ਼ਿੰਦਗੀ ਮੇਰੇ ਭਗਤ ਹਨ।[੧] ਮੈਂ ਤਾਂ ਗੁਣਾਂ ਦਾ ਖਿੱਚਿਆ ਹੋਇਆ ਹਾਂ। ਜਿਸ ਨੇ ਇਹ ਗੱਲ ਜਾਣ ਲਈ ਹੈ, ਉਸ ਦੇ ਹਿਰਦੇ ਪ੍ਰੇਮ ਦਾ ਚਾਨਣ ਹੋ ਜਾਂਦਾ ਹੈ।

ਇਸ ਸ਼ਬਦ ਦਾ ਪ੍ਰਤੱਖ ਪਰਮਾਣ ਉਲਥਾ ਭਾਈ ਗੌਂਦਾ ਜੀ ਦੀ ਸਾਖੀ ਹੈ।

ਭਾਈ ਗੌਂਦਾ ਜੀ ਕੀਰਤਪੁਰ ਤੋਂ ਪ੍ਰੀਤ ਰੀਤ ਸਿੱਖ ਹੁਕਮ ਪਾ ਕਾਬਲ ਗਏ। ਸਿੱਖੀ ਦੀ ਧੁੱਜਾ ਝੁਲਾਈ। ਲੰਗਰ ਲਗਾ ਦਿੱਤਾ। ਜੋ ਕਾਰ ਭੇਟ ਆਵੇ, ਲੋੜਵੰਦਾਂ ਵਿਚ ਵੰਡ ਦੇਂਦੇ। ਧਰਮਸਾਲ ਵੀ ਬੱਧੀ।

ਇਕ ਦਿਨ ਅੰਮ੍ਰਿਤ ਵੇਲੇ ਜਪੁਜੀ ਪੜ੍ਹਦੇ-ਪੜ੍ਹਦੇ ਧਿਆਨ ਗੁਰੂ ਦੇ ਚਰਨਾਂ ਵਿਚ ਜੁੜ ਗਿਆ। ਟਿਕੀ ਹੋਈ ਬ੍ਰਿਤੀ ਵਿਚ ਅਨੰਦ ਆਇਆ, ਅਨੰਦ ਰੂਪ ਹੀ ਹੋ ਗਏ।

---

੧ ਮੈਂ ਗੁਨ ਬੰਧ ਸਗਲ ਕੀ ਜੀਵਨਿ, ਮੇਰੀ ਜੀਵਨਿ ਮੇਰੇ ਦਾਸ ॥
(ਸਾਰੰਗ ਨਾਮਦੇਉ ਜੀ, ਪੰਨਾ ੧੨੫੩)


www.sikhbookclub.com

ਇਧਰ ਕੀਰਤਪੁਰ ਵਿਚ ਗੁਰੂ ਹਰਿ ਰਾਇ ਜੀ ਵੀ ਨਿਸ਼ਚਲ ਹੋ ਕੇ ਸੰਗਤ ਵਿਚ ਬੈਠੇ ਰਹੇ। ਉਹ ਇਸ ਕਾਰਣ ਨਾ ਉਠੱਣ ਕਿ ਕਾਬਲ ਵਿਚ ਬੈਠੇ ਗੋਂਦੇ ਦਾ ਕਿਧਰੇ ਤ੍ਰਾਹ ਹੀ ਨ ਨਿਕਲ ਜਾਏ। ਸਿੱਖ ਦੇ ਅਨੰਦ ਵਿਚ ਵਿਘਨ ਨਾ ਪਵੇ। ਲੰਗਰ ਦਾ ਸਮਾਂ ਹੋਇ ਆਇਆ। ਲਾਂਗਰੀ ਨੇ ਬੇਨਤੀ ਕੀਤੀ ਪਰ ਆਪ ਜੀ ਨੇ ਗੱਲ ਨਾ ਗੌਲੀ। ਦੋ ਪਹਿਰ ਇਸੇ ਰੰਗ ਵਿਚ ਗੁਜ਼ਰ ਗਏ। ਦੁਪਹਿਰ ਢੱਲਣ ਉਪਰੰਤ ਆਪ ਜੀ ਉੱਠੇ ਤੇ ਸੰਗਤਾਂ ਨੇ ਪਰਸ਼ਾਦ ਛਕਿਆ। ਸਿੱਖਾਂ ਪੁੱਛਿਆ : ਅੱਜ ਇਸ ਤਰ੍ਹਾਂ ਬੈਠੇ ਰਹਿਣ ਦਾ ਕਾਰਣ ਕੀ ਸੀ ? ਆਪ ਜੀ ਨੇ ਸਿਰਫ਼ ਇਤਨਾ ਕਿਹਾ ਕਾਬਲ ਵਿਚ ਗੌਂਦਾ ਛੱਡੇ ਤਾਂ ਉੱਠੀਏ।

ਜਦ ਕੁਝ ਸਮੇਂ ਬਾਅਦ ਭਾਈ ਗੌਂਦਾ ਜੀ ਕੀਰਤਪੁਰ ਆਏ ਤਾਂ ਰਮਜ਼ ਖੁਲ੍ਹੀ ਕਿ ਭਾਈ ਜੀ ਜਪੁਜੀ ਪੜ੍ਹਦਿਆਂ ਧਿਆਨ ਮਗਨ ਹੋ ਗਏ ਸਨ ਤੇ ਪ੍ਰੇਮ ਦੇ ਵਿੰਨ੍ਹੇ ਗੁਰੂ ਉਸ ਦੀ ਆਸ ਪੁਜਾ ਰਹੇ ਸਨ। ਸੱਚਮੁੱਚ ਹੀ ਗੁਰੂ ਦਾ ਜੀਵਨ, ਉਸ ਦੇ ਸਿੱਖ ਹੀ ਸਨ। ਗਿਆਨੀ ਗਿਆਨ ਸਿੰਘ ਜੀ ਨੇ ਇਸੇ ਲਈ ਕਿਹਾ ਸੀ ਕਿ ਮੱਖਣ ਨਾਲੋਂ ਵੀ ਕੋਮਲ ਹਨ, ਗੁਰੂ ਹਰਿ ਰਾਇ ਜੀ, **"ਕੋਮਲ ਅਤਿ ਨਵਨੀਤ ਤੇ"**। ਜਿਨ੍ਹਾਂ ਵੀ ਗੁਰੂ ਦਾ ਪਿਆਰ ਪਾਇਆ, ਉਹ ਗੁਣਾਂ ਵਾਲੇ ਤਾਂ ਹੋਇ ਹੀ, ਉਨ੍ਹਾਂ ਨੂੰ ਕ੍ਰੋਧ ਦੇ ਧੱਕੇ ਨਹੀਂ ਲੱਗਦੇ। ਤਰਕਾਂ ਤੇ ਨੁਕਤਾਚੀਨੀਆਂ ਤੋਂ ਬਚ ਜਾਂਦੇ ਹਨ ਤੇ ਭਵ ਸਾਗਰ ਪਾਰ ਹੋ ਜਾਂਦੇ ਹਨ :

*"ਕੋਹੈ[1] ਹੋਹੈਂ[2] ਲਗੈ ਨ ਤਰਕੈ[3]।*
*ਤਰ ਕੈ ਪਾਰ ਭਵਾਂਬੁਧ ਪਰ ਕੈ।।"*

SIKHBOOKCLUB.COM

**ਮਹਿਮਾ ਬਾਣੀ ਦੀ**—ਇਕ ਵਾਰੀ ਸਿੱਖਾਂ ਪੁੱਛਿਆ : ਪਾਤਸ਼ਾਹ ! ਪਾਠ ਤਾਂ ਨਿੱਤ ਨੇਮ ਨਾਲ ਕਰਦੇ ਹਾਂ ਪਰ ਕਈ ਤੁਕਾਂ ਦੇ ਅਰਥਾਂ ਦੀ ਸੋਝੀ ਨਹੀਂ ਪੈਂਦੀ। ਕੀ ਐਸੇ ਪਾਠ ਦਾ ਕੋਈ ਲਾਭ ਹੈ ? ਉਸ ਸਮੇਂ ਕੋਈ ਉੱਤਰ ਨਾ ਦਿੱਤਾ ਪਰ ਉਸੇ ਦਿਨ ਸਵਾਲ ਕਰਨ ਵਾਲਿਆਂ ਸਮੇਤ ਉਸ ਪਾਸੇ ਨਿਕਲ ਗਏ ਜਿਧਰ ਢੱਠਾ ਪਿੰਡ ਸੀ। ਗਲੀਆਂ ਵਿਚੋਂ ਇਸ ਠੀਕਰੀ ਵੱਲ ਇਸ਼ਾਰਾ ਕਰਦੇ ਸਿੱਖ ਨੂੰ ਆਗਿਆ ਦਿੱਤੀ ਕਿ ਉਸ ਵੱਲ ਵੇਖੋ। ਜਦ ਸਿੱਖਾਂ ਧਿਆਨ ਠੀਕਰੀ ਵੱਲ ਕੀਤਾ ਤਾਂ ਫ਼ਰਮਾਇਆ :

*"ਰਵ ਤੇਜ ਚਿਕਨਤਾ ਨਿਕਸਤ ਭਈ ।।"*

ਧੁੱਪ ਪੈਣ ਕਰ ਕੇ ਠੀਕਰੀ ਅੰਦਰ ਜੋ ਥਿੰਧਾਈ ਸੀ, ਉਹ ਬਾਹਰ ਆ ਗਈ ਹੈ। ਇਹ ਠੀਕਰੀ ਉਸ ਕੁੰਨੀ ਦੀ ਹੈ ਜਿਸ ਵਿਚ ਸਵਾਣੀ ਘਿਓ ਸਾਂਭ ਰੱਖਦੀ ਸੀ। ਇਸ ਠੀਕਰੀ ਦੇ ਕਣ-ਕਣ ਵਿਚ ਘਿਓ ਸਮਾ ਗਿਆ ਸੀ, ਜ਼ਰਾ ਕੁ ਧੁੱਪ ਲੱਗੀ ਹੈ ਤੇ ਚਿਕਨਾਈ ਬਾਹਰ ਆ ਗਈ ਹੈ। ਹੈ ਭਾਵੇਂ ਟੁੱਟੀ ਹੋਈ ਪਰ ਅਸਰ ਫਿਰ ਵੀ ਦਿਖਾ ਰਹੀ ਹੈ।

---

੧. ਕ੍ਰੋਧ।
੨. ਧੱਕੇ।
੩. ਤਰਕਾਂ ਤੇ ਨੁਕਤਾ-ਚੀਨੀਆਂ।

ਜੋ ਰੋਜ਼ ਪ੍ਰੇਮ ਸ਼ਰਧਾ ਧਾਰ ਪਾਠ ਕਰਦੇ ਹਨ, ਉਨ੍ਹਾਂ ਵਿਚ ਬਾਣੀ ਸਮਾ ਜਾਂਦੀ ਹੈ। ਸਹਿਜੇ-ਸਹਿਜੇ ਉਹ ਵੀ ਬਾਣੀ ਰੂਪ ਹੋ ਜਾਂਦੇ ਹਨ। ਬਾਣੀ ਜੋ ਅਗਾਧ ਤੇ ਅਥਾਹ ਹੈ ਉਸ ਨੂੰ ਤਾਂ ਨਹੀਂ ਪਾ ਸਕਦੇ ਪਰ ਜੀਵਨ ਬਾਣੀ ਵਾਂਗੂੰ ਹੀ ਢਾਲ ਲੈਂਦੇ ਹਨ। ਅਨੁਭਵ ਖੁਲਲ੍ਹ ਜਾਂਦਾ ਹੈ। ਸਮਾਂ ਆਉਣ 'ਤੇ ਜਦ ਕਦੇ ਬਿਪਤਾ ਆਏ ਵੀ ਤਾਂ ਬਾਣੀ ਸਹਾਰਾ ਬਣ ਕੇ ਬਾਹਰ ਆ ਖਲੋਂਦੀ ਹੈ, ਸਹਾਇਤਾ ਕਰਦੀ ਹੈ :

*"ਜਿਉ ਠੀਕਰੀ ਮਹਿ ਚਿਕਨਤਾ ਰਹੀ।*
*ਤਿਨ ਬਾਨੀ ਕੇ ਗੁਨ ਘਟ ਮੋ ਅਹੀ।*
*ਜੋ ਪਾਠ ਸਾਧਾਰਨ ਮੁਖ ਪੜ੍ਹੇ,*
*ਧਾਰ ਪ੍ਰੇਮ ਮਨ ਕੋਇ।*
*ਗੁਰਬਾਨੀ ਪਾਠ ਪ੍ਰਤਾਪ ਏ,*
*ਤਾ ਕੀ ਇਹ ਗਤਿ ਹੋਇ।"* [੧]

ਗੁਰਬਾਣੀ ਇਸ ਜਗ ਮੇਂ ਚਾਨਣ ਹੈ ਤੇ ਭਵ ਸਾਗਰ ਨੂੰ ਤਾਰਨ ਲਈ ਜਹਾਜ਼ ਬਣਾਇਆ ਹੈ। ਬਾਣੀ 'ਤੇ ਵੇਦ ਦਾ ਫ਼ਰਕ ਵੀ ਸਮਝਾਇਆ। ਵੇਦ ਜੋ ਹੈ ਉਹ ਵਿੱਦਿਆ ਤੋਂ ਹੋਇਆ ਹੈ। ਵੇਦ ਦੇ ਬਚਨ 'ਤੇ ਮਨ ਭਿੱਜਦਾ ਨਹੀਂ। ਤਰਕ ਵਿਚ ਜਾਂਦਾ ਹੈ। ਦਲੀਲ ਢੂੰਡਦਾ ਹੈ।

ਬਾਣੀ 'ਤੇ ਮਨ ਭਿੱਜਦਾ ਹੈ। ਬਾਣੀ ਭਗਤਾਂ 'ਤੇ ਉਤਪਤਿ ਹੋਈ ਹੈ। ਭਗਤ ਤੇ ਪ੍ਰਮੇਸ਼ਰ ਵਿਚ ਭੇਦ ਨਹੀਂ। ਜੋ ਕੁਝ ਭਗਤਾਂ ਬੋਲਿਆ ਉਹ ਪਰਮੇਸ਼ਰ ਦੇ ਵਾਕ ਹਨ। ਭਗਤ ਦੀ ਬਿਮਲ ਮਤਿ ਹੈ। ਜੋ ਕੁਝ ਬੋਲਦੇ ਹਨ ਅਗਾਧ ਮਤਿ ਬੋਲਦੇ ਹਨ। ਉਨ੍ਹਾਂ ਦੇ ਵਚਨ ਪਰਮੇਸ਼ਰ ਦੀ ਕ੍ਰਿਪਾ ਹੈ। ਸਤ ਵਚਨ 'ਤੇ ਮਨ ਭਿੱਜਦਾ ਹੈ। ਉਨ੍ਹਾਂ ਦੇ ਵਚਨ ਪਰਮੇਸ਼ਰ ਨੂੰ ਚੰਗੇ ਲੱਗਦੇ ਹਨ ਅਤੇ ਪਰਮੇਸ਼ਰ ਇਸੇ ਬਾਣੀ ਨਾਲ ਵਸ ਆਉਂਦਾ ਹੈ।

ਹੁਣ ਇਸ ਦਿੱਤੀ ਵੀਚਾਰ ਨਾਲ ਗੁਰੂ ਅੰਗਦ ਦੇਵ ਜੀ ਦਾ ਸਾਰੰਗ ਰਾਗ ਦੀ ਵਾਰ ਵਿਚ ਦਰਜ ਸਲੋਕ :

*ਕਥਾ ਕਹਾਣੀ ਬੇਦੀ ਆਣੀ, ਪਾਪ ਪੁੰਨ ਵੀਚਾਰ।*

ਰਲਾ ਕੇ ਪੜ੍ਹੋ, ਗੁਰਬਾਣੀ ਦੀ ਮਹਿਮਾ ਪਰਗਟ ਹੋ ਆਏਗੀ । ਬਾਣੀ ਅੰਮ੍ਰਿਤ ਭਰਪੂਰ ਹੈ। ਇਸ ਨੂੰ ਪੜ੍ਹਿਆਂ ਸੁਰਤਿ ਉਚੀ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਪੜ੍ਹਨ ਵਾਲਾ ਰੱਬ ਦੀ ਮੂਰਤ ਹੋ ਜਾਂਦਾ ਹੈ।

---

੧. ਮਹਿਮਾ ਪ੍ਰਕਾਸ਼ (ਸਾਖੀ ੧੩, ਪਾਤਸ਼ਾਹੀ ੭) ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਕ ਵਾਰੀ ਘਿਉ ਵਾਲੀ ਕੁੰਨੀ ਦੇ ਠੀਕਰੇ ਤੇ ਪਾਣੀ ਪਾ ਸਮਝਾਇਆ ਸੀ ਕਿ ਦੇਖੋ ਠੀਕਰੇ ਤੇ ਪਾਣੀ ਨਹੀਂ ਠਹਿਰਦਾ ਕਿਉਂਕਿ ਉਹ ਥਿੰਦੀ ਹੈ। ਤਿਵੇਂ ਜਿਨ੍ਹਾਂ ਦੇ ਸਰੀਰ ਰੂਪੀ ਠੀਕਰੇ ਵਿਚ ਬਾਣੀ ਜਾਂਦੀ ਹੈ, ਉਨ੍ਹਾਂ 'ਤੇ ਤ੍ਰਿਸ਼ਨਾ ਰੂਪੀ ਜਲ ਪ੍ਰਭਾਵ ਨਹੀਂ ਪਾ ਸਕਦਾ।

**ਅਦਬ ਬਾਣੀ ਦਾ**—ਬਾਣੀ ਦਾ ਅਦਬ ਕਿਸ ਹੱਦ ਤਕ ਕਰਨਾ ਹੈ, ਇਸ ਦੀ ਜਾਂਚ ਗੁਰੂ ਪਾਤਸ਼ਾਹ ਸਾਨੂੰ ਸਿਖਾਲਦੇ ਰਹਿੰਦੇ ਸਨ। ਇਕ ਸਮੇਂ ਸ਼ਬਦ ਪੜ੍ਹਦੇ ਰਾਤ ਨੂੰ ਸੰਗਤ ਪੁੱਜੀ ਆਈ ਤੇ ਜਿੱਥੇ ਗੁਰੂ ਜੀ ਬਿਰਾਜ ਰਹੇ ਸਨ ਉਥੇ ਹੇਠਾਂ ਆ ਉੱਚੀ-ਉੱਚੀ ਉਤਸ਼ਾਹ ਨਾਲ ਸ਼ਬਦ ਪੜ੍ਹਨ ਲੱਗ ਪਈ। ਗੁਰੂ ਮਹਾਰਾਜ ਦੀ ਜਾਗ ਖੁੱਲੀ, ਉਸੇ ਸਮੇਂ ਮੰਜਾ ਤਿਆਗ ਉੱਠ ਖੜੇ ਹੋਏ। ਐਸੀ ਕਰਣੀ ਵਿਚ ਮੰਜੀ ਦੀ ਬਾਹੀ ਨਾਲ ਚੋਟ ਲੱਗ ਗਈ। ਲੱਗੀ ਚੋਟ ਨਾਲ ਹੀ ਹੇਠਾਂ ਆਏ। ਸੰਗਤਾਂ ਦੇ ਦਰਸ਼ਨ ਕੀਤੇ। ਲੱਗੀ ਹੋਈ ਚੋਟ ਇਕ ਸਿੱਖ ਨੇ ਵੇਖੀ ਤੇ ਪੁੱਛ ਹੀ ਬੈਠਾ ਕਿ ਸ਼ਬਦ ਵੀ ਤੁਹਾਡੇ ਹਨ, ਬਾਣੀ ਵੀ ਤੁਹਾਡੀ ਹੈ, ਗ੍ਰੰਥ ਵੀ ਆਪ ਜੀ ਦਾ, ਫਿਰ ਇਤਨੀ ਸ਼ੀਘਰਤਾ ਦੀ ਕੀ ਲੋੜ ਸੀ? ਗੁਰੂ ਮਹਾਰਾਜ ਨੇ ਕਿਹਾ : ਤੁਸੀਂ ਠੀਕ ਕਹਿ ਰਹੇ ਹੋ ਪਰ ਇਹ ਸਦਾ ਯਾਦ ਰੱਖਣਾ ਕਿ ਇਹ ਅਨਭੈ ਬਾਣੀ ਹੈ। ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ। ਇਸ ਦਾ ਅਦਬ ਕਰਨਾ ਅਤਿ ਜ਼ਰੂਰੀ ਹੈ। ਸੰਸਾਰ ਜੋ ਅੱਗ ਦਾ ਸਮੁੰਦਰ ਹੈ, ਪਾਰ ਕਰਨ ਲਈ ਬੇੜੀ ਹੈ। ਤ੍ਰਿਸ਼ਨਾ ਰੂਪੀ ਹਿਰਨੀ ਨੂੰ ਮਾਰਨ ਲਈ ਸ਼ੇਰਨੀ ਰੂਪ ਹੈ। ਇਹ ਕਦੇ ਨਾ ਭੁੱਲਣਾ :

**"ਜੋ ਸਿੱਖ ਗੁਰਬਾਣੀ ਭੈ ਕਰੈ।**
**ਬਿਨ ਪ੍ਰਯਾਸ ਭਵ ਸਾਗਰ ਤਰੈ।**
**ਜਿਨ ਭੈ ਅਦਬ ਨ ਬਾਣੀ ਧਾਰਾ**
**ਜਾਨਹੁ ਸੋ ਸਿੱਖ ਨਹੀਂ ਹਮਾਰਾ।"**

SIKHBOOKCLUB.COM

ਇਹ ਅਦਬ ਦਾ ਰਾਹ ਹੀ, ਪ੍ਰਭੂ ਤਕ ਪੁਜਾਉਣ ਦਾ ਰਸਤਾ ਹੈ। ਕਾਰਨ ਕਾਰਜ ਦੀ ਇਹ ਸੰਗਲੀ ਹੈ। ਭੈ ਬਿਨਾਂ ਭਗਤੀ ਨਹੀਂ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ, ਮੁਕਤੀ ਬਿਨਾਂ ਅਨੰਦ ਨਹੀਂ ਅਤੇ ਅਨੰਦ ਬਿਨਾਂ ਪ੍ਰਭੂ ਰਸ ਨਹੀਂ :

ਹੁਕਮ ਕੀਤਾ :

*ਜੇਤਾ ਅਦਬ ਕਰੀਏ, ਉਹ ਥੋੜ੍ਹਾ ਹੈ।*
*ਇਹ ਨਿਜ ਸਰੂਪ ਹੈ।*
*ਇਸ ਨੂੰ ਜਾਣਨ ਵਾਲਾ ਮੇਰੇ ਪਦ ਕੋ ਪ੍ਰਾਪਤ ਹੋਵੇਗਾ।*[੧]

**ਰੋਗੀ ਕਾ ਪ੍ਰਭੂ ਖੰਡਹੁ ਰੋਗ**—ਕੁਠਾਰ ਦੇ ਰਾਜਾ ਰਣਜੀਤ ਦੇਵ ਨੂੰ ਝੋਲੇ ਦਾ ਰੋਗ ਹੋ ਗਿਆ ਸੀ ਤੇ ਕਈ ਥਾਈਂ ਭਟਕ ਹੋ ਆਇਆ ਪਰ ਇਲਾਜ ਨਾ ਹੋਇਆ। ਜਦ ਉਸ ਸੁਣਿਆ ਗੁਰੂ ਹਰਿ ਰਾਇ ਜੀ ਦੀ ਕ੍ਰਿਪਾ ਦ੍ਰਿਸ਼ਟੀ ਤੇ ਔਸ਼ਧੀ ਨਾਲ

---

੧. ਮਹਿਮਾ ਪ੍ਰਕਾਸ਼ ਵਾਰਤਕ

 www.sikhbookclub.com

ਦਾਰਾ ਵਰਗਾ ਵੀ ਅਰੋਗ ਹੋ ਗਿਆ ਹੈ ਤਾਂ ਉਹ ਸ਼ਰਧਾ ਧਾਰ ਕੀਰਤਪੁਰ ਆਇਆ। ਗੁਰੂ ਮਹਾਰਾਜ ਨੇ ਦਵਾ ਦਾਰੂ ਕੀਤਾ। ਬਖ਼ਸ਼ਸ਼ ਦਾ ਹੱਥ ਧਰਿਆ, ਸਤਿਨਾਮ ਉਚਾਰਨ ਲਈ ਕਿਹਾ। ਰਾਣੀ ਵੀ ਲੰਗਰ ਦੇ ਜੂਠੇ ਭਾਂਡੇ ਮਾਂਜਦੀ ਤੇ ਸਤਿਨਾਮ-ਸਤਿਨਾਮ ਜਪਦੀ ਰਹਿੰਦੀ। ਦਿਨਾਂ ਵਿਚ ਝੌਲੇ ਦਾ ਰੋਗ, ਛੱਡ ਗਿਆ ਤੇ ਨੌ-ਬਰ-ਨੌ ਰਾਜ ਨੂੰ ਵਾਪਸ ਮੁੜਿਆ, ਘਰ ਸੰਤਾਨ ਹੋਈ ਜੋ ਗੁਰੂ ਉਪਾਸ਼ਕ ਰਹੀ।

ਇਸ ਤਰ੍ਹਾਂ ਅਨੇਕਾਂ ਜੀਵਾਂ ਤੇ ਕ੍ਰਿਪਾ ਦੀ ਦ੍ਰਿਸ਼ਟੀ ਗੁਰੂ ਹਰਿ ਰਾਇ ਜੀ ਪਾਉਂਦੇ ਰਹੇ। ਬਰਕਤਾਂ ਵੰਡਦੇ ਰਹੇ। ਸਾਡੇ ਲਈ ਪੂਰਨੇ ਪਾਂਦੇ ਰਹੇ।

ਇਸ ਤਰ੍ਹਾਂ ਅਨੇਕਾਂ ਜੀਵਾਂ ਤੇ ਕ੍ਰਿਪਾ ਦੀ ਦ੍ਰਿਸ਼ਟੀ ਗੁਰੂ ਹਰਿ ਰਾਇ ਜੀ ਪਾਉਂਦੇ ਰਹੇ। ਬਰਕਤਾਂ ਵੰਡਦੇ ਰਹੇ। ਸਾਡੇ ਲਈ ਪੂਰਨੇ ਪਾਂਦੇ ਰਹੇ।

SIKHBOOKCLUB.COM

# ੯

# ਦੁਆਬਾ–ਮਾਲਵਾ ਰਟਨ

## (੧੬੫੫–੧੬੫੬)

**ਸਿੱਖਾਂ ਦੀਆਂ ਅਰਜ਼ੋਈਆਂ**—ਠੀਕ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਪਿੱਛੋਂ ਦੁਆਬੇ ਵਿਚ ਗੁਰੂ ਹਰਿਗੋਬਿੰਦ ਜੀ ਚਰਨ ਨਾ ਪਾ ਸਕੇ। ਜੇ ਆਏ ਵੀ ਤਾਂ ਸਮਾਂ ਜੰਗਾਂ-ਯੁੱਧਾਂ ਵਿਚ ਲੰਘ ਗਿਆ। ਮਾਲਵਾ ਦੀਆਂ ਸੰਗਤਾਂ ਗੁਰੂ ਦਰਸ਼ਨ ਨੂੰ ਤਰਸ ਰਹੀਆਂ ਸਨ। ਦੁਆਬਾ ਵਿਚ ਭਾਈ ਮੰਝ ਜੀ, ਖ਼ੁਆਜਾ ਰੌਸ਼ਣ ਅਤੇ ਅਰਜਾਨੀ ਜੀ ਨੇ ਪਰਚਾਰ ਕਰਕੇ ਸਿੱਖੀ ਦੀ ਜਾਗ ਲਗਾ ਦਿੱਤੀ ਸੀ। ਮਾਲਵੇ ਵਿਚ ਪਹਿਲਾਂ ਭਾਈ ਬਹਲੋ ਜੀ, ਫਿਰ ਸਾਈਂ ਦਾਸ ਤੇ ਮਾਧੂ ਜੀ ਤੇ ਰੂਪ ਚੰਦ ਜੀ ਨੇ ਅਤੇ ਹੁਣ ਭਾਈ ਪੰਜਾਬਾ, ਭਾਈ ਭਗਤੂ, ਭਾਈ ਫੇਰੂ, ਭਾਈ ਭੂੰਦੜ ਜੀ ਅਤੇ ਭਾਈ ਦਾਓ ਜੀ ਜਿਨ੍ਹਾਂ ਅੰਮ੍ਰਿਤਸਰ ਦੀ ਜੰਗ ਵਿਚ ਬਹੁਤ ਬੀਰਤਾ ਦਿਖਾਈ ਸੀ, ਨਿੱਤ ਕੀਰਤਪੁਰ ਆ ਕੇ ਅਰਜ਼ੋਈਆਂ ਕਰ ਰਹੇ ਸਨ ਕਿ ਮਾਝਾ, ਮਾਲਵਾ ਚਰਨ ਪਾਓ। ਅਰੰਭ ਦੇ ਸਾਲਾਂ ਵਿਚ ਕੀਰਤਪੁਰ ਦੀਆਂ ਅਜਿਹੀਆਂ ਜ਼ਿੰਮੇਂਵਾਰੀਆਂ ਸਨ ਜਿਨ੍ਹਾਂ ਕਾਰਨ ਲੰਮੇ ਸਮੇਂ ਲਈ ਨਿਕਲਣਾ ਮੁਸ਼ਕਲ ਸੀ। ਜਦ ਕੀਰਤਪੁਰ ਦੀ ਉਸਾਰੀ ਮੁਕੰਮਲ ਹੋ ਗਈ, ਕਿਲ੍ਹੇ ਬਣ ਗਏ ਤਾਂ ਆਪ ਜੀ ਨੇ ਮਾਝਾ ਮਾਲਵਾ ਰਟਨ ਦਾ ਸੰਕਲਪ ਕੀਤਾ। ਸਿਕਖਾਂ ਵਿਚ ਚਾਅ ਚੜ੍ਹ ਗਿਆ। ਤਿਆਰੀਆਂ ਕਰਦੇ ਵੀ ਕੁਝ ਸਮਾਂ ਲੱਗ ਗਿਆ। ਸੌਂਪਣੀਆਂ ਕਰ ਕੇ ਸੰਨ ੧੬੫੫ ਨੂੰ ਗੁਰੂ ਜੀ ਕੀਰਤਪੁਰ ਤੋਂ ਰੋਪੜ ਵੱਲ ਰਵਾਨਾ ਹੋਏ।

ਇਸ ਯਾਤਰਾ ਸਮੇਂ ਜਿੱਥੇ ਚੋਣਵੇਂ ਸਵਾਰ, ਮੁਖੀ ਸਿੱਖ ਨਾਲ ਸਨ ਉਥੇ ਮਾਝਾ-ਮਾਲਵਾ ਦੇ ਹੀ ਰਾਓ, ਭਾਈ ਰੌਸ਼ਣ, ਭਾਈ ਦਾਨਾ, ਭਾਈ ਦੂਲ੍ਹਾ, ਭਾਈ ਕਰਮਾ, ਭਾਈ ਮੇਹਰਾ, ਭਾਈ ਸੁੱਖਾ, ਭਾਈ ਛੋਗਰ, ਭਾਈ ਰਾਮਾ ਕੰਗ, ਭਾਈ ਸਾਗਰ ਤੇ ਭਾਈ ਬਿੱਘਾ ਜੀ ਵੀ ਨਾਲ ਸਨ। ਭਾਈ ਅਬਦੁੱਲਾ ਤੇ ਨੱਥ ਮਲ ਵਾਰਾਂ ਗਾਉਣ ਲਈ ਅਤੇ ਭਾਈ ਸੇਵਾ ਰੱਤਾ, ਭਾਈ ਚਤਰੂ ਤੇ ਭਾਈ ਨੱਥੂ ਕੀਰਤਨ ਕਰਨ ਵਾਸਤੇ ਨਾਲ ਉਚੇਚੇ ਤੌਰ 'ਤੇ ਲੈ ਗਏ ਸਨ। ਗੁਰੂ ਪਾਤਸ਼ਾਹ ਦੀ ਚੜ੍ਹਤ ਦੇਖਣ ਵਾਲੀ ਹੁੰਦੀ ਸੀ। ਇੰਝ ਲੱਗਦਾ ਸੀ ਕਿ ਸ਼ਾਹੀ ਸਵਾਰੀ ਜਾ ਰਹੀ ਹੈ। ਜਿੱਥੇ ਰਾਤ ਟਿਕਾਣਾ



 www.sikhbookclub.com

ਕਰਨਾ ਹੁੰਦਾ ਸੀ, ਉਥੇ ਪਹਿਲਾਂ ਹੀ ਢਾਡੀ, ਕੀਰਤਨੀਏ, ਲਾਂਗਰੀ ਤੇ ਹੋਰ ਸਾਜ਼ ਸਮਾਨ ਪੁੱਜ ਜਾਂਦਾ ਸੀ ਤੇ ਬਿਸ੍ਰਾਮ ਲਈ ਸ਼ਾਮਿਆਨੇ, ਛੋਲਦਾਰੀਆਂ ਤੇ ਤੰਬੂ ਲੱਗ ਜਾਂਦੇ ਸਨ।

**ਯਾਤਰਾ ਦੇ ਅਸੂਲ ਦ੍ਰਿੜ੍ਹਾਏ**—ਗੁਰੂ ਜੀ ਜਾਣਦੇ ਸਨ ਕਿ ਇਤਨੀ ਵਹੀਰ ਨਾਲ ਟੁਰਦਿਆਂ ਇਲਾਕੇ ਦੀਆਂ ਸੰਗਤਾਂ ਨੂੰ ਖੇਚਲਾਂ ਹੁੰਦੀਆਂ ਹਨ, ਸੋ ਪਹਿਲਾਂ ਨਾਲ ਟੁਰ ਰਹੀਆਂ ਸਭ ਸੰਗਤਾਂ ਨੂੰ ਯਾਤਰਾ ਦੇ ਅਸੂਲ ਦ੍ਰਿੜ੍ਹਾਏ। ਪਹਿਲਾਂ ਹੁਕਮ ਇਹ ਕੀਤਾ ਕਿ ਸਫ਼ਰ ਤੇ ਚਲਦਿਆਂ **ਕੀਰਤਨ ਕਰਦੇ ਜਾਓ**। ਹਾਸਾ, ਠੱਠਾ ਮਸ਼ਕਰੀ ਨਹੀਂ ਕਰਨੀ। ਜੋ ਕੋਈ ਦੋਸ਼ਟਾ, ਚਮਕੇ ਜਾਂ ਗਰਜ਼ਾਂ ਰੱਖ ਨਾਲ ਟੁਰੇ ਹਨ, ਉਨ੍ਹਾਂ ਨੂੰ ਛੇੜੀ ਨਹੀਂ। ਨਿੰਮ੍ਰਤਾ ਰੱਖ ਹੀ ਟੁਰਨਾ ਹੈ। ਕਿਸੇ ਨੇ ਬਾਹਰੋਂ ਰੁਕ ਕੇ ਜਾਂ ਵੱਖਰਾ ਪਕਾਉਣ ਲਈ ਪ੍ਰਬੰਧ ਨਹੀਂ ਕਰਨਾ। ਜੋ ਲੰਗਰ ਪੱਕੇ, ਉਸ ਨੂੰ ਸ਼ਰਧਾ ਨਾਲ ਪੰਗਤਿ ਵਿਚ ਬੈਠ ਖਾਣਾ ਹੈ।

ਪੜਾਅ ਕਰਦਿਆਂ ਦੀਵਾਨ ਸੱਜ ਜਾਣ ਉਪ੍ਰੰਤ ਵੱਧ ਤੋਂ ਵੱਧ ਸਮਾਂ ਗੁਰਬਾਣੀ ਸੁਣਨ ਤੇ ਗੁਰੂ ਉਪਦੇਸ਼ ਗ੍ਰਹਿਣ ਕਰਨ 'ਤੇ ਹੀ ਲਗਾਉਣਾ ਹੈ। ਕਿਸੇ ਉਚੇਚੇ ਸੁੱਖ ਸਾਧਨ ਲਈ ਯਾਚਨਾ ਨਹੀਂ ਕਰਨੀ। ਜਿੱਥੋਂ ਤਕ ਹੋ ਸਕੇ ਸੇਵਾ ਵਿਚ ਹੱਥ ਸਫ਼ਲ ਕਰਨੇ ਹਨ।

**ਰੋਪੜ**—ਕੀਰਤਪੁਰ ਤੋਂ ਟੁਰ ਕੇ ਪਹਿਲਾ ਪੜਾਅ ਰੋਪੜ ਕੀਤਾ। ਰੋਪੜ ਦੇ ਪ੍ਰਸਿੱਧ ਫ਼ਕੀਰ ਅੱਗੋਂ ਲੈਣ ਆਏ ਤੇ ਭਾਈ ਬਿੱਬੂ, ਭਾਈ ਬਿੰਦਾ, ਭਾਈ ਗਜਨ, ਭਾਈ ਘਰੀਆਂ ਨੇ ਦਿਨ ਰਾਤ ਇਕ ਕਰ ਸੇਵਾ ਕੀਤੀ। ਗੁਰੂ ਜੀ ਨੇ ਨਾਮ ਜਲ ਦੇ ਛੱਟੇ ਮਾਰੇ। ਦੋਖੀ ਜੋ ਨਿੱਤ ਊਜਾਂ ਉਠਾਉਂਦੇ ਸਨ, ਗੁਰੂ ਜੀ ਦੇ ਸ਼ਾਂਤ ਚਿੱਤ ਸੁਭਾਵ ਤੇ ਚਿਹਰੇ 'ਤੇ ਨੂਰ ਡਲ੍ਹਕਾਂ ਮਾਰਦੇ ਦੇਖ ਚਰਨੀਂ ਆ ਲੱਗੇ।

**ਸੇਵਕ ਨਿਹਾਲ, ਬਡੀ ਲਾਹਲੀ**—ਰੋਪੜ ਤਿੰਨ ਦਿਨ ਰੁਕ ਆਪ ਜੀ ਗੜ੍ਹਸ਼ੰਕਰ ਆ ਬਿਰਾਜੇ। ਉਥੋਂ ਹੁਸ਼ਿਆਰਪੁਰ ਤੋਂ ੧੦ ਕੁ ਮੀਲ ਬੜੀ ਲਾਹਲੀ ਟਿਕੇ। ਬੜੀ ਲਾਹਲੀ ਦੀਆਂ ਸੰਗਤਾਂ ਨੇ ਜਿਸ ਨਿੰਮਰਤਾ ਤੇ ਚਾਅ ਨਾਲ ਸੇਵਾ ਕੀਤੀ, ਸਭ ਵਾਹ ਵਾਹ ਕਰਨ ਲੱਗੇ। ਮਹਾਰਾਜ ਨੇ ਸਭ ਪਿੰਡ ਵਾਸੀਆਂ ਨੂੰ **ਸੇਵਕ ਨਿਹਾਲ** ਦਾ ਬਚਨ ਉਚਾਰ ਅਸੀਸ ਦਿੱਤੀ। ਗੁਰਦੁਆਰੇ ਦਾ ਨਾਂ ਹੀ 'ਸੇਵਕ ਨਿਹਾਲ' ਕਰਕੇ ਪ੍ਰਸਿਧ ਹੋ ਗਿਆ। ਇਲਾਕੇ ਨੂੰ ਸ਼ਰਾਬ ਛੱਡਣ, ਨਸ਼ੇ ਤਿਆਗਣ ਅਤੇ ਅਮਲ ਕਰਨ ਤੋਂ ਵਰਜਿਆ। ਜੋ ਵੀ ਮਹਾਰਾਜ ਮੁੱਖੋਂ ਕਹਿਣ ਪਿੰਡ ਦੇ ਵਸਨੀਕ 'ਸਤਿ ਬਚਨ' ਤੇ 'ਸਤਿ ਸਾਹਿਬ' ਕਹਿ ਕੇ ਸਿਰ ਝੁਕਾਉਂਦੇ ਰਹੇ। ਉਨ੍ਹਾਂ ਉਪਦੇਸ਼ ਨੂੰ ਆਪਣੇ ਜੀਵਨ ਵਿਚ ਇਸ ਤਰ੍ਹਾਂ ਢਾਲ ਲਿਆ ਕਿ ਨਾਂ ਹੀ **'ਸਤਿ ਸਾਹਿਬੀਏ'** ਪਿਆ। ਕਲਗੀਧਰ ਦੇ ਸਮੇਂ ਇਸ ਪਿੰਡ ਨੇ ਅਨੰਦਪੁਰ ਪੁੱਜ ਬੇਅੰਤ ਘਾਲਾਂ ਘਾਲੀਆਂ।

**ਹਰੀਆਂ ਵੇਲਾਂ**—ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਵੱਲ ਜਾਂਦੀ ਸੜਕ ਤੋਂ ੧੦ ਕੁ ਮੀਲ ਵਿੱਥ ਤੇ ਆਪ ਜੀ ਨੇ ਪਿੰਡੋਂ ਬਾਹਰ ਟਿਕਾਣਾ ਕੀਤਾ ਹੀ ਸੀ ਕਿ ਇਲਾਕੇ ਦਾ ਚੌਧਰੀ ਆਪਣੇ ਸਵਾਰਾਂ ਨਾਲ ਆ ਧਮਕਿਆ ਤੇ ਕਿਹਾ ਇਹ ਥਾਂ ਮੇਰੀ ਹੈ।

 www.sikhbookclub.com

ਮਹਾਰਾਜ ਨੇ ਬੜੇ ਸਹਿਜ ਵਿਚ ਕਿਹਾ : 'ਧਨ ਭੂਮ ਕਾ ਜੋ ਕਰੈ ਗੁਮਾਨ, ਸੋ ਮੂਰਖ ਅੰਧਾ ਅਗਿਆਨ'। ਧਰਤੀ ਸਾਰੀ ਪ੍ਰਭੂ ਮਾਲਕ ਦੀ ਹੈ। ਇਹ ਥਾਂ, ਨੇੜੇ ਦੇ ਸਾਰੇ ਪਿੰਡਾਂ ਚਗਰਾਂ, ਬੋਹਣ, ਚਬੇਵਾਲ ਤੇ ਬਜਰੌਰ ਤੋਂ ਇਕੋ ਜਿਹੀ ਪੈਂਦੀ ਸੀ, ਗੁਰੂ ਜੀ ਨੇ ਇਸੇ ਲਈ ਚੁਣੀ ਸੀ ਪਰ ਚੌਧਰੀ ਨੂੰ ਖ਼ਿਆਲ ਸੀ ਕਿ ਇੱਥੇ ਕਬਜ਼ਾ ਕਰਨ ਆਏ ਹਨ। ਉਸ ਨੇ ਬੜੇ ਹੰਕਾਰ ਨਾਲ ਕਿਹਾ ਕਿ ਉਹ ਡੇਰ੍ਹਾ ਪੁੱਟ ਦੇਵੇਗਾ। ਮਹਾਰਾਜ ਨੇ ਕਿਹਾ : "ਤੂੰ ਡੇਰਾ ਕੀ ਪੁੱਟਣਾ ਹੈ। ਇਥੇ ਸਦਾ ਗੁਰ ਨਿਸ਼ਾਨ ਝੁਲਣਗੇ। ਸਦਾ ਹਰੀਆਂ ਵੇਲਾਂ ਰਹਿਣਗੀਆਂ ਅਤੇ ਸਿੱਖਾਂ ਦੇ ਘੋੜੇ ਫਿਰਦੇ ਰਹਿਣਗੇ।

ਮਹਾਨਕੋਸ਼ ਦੇ ਲਿਖਾਰੀ ਦਾ ਇਹ ਵੀ ਕਹਿਣਾ ਹੈ ਕਿ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਇਕ ਬ੍ਰਾਹਮਣ ਦੀ ਪੁਕਾਰ ਤੇ ਕਲਗੀਧਰ ਦੇ **ਆਦੇਸ਼ ਨਾਲ ਦੋ ਬੱਚੀਆਂ ਹਰੀਆਂ ਤੇ ਭਰੀਆਂ ਦੀ ਪਤਿ ਇਥੇ ਹੀ ਆ ਕੇ ਬਚਾਈ ਸੀ।**

**ਹੁਸ਼ਿਆਰਪੁਰ**—ਅਗਲਾ ਪੜਾਅ ਆਪ ਜੀ ਨੇ ਹੁਸ਼ਿਆਰਪੁਰ ਨਗਰੀ ਕੀਤਾ। ਇਸੇ ਨਗਰ ਦੇ ਭਾਈ ਤਾਰਾ ਜੀ, ਭਾਈ ਚੰਦਾ ਜੀ, ਭਾਈ ਨਾਰਾਇਣ ਦਾਸ ਨੇ ਕੀਰਤਪੁਰ ਦੀ ਉਸਾਰੀ ਵੇਲੇ ਹੱਥੀਂ ਸੇਵਾ ਕਰਕੇ ਪਹਿਲਾਂ ਗੁਰੂ ਹਰਿਗੋਬਿੰਦ ਜੀ ਕੋਲੋਂ ਮਾਣ ਪ੍ਰਾਪਤ ਕੀਤਾ ਸੀ। ਗੁਰੂ ਹਰਿ ਰਾਇ ਜੀ ਇਨ੍ਹਾਂ ਦੀ ਕਰਣੀ 'ਤੇ ਇਤਨੇ ਪ੍ਰਸੰਨ ਹੋਏ ਸਨ ਕਿ ਇਨ੍ਹਾਂ ਨੂੰ ਪ੍ਰਚਾਰ ਕਰਨ ਦਾ ਅਧਿਕਾਰ ਦਿੱਤਾ ਸੀ। ਗੁਰੂ ਜੀ ਸੱਤ ਕੁ ਦਿਨ ਇਥੇ ਅੰਮ੍ਰਿਤ ਬਚਨਾਂ ਦੀ ਵਰਖਾ ਕਰਦੇ ਰਹੇ।

**ਭੁੰਗਾਨੀ ਸਾਹਿਬ**—ਹਰੀਆਂ ਵੇਲਾਂ ਕੁਝ ਦਿਨ ਟਿਕਾਣਾ ਕਰ ਆਪ ਜੀ ਹੁਸ਼ਿਆਰਪੁਰ ਫਗਵਾੜਾ ਸੜਕ 'ਤੇ ਪੈਂਦੇ ਇਕ ਨਗਰੀ ਭੁੰਗਾਨੀ ਆਏ। ਆਪ ਜੀ ਨੇ ਨਗਰ ਨਿਵਾਸੀਆਂ ਨੂੰ ਨਾਮ ਦੀ ਮਹਿਮਾ ਦਰਸਾਈ ਅਤੇ ਆਗਿਆ ਕੀਤੀ ਕਿ ਸੇਵਾ ਉਹ ਹੀ ਫਲਦੀ ਹੈ, ਜੋ ਨਿਰਚਾਹ ਅਤੇ ਚਿੱਤ ਲਗਾ ਕੇ ਕੀਤੀ ਜਾਏ। "ਸਤਿਗੁਰੂ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ।" **ਹੰਕਾਰ ਦੀ ਅੜੀ ਭੰਨਣ ਦਾ ਹਥਿਆਰ ਕੇਵਲ ਸੇਵਾ ਹੀ ਹੈ।** ਅਹੰਕਾਰ ਵਿਚ ਸੇਵਾ ਨਹੀਂ ਹੁੰਦੀ ਤੇ ਸੇਵਾ ਕਰਨ ਵਾਲੇ ਦਾ ਹੰਕਾਰ ਨਹੀਂ ਰਹਿੰਦਾ। ਸਭ ਨੇ ਸੇਵਾ ਕਰਕੇ ਹੀ ਮਾਣ ਪਾਇਆ ਹੈ। ਲੰਗਰ ਲਗਾਉਣ ਦਾ ਹੁਕਮ ਕੀਤਾ।

**ਚੌਤਰਾ ਸਾਹਿਬ**–ਭੁੰਗਾਨੀ ਤੋਂ ਚੌਤਰਾ ਸਾਹਿਬ ਬਿਰਾਜੇ। ਸਿੱਖ ਇਤਿਹਾਸ ਦਾ ਕਹਿਣਾ ਹੈ ਕਿ ਗੁਰੂ ਹਰਿ ਰਾਇ ਜੀ ਸਾਰੀਆਂ ਸੰਗਤਾਂ ਨੂੰ ਰੋਜ਼ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਦਾ ਇਹ ਸ਼ਬਦ :

*"ਹਰਿ ਕਾ ਨਾਮ ਰਿਦੈ ਨਿਤ ਧਿਆਈ।*
*ਸੰਗੀ ਸਾਥੀ ਸਗਲ ਤਰਾਂਈ॥੧॥*
*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ।*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥੧॥ ਰਹਾਉ॥*
*ਤੇਰਾ ਕੀਆ ਮੀਠਾ ਲਾਗੈ।*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।"* *(ਪੰਨਾ ੩੯੪)*

---

੧. ਇਥੇ ਹੀ ਹੁਣ ਤਰੁਨਾ ਦਲ ਦੇ ਜੱਥੇਦਾਰ ਸਾਹਿਬ ਰਹਿੰਦੇ ਹਨ।

 www.sikhbookclub.com

ਪੜ੍ਹਾਇਆ ਕਰਦੇ ਸਨ। ਪਿੰਡਾਂ ਦੇ ਵਾਸੀਆਂ ਨੂੰ ਨਾਮ ਧਨ ਨੂੰ ਇੱਕਠਾ ਕਰਨ ਦਾ ਵੱਲ ਦੱਸਿਆ। ਇਹ ਹੁਕਮ ਵੀ ਕੀਤਾ ਕਿ ਜਦ ਵੀ ਅਰਦਾਸ ਕਰੋ 'ਨਾਮ ਦਾਨ' ਦੀ ਯਾਚਨਾ ਕਰੋ।

**ਕਰਤਾਰਪੁਰ ਸਾਹਿਬ**—ਚੌਤਰਾ ਸਾਹਿਬ ਤੋਂ ਜਲੰਧਰ ਹੁੰਦੇ ਹੋਏ ਆਪ ਜੀ ਕਰਤਾਰਪੁਰ ਸਾਹਿਬ ਆਏ। ਕਰਤਾਰਪੁਰ ਆਪ ਜੀ ਤਕਰੀਬਨ ੪ ਮਹੀਨੇ ਰਹੇ।

ਕੁਝ ਦਿਨ ਤਾਂ ਧੀਰ ਮੱਲ ਆਪਣੀ ਹਉਂ ਵਿਚ ਰਿਹਾ ਪਰ ਜਦ ਗੁਰੂ ਜੀ ਦੀ ਉਪਮਾ ਹਰ ਜ਼ਬਾਨ ਤੋਂ ਸੁਣੀ ਤਾਂ ਉਹ ਵੀ ਦਰਸ਼ਨਾਂ ਨੂੰ ਆਇਆ। ਮਹਾਰਾਜ ਨੇ ਆਦਿ ਬੀੜ ਦੇ ਦਰਸ਼ਨ ਕੀਤੇ। ਹੋਰ ਬੀੜਾਂ ਤਿਆਰ ਕਰਨ ਦੀ ਆਗਿਆ ਕੀਤੀ।

ਭਰਮ ਮੋਹ ਤੇ ਭੈ ਕੱਟਣ ਲਈ ਨਾਮ ਦਾਰੂ ਵੰਡਦੇ ਰਹੇ।

**ਕਰਤਾਰਪੁਰ ਗੰਗਸਰ ਦੇ ਖੂਹ ਨੂੰ ਪੱਕਾ ਕਰਾਇਆ।** ਇਸ ਗੰਗਸਰ ਦੀ ਮਹਿਮਾ ਸੰਗਤ ਨੂੰ ਦਰਸਾਈ। ਇਸੇ ਗੰਗਸਰ ਦੀ ਮਹਿਮਾ ਢਾਡੀ ਅਬਦੁੱਲਾ ਅਤੇ ਨੱਥ ਮਲ ਨੇ ਵਾਰ ਉਚਾਰ ਕੇ ਵੀ ਗਾਈ ਸੀ। ਪਿੱਛੋਂ ਨੱਥ ਮਲ ਨੇ 'ਅਮਰ ਨਾਮਾ' ਲਿਖ ਕੇ ਕਰਤਾਰਪੁਰ ਦੀਆਂ ਦੋ ਸਾਖੀਆਂ ਲਿਖੀਆਂ :

ਗੰਗਾ ਵੱਲ ਜਾਂਦੇ ਇਕ ਗੰਗਾ ਭਗਤ ਨੂੰ ਉਸ ਦਾ ਗਵਾਚਾ ਹੋਇਆ ਲੋਟਾ ਗੁਰੂ ਅਰਜਨ ਦੇਵ ਜੀ ਨੇ ਇਸੇ ਖੂਹ ਵਿਚੋਂ ਕੱਢ ਕੇ ਫ਼ਰਮਾਇਆ ਸੀ ਕਿ "ਤੂੰ ਹੀ ਦੱਸ ਗੰਗਾ ਜਾਣ ਦਾ ਕੋਈ ਲਾਭ ਹੈ ? ਗੰਗਾ ਘਰ ਵਿਚ ਹੀ ਹੈ। ਦੂਰ ਕਿਧਰੇ ਜਾਣ ਦੀ ਲੋੜ ਨਹੀਂ।" ਦੂਜੀ ਸਾਖੀ ਤਾਂ ਬੜੇ ਵਿਸਥਾਰ ਨਾਲ ਲਿਖੀ ਹੈ। ਬ੍ਰਾਹਮਣਾਂ ਨੇ ਭਰਮਾਂ ਦਾ ਜਾਲ ਇਤਨਾ ਸੰਘਣਾ ਉਣਿਆ ਹੋਇਆ ਸੀ ਕਿ ਉਸ ਵਿਚੋਂ ਕੋਈ ਫਸਿਆ ਜੀਵਨ ਭਰ ਨਿਕਲ ਹੀ ਨਹੀਂ ਸਕਦਾ। ਇਹ ਭਰਮ ਜਾਲ ਗੁਰੂ ਪਾਤਸ਼ਾਹਾਂ ਨੇ ਹੀ ਕੱਟਿਆ ਸੀ।

'ਅਮਰਨਾਮਾ' ਨੇ ਹੀ ਲਿਖਿਆ ਹੈ ਕਿ ਬਾਬਾ ਬਕਾਲਾ ਦੇ ਇਕ ਗਰੀਬ ਬੰਦੇ ਦੇ ਪਿਤਾ ਦੀ ਮ੍ਰਿਤੂ ਰਾਤ ਮੰਜੇ 'ਤੇ ਸੁੱਤਿਆਂ ਹੀ ਹੋ ਗਈ। ਬ੍ਰਾਹਮਣ ਨੂੰ ਮੌਕਾ ਮਿਲ ਗਿਆ। ਉਸ ਗ਼ਰੀਬ ਨੂੰ ਬ੍ਰਾਹਮਣ ਨੇ ਕਿਹਾ ਕਿ ਤੇਰੇ ਪਿਤਾ ਦਾ ਕਲਿਆਣ ਤਾਂ ਹੀ ਹੋ ਸਕਦਾ ਹੈ ਜੇ ਤੂੰ ਬ੍ਰਾਹਮਣਾਂ ਨੂੰ ਭੋਜਨ ਛਕਾ, ਦਾਨ ਦੇਹ। ਉਸ ਵਿਚਾਰੇ ਕੋਲ ਜੋ ਕੁਝ ਹੈ ਸੀ, ਉਸ ਖਵਾਲ ਦਿੱਤਾ ਜਾਂ ਦਾਨ ਦੇ ਦਿੱਤਾ। ਹੁਣ ਬ੍ਰਾਹਮਣ ਨੇ ਕਿਹਾ ਕਿ ਭਾਵੇਂ ਕਰਜ਼ਾ ਚੁੱਕ ਅਤੇ ਭਾਵੇਂ ਗਹਿਣੇ ਪਉ, ਗੰਗਾ ਇਸ਼ਨਾਨ ਕਰਕੇ ਆ ਤਾਂ ਹੀ ਪਿੱਤਰ ਤੇਰੇ ਖ਼ੁਸ਼ ਹੋਣਗੇ। ਇਸ ਦਸ਼ਾ ਵਿਚ ਝੂਰਦੇ ਨੇ ਸੁਣਿਆ ਕਿ ਗੁਰੂ ਅਰਜਨ ਦੇਵ ਜੀ ਇੱਥੇ ਗੰਗਸਰ ਦੀ ਸੇਵਾ ਕਰ ਰਹੇ ਸਨ। ਉਹ ਰੋਂਦਾ ਤੇ ਦੁਖੀ ਗੁਰੂ ਜੀ ਪਾਸ ਆਇਆ। ਹੰਝੂ ਕੇਰਦੇ ਦੇਖ ਮਹਾਰਾਜ ਨੇ ਪੁੱਛਿਆ ਕਿ ਤੈਨੂੰ ਕਿਸ ਦੁੱਖ ਨੇ ਪਕੜਿਆ ਹੋਇਆ ਹੈ ? ਉਸ ਦੱਸਿਆ ਕਿ ਬ੍ਰਾਹਮਣ ਦਾ ਮਾਰਿਆ ਹਾਂ। ਜੋ ਕੁਝ ਉਸ ਪਾਸ ਸੀ ਬ੍ਰਾਹਮਣ ਨੇ ਹੂੰਝਾ ਫੇਰ ਦਿੱਤਾ ਹੈ। ਲਿਖਿਆ ਹੈ ਕਿ ਸ਼ਾਂਤ ਚਿੱਤ ਗੁਰੂ ਅਰਜਨ ਜੀ, ਜੋ ਕੌੜਾ ਬੋਲ ਜਾਣਦੇ ਵੀ ਨਹੀਂ ਸਨ, ਉਸ ਦਿਨ ਜ਼ਰਾ ਉੱਚਾ ਬੋਲ ਕੇ ਕਹਿਣ ਲੱਗੇ ਕਿ ਇਨ੍ਹਾਂ ਬ੍ਰਾਹਮਣਾਂ ਨੇ ਕਿਤਨੀ ਅਤਿ

 www.sikhbookclub.com

**ਚੁੱਕੀ ਹੋਈ ਹੈ। ਇਨ੍ਹਾਂ ਨੂੰ ਕੁਝ ਨਹੀਂ ਦੇਣਾ। ਬੰਦੀ-ਛੋੜ ਸਤਿਗੁਰ ਹੈ। ਸਿੱਖਾਂ ਤੇ ਉਸ ਦੀ ਕਿਰਪਾ ਹੈ।**[1]

ਫਿਰ ਉਸ ਬੰਦੇ ਦਾ ਹੱਥ ਪਕੜ ਕੇ ਕ੍ਰਿਪਾਲੂ ਗੁਰੂ ਅਰਜਨ ਨੇ ਕਿਹਾ : ਆਪਣੇ ਪਿਤਾ ਨੂੰ ਸੁਰਗਾਂ ਵਿਚ ਦੇਖ ਲੈ। ਬੱਸ ਇਹ ਯਾਦ ਰੱਖੋ ਕਿ ਪ੍ਰਮੇਸ਼ਰ ਤੋਂ ਭੁੱਲਿਆਂ ਹੀ ਰੋਗ ਆਉਂਦੇ ਹਨ।

ਭਾਈ ਭਗਤੂ ਜੀ ਦਾ ਸਰੀਰ ਢਿੱਲਾ ਰਹਿਣ ਲੱਗ ਪਿਆ ਸੀ। ਉਨ੍ਹਾਂ ਨੇ ਵਡੇਰੀ ਉਮਰ ਵਿਚ ਵਿਆਹ ਵੀ ਕੀਤਾ ਸੀ। ਇੱਥੇ ਕਰਤਾਰਪੁਰ ਹੀ ਭਾਈ ਜੀ ਅਕਾਲ ਚਲਾਣਾ ਕਰ ਗਏ। ਗੁਰੂ ਹਰਿ ਰਾਇ ਜੀ ਨੇ ਹੱਥੀਂ ਸੱਸਕਾਰ ਕੀਤਾ ਅਤੇ ਭਗਤੂ ਜੀ ਦੀ ਕੀਤੀ ਸੇਵਾ ਦੀ ਸਰਾਹਨਾ ਕੀਤੀ।

**ਨੂਰ ਮਹਿਲ**—ਕਰਤਾਰਪੁਰ ਤੋਂ ਕਪੂਰਥਲਾ, ਗੁਰਧਾਮਾਂ ਦੇ ਦਰਸ਼ਨ ਕਰਨ ਲਈ ਕੁਝ ਦਿਨ ਰੁਕੇ। ਉਥੋਂ ਡੱਲਾ, ਨਕੋਦਰ ਹੁੰਦੇ ਹੋਏ ਨੂਰ ਮਹਿਲ ਆਏ।

ਬਾਹਰ ਬਾਗ਼ ਡੇਰਾ ਕੀਤਾ। ਆਪ ਜੀ ਭਾਈ ਸੁਖੀਆ ਕੇ ਪ੍ਰੇਮ ਕਰ ਨੂਰਮਹਿਲ ਆਏ ਸਨ। ਪਰ ਇਹ ਜਾਣ ਕਿ ਬਾਗ਼ ਦੀਵਾਨ ਭਵਾਂ ਗਿਰ ਦਾ ਹੈ, ਉਸ ਦੇ ਘਰ ਸੁਨੇਹਾ ਘੱਲਿਆ। ਉਹ ਡਰ ਗਿਆ ਕਿ ਮਤਾਂ ਬਾਗ਼ ਵਿਚ ਗੁਰੂ ਜੀ ਪਾਸ ਗਿਆਂ ਸ਼ਾਹੀ ਅਤਾਬ ਹੀ ਨਾ ਗਿਰੇ। ਉਸ ਕਹਿਲਾ ਭੇਜਿਆ ਕਿ ਦੀਵਾਨ ਸੁੱਤਾ ਪਿਆ ਹੈ। ਮਹਾਰਾਜ ਜੀ ਉਸ ਦੀ ਕਮਜ਼ੋਰੀ ਨੂੰ ਭਾਂਪ ਗਏ ਤੇ ਸੁਭਾਵਕ ਉਚਾਰਿਆ ਕਿ ਅੱਛਾ ਸੁੱਤਾ ਹੈ ਤਾਂ ਸੁੱਤਾ ਰਹੇ। ਦੀਵਾਨ ਫਿਰ ਨਾ ਉੱਠਿਆ। ਗੁਰੂ ਦੀ ਨਿਰਾਦਰੀ ਦਾ ਫਲ ਪਾਇਆ।

ਦੂਜੇ ਚੌਧਰੀ ਸੂਦ ਨੇ ਜਦ ਸੁਣਿਆ ਕਿ ਗੁਰੂ ਜੀ ਨੇ ਨਗਰੀ ਚਰਨ ਪਾਏ ਤਾਂ ਉਹ ਸੇਵਕਾਂ ਤੇ ਸੰਗਤਾਂ ਸਮੇਤ ਚਰਨੀਂ ਢੱਠਾ। ਸਭ ਨੇ ਨਿੰਮ੍ਰਤਾ ਧਾਰ ਸੇਵਾ ਕੀਤੀ। ਚੌਧਰੀ ਨੇ ਘਰ ਸੰਤਾਨ ਦੀ ਯਾਚਨਾ ਕੀਤੀ।

ਮਹਾਰਾਜ ਨੇ ਕਿਹਾ : 'ਦੇਣ ਤੇ ਖੋਹਣ ਵਾਲਾ ਦਾਤਾ ਪ੍ਰਭੂ ਹੈ। ਆਏ ਗਏ ਦੀ ਰੱਬ ਦਾ ਰੂਪ ਜਾਣ ਸੇਵਾ ਕਰੋ। ਬਰਕਤਾਂ ਘਰ ਵਾਸਾ ਕਰਨਗੀਆਂ। ਘਾਟਾਂ ਨੂੰ ਪੂਰਾ ਕਰਨ ਵਾਲਾ ਉਹ ਆਪ ਮਾਲਕ ਹੈ। ਸੂਹੀ ਦੀ ਵਾਰ ਮਹਲਾ ਤੀਜਾ ਦੀ ਇਕ ਪਉੜੀ ਦੀਆਂ ਤੁਕਾਂ ਪੜ੍ਹ ਕੇ ਸੁਣਾਈਆਂ :

*'ਪ੍ਰਭੁ ਮੇਰਾ ਬੇਅੰਤੁ ਹੈ, ਅੰਤੁ ਕਿਨੈ ਨ ਲਖਨੀ।*
*ਸਤਿਗੁਰ ਚਰਣੀ ਲਗਿਆ, ਹਰਿ ਨਾਮ ਨਿਤ ਜਪਨੀ।*
*ਜੋ ਇਛੈ ਸੋ ਫਲੁ ਪਾਇਸੀ, ਸਭਿ ਘਰੈ ਵਿਚਿ ਜਚਨੀ।'*

ਇੱਥੇ ਹੀ ਭਾਈ ਫ਼ਤਹ ਸ਼ਾਹ, ਸੁੱਥਰਾ ਜੀ ਦੀ ਬਖ਼ਸ਼ੀਸ਼ ਵਿਚੋਂ ਇਲਾਕੇ ਵਿਚ ਪ੍ਰਚਾਰ ਕਰ ਰਹੇ ਸਨ, ਆ ਕੇ ਮਿਲੇ। ਆਪ ਜੀ ਨੇ ਭਾਈ ਫ਼ਤਹ ਸ਼ਾਹ ਨੂੰ ਉਸੇ ਬਾਗ ਵਿਚ ਧਰਮਸਾਲ ਬਣਾ ਪਰਚਾਰ ਕਰਨ ਦਾ ਆਦੇਸ਼ ਦਿੱਤਾ।

---

੧. ਬਦਾ ਰਾ ਮਦਹਿ ਬੰਦ-ਵਾ-ਸਤਿਗੁਰੂ।
ਬ ਸਿੱਖਾਂ ਇਨਾਇਤ ਬਿਆਫਜ਼ਾਇਦ ਊ । ੧੦੪। (ਅਮਰ ਨਾਮਾ)

 www.sikhbookclub.com

**ਪੁਆਂਦੜਾ ਸਾਹਿਬ**—ਨੂਰ ਮਹਿਲ ਤੋਂ ਹੀ ਪੁਆਂਦੜਾ ਸਾਹਿਬ ਦੀ ਸੰਗਤਿ ਬੇਨਤੀ ਕਰਕੇ ਪਿੰਡ ਲੈ ਗਈ। ਇਹ ਪਿੰਡ ਖਿਲਗਾ ਸਟੇਸ਼ਨ ਤੋਂ ਦੋ ਕੁ ਮੀਲ ਦੀ ਵਾਟ 'ਤੇ ਹੈ। ਪਿੰਡ ਵਾਸੀਆਂ ਦੀ ਸੇਵਾ ਦੇਖ ਮਹਾਰਾਜ **ਅਨੰਦ ਰਹੋ, ਘਨੇ ਵਸੋ ਤੇ ਰਸੋ** ਦਾ ਵਰ ਦੇ ਕੇ ਮਾਲਵੇ ਵੱਲ ਚਲੇ ਗਏ।

**ਡਰੋਲੀ**—ਪੈਂਡਾ ਕਰਦੇ ਤੇ ਸੰਗਤਾਂ ਨੂੰ ਤਾਰਦੇ ਆਪ ਜੀ ਡਰੋਲੀ ਪੁੱਜੇ। ਉੱਥੇ ਮਾਤਾ ਦਮੋਦਰੀ ਦੀ ਸਮਾਧ ਲਾਗੇ ਖੂਹ ਨੂੰ ਮੁਕੰਮਲ ਕੀਤਾ। ਇਸ ਖੂਹ ਦੀ ਉਸਾਰੀ ਗੁਰੂ ਹਰਿਗੋਬਿੰਦ ਜੀ ਆਰੰਭ ਕਰ ਗਏ ਸਨ। ਲੰਗਰ ਚਲਾਉਣ ਦੇ ਹੁਕਮ ਕੀਤੇ। ਭਾਈ ਸਾਧੂ ਜੀ ਤੇ ਭਾਈ ਰੂਪਾ ਜੀ ਮਾਲਵੇ ਦੇ ਦੌਰੇ ਦਾ ਸਾਰਾ ਵੇਰਵਾ ਬਣਾ ਕੇ ਲਿਆਏ। ਬਹਿਲੋ ਜੀ ਦੇ ਪੋਤਰਿਆਂ ਭਾਈ ਗੁਰਦਾਸ ਜੀ, ਭਾਈ ਤਾਰਾ ਜੀ ਅਤੇ ਭਾਈ ਭੂੰਦੜ ਜੀ ਦੇ ਪੁੱਤਰ ਭਾਈ ਬਿਹਾਰੀ ਜੀ ਦੇ ਪਿਆਰ ਨੂੰ ਦੇਖ ਮਹਾਰਾਜ ਨੇ '**ਸੁਭਾਗਾ ਮਾਲਵਾ**' ਦਾ ਬਚਨ ਕੀਤਾ। ਜਿੱਥੇ ਇਤਨੇ ਪ੍ਰੇਮੀ ਘਾਲਾਂ ਘਾਲ ਸਿੱਖੀ ਨੂੰ ਘਰ-ਘਰ ਪਹੁੰਚਾਉਣ ਦੇ ਜਤਨਾਂ ਵਿਚ ਲੱਗੇ ਹੋਏ ਸਨ, ਉਹ ਸੁਭਾਗਾ ਹੀ ਸੀ।

ਚੇਤ (ਮਾਰਚ) ਚੜ੍ਹ ਪਿਆ ਸੀ। ਮੌਸਮ ਸੁਹਾਣਾ ਸੀ ਤੇ ਸਾਰੇ ਪਾਸੇ ਹਰਿਆਵਲ ਹੋ ਗਈ ਸੀ।

**ਜ਼ੀਰਾ**—ਡਰੋਲੀ ਤੋਂ ਆਪ ਜੀ ਜ਼ੀਰਾ ਗਏ। ਇਹ ਇਲਾਕਾ ਮਨਮਤੀਆਂ ਤੇ ਅਨਮਤੀਆਂ ਦਾ ਕਰਕੇ ਜਾਣਿਆ ਜਾਂਦਾ ਸੀ ਪਰ ਗੁਰੂ ਜੀ ਦੇ ਪਰਉਪਕਾਰੀ ਸੁਭਾਅ, ਗਰੀਬਾਂ ਲਈ ਦਰਦ ਤੇ ਲੋੜਵੰਦ ਦੀਆਂ ਲੋੜਾਂ ਪੂਰੀਆਂ ਕਰਦੇ ਦੇਖ ਤੇ ਚਾਰੇ ਪਾਸੇ ਸੰਤੋਖੀ ਵਾਤਾਵਰਨ ਦੇਖ ਲੋਕੀਂ ਚਰਣੀ ਢੱਠੇ। ਗੁਰੂ ਜੀ ਜਦ ਆਪੂੰ ਕਥਾ ਕਰਦੇ ਸਨ ਤਾਂ ਹਰ ਬਚਨ ਨਾਲ ਹਿਰਦੇ ਦੇ ਛਾਏ ਹਨੇਰੇ ਨੂੰ ਦੂਰ ਕਰ ਦੇਂਦੇ ਸਨ। ਮਨਮਤੀਆਂ ਨੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ ਤੇ ਗੁਰਮਤਿ ਤੇ ਚੱਲਣ ਦਾ ਪ੍ਰਣ ਕੀਤਾ।

**ਕਾਂਗੜ-ਲੱਖੀ ਜੰਗਲ, ਬਹਿਬਲ ਤੋਂ ਮੇਹਰਾਜ**—ਜ਼ੀਰਾ ਤੋਂ ਹੀ ਭਾਈ ਭਗਤੂ ਦੇ ਸਪੁੱਤਰ ਜੀਵਨ ਜੀ ਤੇ ਭਾਈ ਗੋਰਾ ਅਤੇ ਭਾਈ ਫੇਰੂ ਲੱਖੀ ਜੰਗਲ ਲੈ ਗਏ। ਭਾਈ ਫੇਰੂ ਜੀ ਨੇ ਲੱਖੀ ਜੰਗਲ ਵਿਖੇ ਗੁਰੂ ਸ਼ਰਧਾ ਇਤਨੀ ਉਜਾਗਰ ਕਰ ਦਿੱਤੀ ਸੀ ਕਿ ਹਰ ਪ੍ਰਾਣੀ ਗੁਰਚਰਨਾਂ ਨੂੰ ਪਰਸਨ ਲਈ ਤਰਸਦਾ ਪਿਆ ਸੀ। ਪਿੰਡ-ਪਿੰਡ ਲੰਗਰ ਤੇ ਸੇਵਾ ਦੇ ਪੱਗ ਲੱਗੇ ਹੋਏ ਸਨ। ਹਰ ਕੋਈ ਆਪਣੀ ਜਿੰਦ ਤੱਕ ਗੁਰੂ ਹੁਕਮਾਂ 'ਤੇ ਨਿਛਾਵਰ ਕਰਨ ਲਈ ਤਿਆਰ ਸੀ। ਕਿਤਨਾ ਕੁ ਪਿਆਰ ਪੈਦਾ ਹੋ ਗਿਆ ਸੀ, ਉਸ ਦੀ ਉਦਾਹਰਨ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਿਆ ਉਹ ਖ਼ਿਆਲ, 'ਲੱਖੀ ਜੰਗਲ ਖ਼ਾਲਸਾ ਆਓ ਦੀਦਾਰ ਕੀਤੇ ਨੇ' ਇਸ ਦੀ ਪ੍ਰਤੱਖ ਉਦਾਹਰਣ ਹੈ। ਫਿਰ ਗੁਰੂ ਤੇਗ ਬਹਾਦਰ ਜੀ ਵੀ ਬਾਬਾ ਬਕਾਲਾ ਤੋਂ ਸਿੱਧੇ ਲੱਖੀ ਜੰਗਲ ਹੀ ਗਏ ਸਨ। ਭਾਈ ਮਲਯਾਗਰ ਸਿੰਘ ਜੀ ਦੀ ਸਾਖੀ ਵੀ ਲੱਖੀ ਜੰਗਲ ਦੇ ਪਿੰਡ ਬਹਿਬਲ ਹੀ ਹੋਈ ਸੀ। ਜਦ ਲੱਖਾਂ ਦੀ ਸੰਗਤ ਇਕੱਠੀ ਹੋ ਗਈ ਸੀ ਤੇ ਘਰ-ਘਰ ਚਲਦੇ ਲੰਗਰਾਂ ਕਾਰਨ ਹੀ ਸਮਾਈ ਹੋ ਸਕੀ। ਭਾਈ ਮਲਯਾਗਰ


www.sikhbookclub.com

**ਸਿੰਘ ਜੀ** ਇਕ ਗ਼ਰੀਬ ਸਿੱਖ ਘਰੋਂ ਪੀਲੂ ਉਬਲੇ ਖਾ ਕੇ ਵੀ ਸ਼ੁਕਰ ਕਰਦੇ ਰਹੇ। ਗੁਰੂ ਜੀ ਪਾਸ ਸਿੱਖ ਦੀ ਕੀਤੀ ਸੇਵਾ ਦੀ ਭਰਵੀਂ ਸਿਫ਼ਤ ਕੀਤੀ। ਜਦ ਪਿੱਛੋਂ ਕਿਸੇ ਗੁਰੂ ਗੋਬਿੰਦ **ਸਿੰਘ** ਜੀ ਨੂੰ ਦੱਸਿਆ ਕਿ ਸਿੱਖ ਤਾਂ ਮਲਯਾਗਰ ਸਿੱਖ ਨੂੰ ਕੇਵਲ ਉਬਲੇ ਹੋਏ ਪੀਲੂ ਹੀ ਖ਼ਵਾ ਸਕਿਆ ਹੈ ਤਾਂ ਮਹਾਰਾਜ ਨੇ ਭਰੇ ਦੀਵਾਨ ਸ਼ਲਾਘਾ ਕਰਦੇ ਕਿਹਾ ਸੀ ਕਿ ਸਿੱਖ ਪਾਸ ਹੋਏ ਤੇ ਘਰ ਆਏ ਨੂੰ ਰੁੱਚ ਕਰਕੇ ਖਵਾਏ ਨਾ, ਉਸ ਨੂੰ ਬੜਾ ਦੋਸ਼ ਲਗਦਾ ਹੈ ਅਤੇ ਦੂਜੇ ਕਿਸੇ ਕੋਈ ਗ਼ਰੀਬ ਸਿੱਖ ਘਰ ਜਾ ਕੇ ਸਲੂਣਿਆਂ ਦੀ ਆਸ ਕਰੇ, ਇਸ ਤੋਂ ਵੱਡਾ ਅਪ੍ਰਾਧ ਕੋਈ ਨਹੀਂ :

> **'ਸਿੱਖ ਢਿੱਗ ਹੋਇ ਅਚਾਵਹਿ ਨਾਹੀ।।**
> **ਤੌਂ ਦੂਖਨ ਜਾਨਹੁ ਤਿਸ ਮਾਹੀ।**
> **ਨਿਰਧਨ ਸਿੱਖ ਤੇ ਜਾਚਹਿ ਨੀਕਾ।**
> **ਦੋਸ਼ ਲਖਹੁ ਅਟਵਹਿ ਤਿਸ ਹੀਕਾ।"**

ਮਤੇ ਦੀ ਸਰਾਂ, ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਅਸਥਾਨ ਦੀ ਯਾਤ੍ਰਾ ਕਰਕੇ ਗੁਰੂ ਹਰਿ ਰਾਇ ਜੀ ਮੇਹਰਾਜ ਪਧਾਰੇ।

**ਮੇਹਰਾਜੀਆਂ ਨੂੰ ਪਾਤਸ਼ਾਹੀਆਂ**—ਗੁਰੂ ਹਰਿਗੋਬਿੰਦ ਜੀ ਭਾਈ ਮੋਹਨ ਦੀ ਪ੍ਰੀਤੀ 'ਤੇ ਰੀਝੇ ਸਨ ਤੇ ਹੁਕਮ ਕੀਤਾ ਸੀ ਕਿ ਆਪਣੇ ਵਡੇਰੇ ਮੇਹਰਾਜ ਦੇ ਨਾਉਂ ਤੇ ਪਿੰਡ ਵਸਾਓ ਪਰ ਜਿੱਥੇ ਵੀ ਉਹ ਮੋਹੜੀ ਗਡਣ ਜ਼ੈਦ ਪੁਰਾਣਾ ਤੇ ਭੁੱਲਰ ਟਿਕਣ ਨ ਦੇਣ। ਗੁਰੂ ਹਰਿਗੋਬਿੰਦ ਜੀ ਦੀ ਮੇਹਰ ਸਦਕਾ ਮੇਹਰਾਜ ਵਸਿਆ, ਪਰ ਪਾਣੀ ਦੀ ਤਕਲੀਫ਼ ਬਣੀ ਰਹੀ। ਕਿਉਂਕਿ ਪਾਣੀ ਜ਼ੈਦ ਪੁਰਾਣੇ ਦੀ ਕੁਲ ਪਾਸ ਸੀ।

ਜ਼ੈਦ ਪੁਰਾਣੇ ਨੂੰ ਆਪਣੇ ਬਾਹੂ ਬਲ ਦਾ ਬਹੁਤ ਮਾਣ ਸੀ। ਸਵਾ ਮਣ ਦੀ ਬਰਛੀ ਦਾ ਵਾਰ ਸਹਿਜੇ ਕਰ ਸਕਦਾ ਸੀ। ਉਂਜ ਜ਼ੈਦ ਪੁਰਾਣੀਏ ਵੀ ਗੁਰੂ ਘਰ ਨੂੰ ਮੰਨਦੇ ਸਨ। ਜਦ ਗੁਰੂ ਹਰਿ ਰਾਇ ਦਾ ਆਉਣਾ ਸੁਣਿਆ ਤਾਂ ਸੇਵਾ ਕੀਤੀ ਪਰ ਬੋਲ ਹੰਕਾਰ ਦੇ ਹੀ ਬੋਲੀ ਜਾਣ। ਜਦ ਦਰਬਾਰ ਹਾਜ਼ਰ ਹੋ ਜ਼ੈਦ ਨੇ ਸਿਰ ਨਿਵਾਇਆ ਤਾਂ ਮਹਾਰਾਜ ਨੇ ਆਪਣੀ ਛੜੀ ਸਿਰ 'ਤੇ ਰੱਖੀ ਤੇ ਉਸ ਮਹਿਸੂਸ ਕੀਤਾ ਕਿ ਉਸ ਦੀ ਕਾਇਆ ਤਾਂ ਪਹਾੜੀ ਕਾਂ ਜਿਤਨੀ ਵੀ ਨਹੀਂ। ਗੁਰੂ ਜੀ ਤਾਂ ਤਰੀਕੇ ਨਾਲ ਸਮਝਾ ਰਹੇ ਸਨ ਕਿ ਇਹ ਕਾਲੇਕਿਆਂ ਨਾਲ ਮੇਲ ਕਰ ਲੈਣ ਪਰ ਜ਼ੈਦ ਇਹ ਆਖੇ :

> **"ਗ੍ਰਾਸ ਦੇਈਏ, ਬਾਸ ਨ ਦਈਏ।"**

ਕਾਲੇ ਨੇ ਸ਼ਿਕਾਇਤ ਵੀ ਕੀਤੀ ਕਿ ਜਦ ਉਨ੍ਹਾਂ ਦੀਆਂ ਸਵਾਣੀਆਂ ਪਾਣੀ ਤੱਕ ਭਰਨ ਜਾਂਦੀਆਂ ਹਨ ਤਾਂ ਇਨ੍ਹਾਂ ਦੇ ਜਵਾਨ ਮੁੰਡੇ ਠੱਠਾ ਮਖੌਲ ਕਰਦੇ ਸਨ। ਮਹਾਰਾਜ ਨੇ ਵਰਜਿਆ ਅਤੇ ਇਹ ਵੀ ਕਿਹਾ ਕਿ ਅੱਜ ਤੁਸੀਂ ਇਨ੍ਹਾਂ ਨਾਲ ਮੇਲ ਤੱਕ ਕਰਨ ਨੂੰ ਤਿਆਰ ਨਹੀਂ ਪਰ ਕਲ੍ਹ :

> *"ਇਹ ਮਾਲਕ ਹਵੈ ਦੇਸ਼ ਕੇ,*
> *ਤੁਮ ਹੋਵੋ ਹੋ ਪਾਹੀ।"*

ਪਰ ਜ਼ੈਦ ਪੁਰਾਣਾ ਹੰਕਾਰ ਦੇ ਬੋਲ ਬੋਲਦਾ ਚਲਾ ਗਿਆ ਤੇ ਜਾਂਦੀ ਵਾਰੀ ਕਾਲੇ ਨੂੰ ਲਲਕਾਰਿਆ ਵੀ। ਗੁਰੂ ਜੀ ਨੇ ਕਾਲੇ ਨੂੰ ਥਾਪੜੀ ਦਿੱਤੀ ਤੇ ਆਪਣੀ ਕ੍ਰਿਪਾਨ ਦੇ ਕੇ ਕਿਹਾ; ਹੁਣ ਅਤਿ ਹੋ ਗਈ ਹੈ, ਜੂਝੋ।

ਜ਼ੈਦ ਪੁਰਾਣਾ ਸਾਥੀਆਂ ਨਾਲ ਚੜ੍ਹ ਆਇਆ। ਆਉਂਦਿਆਂ ਹੀ ਉਸ ਸੈਂਹਥੀ ਬਰਛੀ ਤੇ ਚੱਕਰ ਦੇ ਵਾਰ ਕੀਤੇ, ਪਰ ਗੁਰੂ ਜੀ ਨੇ ਆਪ ਹੱਥ ਦੇ ਕੇ ਵਾਰ ਝੱਲ ਲਏ। ਅੱਗੇ ਵਧ ਜ਼ੈਦ ਪੁਰਾਣਾ ਨੂੰ ਕਾਲਾ ਨੇ ਢਾਹ ਲਿਆ ਤੇ ਜ਼ੈਦ ਧਰਤੀ 'ਤੇ ਇੰਝ ਡਿੱਗਾ ਜਿਵੇਂ ਕੋਈ ਮੁਨਾਰਾ ਡਿੱਗਦਾ ਹੈ। ਕਾਲਾ ਆਪਣੀ ਕਾਮਯਾਬੀ 'ਤੇ ਰਤਾ ਕੁ ਹੰਕਾਰ ਵਿਚ ਆਇਆ ਤੇ ਕਹਿਣ ਲੱਗਾ ਕਿ ਦੇਖੋ ਉਸ ਜ਼ੈਦ ਦੇ ਤਿੰਨ ਵੱਡੇ ਵਾਰ ਝੱਲੇ। ਮਹਾਰਾਜ ਨੇ ਹੱਥ ਦੇ ਜ਼ਖ਼ਮ ਦਿਖਾ ਕੇ ਉਸ ਨੂੰ ਨਿੰਮ੍ਰਤਾ ਵਿਚ ਰਹਿਣ ਦਾ ਉਪਦੇਸ਼ ਦਿੱਤਾ।

ਭਰੇ ਹੋਏ ਦਰਬਾਰ ਵਿਚ ਅਗਲੇ ਦਿਨ ਕਾਲਾ ਆਪਣੇ ਭਾਈ ਕਰਮ ਚੰਦ ਦੇ ਪੁੱਤਰਾਂ ਫੂਲ ਤੇ ਸੰਦਲੀ ਨਾਲ ਹਾਜ਼ਰੀ ਭਰਨ ਆਇਆ ਤਾਂ ਸਿੱਖੇ ਸਿਖਾਏ ਫੂਲ ਤੇ ਸੰਦਲੀ ਨੇ ਪੇਟ ਵਜਾਉਣੇ ਆਰੰਭ ਕਰ ਦਿੱਤੇ। ਮਹਾਰਾਜ ਨੇ ਕਾਰਨ ਪੁੱਛਿਆ ਤਾਂ ਕਾਲੇ ਨੇ ਕਿਹਾ ਕਿ ਭਰਾ ਦੇ ਗੁਜ਼ਰ ਜਾਣ ਬਾਅਦ ਇਨ੍ਹਾਂ ਘਰ ਰੱਜਵੀਂ ਰੋਟੀ ਵੀ ਨਹੀਂ ਰਹੀ।

ਬਖ਼ਸ਼ਸ਼ਾਂ ਦੇ ਦਾਤੇ ਨੇ ਕਿਹਾ : ਇਹ ਭੁੱਖੇ ਨਹੀਂ ਹਨ। ਇਨ੍ਹਾਂ ਪਿੱਛੇ ਹੋਰ ਘਨੇਰੀ ਖਾਏਗੀ। ਜਮਨਾ ਤੱਕ ਘੋੜੇ ਫਿਰਨਗੇ। "**ਜਮਨਾ ਲੌ ਨਿਜ ਅਸਵ ਫਿਰੈ ਹੈ।**" ਇਨ੍ਹਾਂ ਦੀ ਹੀ ਸੰਤਾਨ ਫੂਲਕਿਆਂ ਕਹਿਲਾਈ ਜਿਨ੍ਹਾਂ ਦਾ ਰਾਜ ਪਟਿਆਲਾ ਨਾਭਾ ਬਣਿਆ।

ਜਦ ਕਾਲੇ ਦੀ ਵਹੁਟੀ ਨੇ ਪਾਤਸ਼ਾਹੀ ਦੀਆਂ ਰਹਿਮਤਾਂ ਭਤੀਜਿਆਂ 'ਤੇ ਹੁੰਦੀਆਂ ਸੁਣੀਆਂ ਤਾਂ ਅਗਲੇ ਦਿਨ ਉਸ ਨੇ ਆਪਣੇ ਬੇਟੇ ਵੀ ਉਸੇ ਤਰ੍ਹਾਂ ਅਧੀਰ ਸ਼ਕਲ ਵਿਚ ਭੇਜੇ। ਦਰਦੀ ਦਾਤੇ ਨੇ ਕਿਹਾ : "ਰਾਜ ਪਾਤਸ਼ਾਹੀ ਤਾਂ ਉਨ੍ਹਾਂ ਦੀ ਹੋਵੇਗੀ ਪਰ **ਨਿਜ ਬਾਹੀ ਯਹਿ ਭੀ ਖੁਦ ਖੈ ਹੈ**। ਹਾਲਾ ਇਹ ਵੀ ਕਿਸੇ ਦਾ ਨਹੀਂ ਭਰਣਗੇ।"

**ਤਖ਼ਤੂਪੁਰਾ, ਗਹਿਲ ਤੇ ਭਦੌੜ**—ਗਿਆਨੀ ਠਾਕੁਰ ਸਿੰਘ ਜੀ ਨੇ ਗੁਰਦੁਆਰਾ ਦਰਸ਼ਨ ਵਿਚ ਇਹ ਹੀ ਲਿਖਿਆ ਹੈ ਕਿ ਜ਼ੈਦ ਪੁਰਾਣਾ ਤੋਂ ਫੂਲ ਬੰਸ ਦੇ ਕਾਲੇ ਹੱਥੋਂ ਫਤਹਿ ਕਰਾਏ ਅਤੇ ਰਾਜ ਦਾ ਵਰ ਦੇ ਕੇ ਗੁਰੂਸਰ ਦੇ ਲਾਗੇ ਲਹਿਰਾ ਅਤੇ ਮੇਹਰਾਜ ਦੇ ਪਿੰਡ ਆਬਾਦ ਕਰਾਏ। ੩ ਮਹੀਨੇ ੨੧ ਦਿਨ ਆਪ ਉੱਥੇ ਰਹੇ। ਉਥੋਂ ਹੀ ਗਹਿਲ ਤੇ ਭਦੌੜ ਚਰਨ ਪਾਏ ਤੇ ਸਭ ਨੂੰ '**ਵਸੋ ਰਸੋ ਕਰਤਾਰ ਰਾਖਾ**' ਦੀਆਂ ਅਸੀਸਾਂ ਦੇਂਦੇ ਸੰਗਰੂਰ, ਸੁਨਾਮ, ਸਮਾਨਾ ਤੇ ਗੂਹਲਾ, ਚੀਕਾ ਹੁੰਦੇ ਪਹੋਆ ਸਾਹਿਬ ਪੁੱਜੇ।

**ਪਹੋਆ ਸਾਹਿਬ**—ਗੁਰੂ ਹਰਿ ਰਾਇ ਸਾਹਿਬ ਜਿੱਥੇ ਭਰਮ-ਜਾਲ ਨੂੰ ਤੋੜ ਰਹੇ ਸਨ, ਉਥੇ ਪਾਖੰਡ ਜਾਲ ਤੇ ਕਰਮ ਕਾਂਡ ਦੇ ਬਖੀਏ ਵੀ ਉਧੇੜ ਰਹੇ ਸਨ। ਪਹੋਆ ਵਿਚ ਇਹ ਗੱਲ ਬ੍ਰਾਹਮਣਾਂ ਪ੍ਰਚੱਲਤ ਕੀਤੀ ਹੋਈ ਸੀ ਕਿ ਤਾਲ ਵਿਚ ਸੋਨਾ ਦਾਨ

 www.sikhbookclub.com

ਕੀਤਿਆਂ ਅੱਗੇ ਸੋਨੇ ਦਾ ਰੱਥ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਸੀ : "ਅਗੈ ਸੋ ਮਿਲੈ ਜੋ ਖਟੈ ਘਾਲੇ ਦੇਇ।" ਹੁਣ ਗੁਰੂ ਹਰਿ ਰਾਇ ਜੀ ਨੇ ਸ਼ਹਿਰ ਤੋਂ ਉੱਤਰ ਪੂਰਬ, ਸ਼ਿਵਾਲੇ ਨੇੜੇ ਉੱਚੀ ਥਾਂ ਆ ਕੇ ਡੇਰੇ ਲਗਾਏ। ਪਾਂਡਿਆਂ ਨੂੰ ਨਾਮ ਜਪਣ ਜਪਾਉਣ ਦਾ ਉਪਦੇਸ਼ ਦਿੱਤਾ। ਦੋ ਦਿਨ ਉੱਥੇ ਰਹੇ।

**ਥਾਨੇਸਰ**—ਨੀਵਿਆਂ ਨਾਲ ਪਿਆਰ ਕਰਨ ਵਾਲੇ ਅਤੇ ਭੁੱਖਿਆਂ ਨੂੰ ਪਾਤਸ਼ਾਹੀਆਂ ਬਖ਼ਸ਼ਣ ਵਾਲੇ ਸਤਵੇਂ ਪਾਤਸ਼ਾਹ ਥਾਨੇਸਰ ਉਸ ਇਲਾਕੇ ਵਿਚ ਆ ਠਹਿਰੇ ਜਿਸ ਨੂੰ ਮਹੱਲਾ ਖਾਕਰੋਬਾਂ (ਚੂਹੜਿਆਂ) ਕਿਹਾ ਜਾਂਦਾ ਸੀ। ਨਿਥਾਵਿਆਂ ਦੇ ਥਾਨ, ਗੁਰੂ ਅਮਰ ਦਾਸ ਜੀ ਦੀ ਯਾਦ ਵਿਚ ਉਥੇ ਗੁਰਦੁਆਰਾ ਉਸਾਰਿਆ ਤੇ ਸਭ ਨੂੰ ਉਪਦੇਸ਼ ਦਿੱਤਾ ਕਿ ਜਨਮ ਕਰਕੇ ਕੋਈ ਉੱਚਾ ਨੀਵਾਂ ਨਹੀਂ। ਗੁਰੂ ਨਾਨਕ ਦੇਵ ਜੀ ਦਾ ਵੀ ਉਪਦੇਸ਼ ਦੁਹਰਾਇਆ ਕਿ ਗੁਰੂ ਦਾ ਗਿਆਨ ਹੀ ਸੱਚਾ ਥਾਨ ਤੀਰਥ ਹੈ :

*"ਗੁਰੂ ਗਿਆਨ ਸਾਚਾ ਥਾਨ ਤੀਰਥ।"*

ਇਸ ਗਿਆਨ ਦੀ ਸੋਝੀ ਸ਼ਬਦ ਰਾਹੀਂ ਹੁੰਦੀ ਹੈ।

ਇਹ ਵੀ ਸਦਾ ਚੇਤੇ ਰੱਖਣ ਵਾਲੀ ਗੱਲ ਹੈ ਕਿ ਥਾਨੇਸਰ ਨੂੰ ਜਰਵਾਣੇ ਵਾਰ-ਵਾਰ ਲੁੱਟਦੇ ਰਹੇ ਹਨ ਤੇ ਬਾਬਾ ਬੰਦਾ ਸਿੰਘ ਜੀ ਨੇ ਖੰਭਾ ਇਥੇ ਹੀ ਗੱਡਿਆ ਸੀ ਕਿ ਹੁਣ ਕੋਈ ਹਿੰਦੁਸਤਾਨ ਦੀ ਅਣਖ ਨੂੰ ਹੱਥ-ਨਹੀਂ ਪਾ ਸਕੇਗਾ। ਸੰਨ ੧੭੬੩ ਵਿਚ ਸਰਦਾਰ ਭੰਗਾ ਸਿੰਘ ਜੀ ਦਾ ਥਾਨੇਸਰ ਨੂੰ ਆਪਣੀ ਰਾਜਧਾਨੀ ਬਨਾਉਣਾ ਵੀ ਇਹ ਦਰਸਾਂਦਾ ਹੈ ਕਿ ਜੇ ਗੁਰੂ ਕਰਮ ਧਰਮ ਪਤਿ ਦਾ ਰਾਖਾ ਹੈ ਤਾਂ ਸਿੱਖ ਵੀ ਪਤਿ ਦਾ ਪਹਿਰੇਦਾਰ ਹੈ। ਇਕ ਗੱਲ ਹੋਰ ਕਿ ਇਹ ਕੁਰਕਸ਼ੇਤਰ (ਥਾਨੇਸਰ) ਹੀ ਇਕ ਅਜਿਹੀ ਨਗਰੀ ਹੈ ਜਿਥੇ ਨੌਂ ਗੁਰੂ ਪਾਤਸ਼ਾਹੀਆਂ ਨੇ ਚਰਨ ਪਾਏ। ਸਿਰਫ਼ ਗੁਰੂ ਅੰਗਦ ਸਾਹਿਬ ਕੁਰਕਸ਼ੇਤਰ ਨਹੀਂ ਆਏ।

**ਕਾਕਰੂ ਕਾ ਅੰਬ**—ਕੁਰਕਸ਼ੇਤਰ ਵਿਖੇ 'ਸਿੱਧ ਬਟੀ' ਜਿਥੇ ਗੁਰੂ ਨਾਨਕ ਦੇਵ ਨੇ "ਮਾਸ ਮਾਸ ਕਰ ਮੂਰਖ ਝਗੜੇ" ਦਾ ਸ਼ਬਦ ਉਚਾਰ ਉਪਦੇਸ਼ ਦਿੱਤਾ ਸੀ, ਤੋਂ ਹੋ ਕੇ ਗੁਰੂ ਹਰਿਗੋਬਿੰਦ ਦੇ ਪਾਵਨ ਚਰਨਾਂ ਨਾਲ ਪਾਵਨ ਹੋਈ ਥਾਂ ਸਮੇਤ ਪਧਾਰ ਕੇ ਪਿਪਲੀ, ਮਾਰਕੰਡਾ, ਅੰਬਾਲਾ ਤੋਂ ਇਕ ਸਿੱਖ ਪ੍ਰੇਮੀ ਭਾਈ ਕਾਕਰੂ ਦੀ ਇੱਛਾ ਪੁਜਾਉਣ ਲਈ ਉਸ ਦੇ ਅੰਬਾਂ ਦੇ ਬਾਗ਼ ਪੁੱਜੇ। ਇਹ ਅਸਥਾਨ ਮਨੀਂ ਮਾਜਰੇ ਤੋਂ ੭ ਕੁ ਮੀਲ ਹੈ। ਭਾਈ ਕਾਕਰੂ ਤੇ ਅੰਬਾਂ ਦੇ ਬਾਗ਼ ਟਿਕਾਣਾ ਕਰਨ ਕਾਰਨ ਥਾਂ ਦਾ ਨਾਮ 'ਕਾਕਰੂ ਕਾ ਅੰਬ' ਪੈ ਗਿਆ।

ਉਥੋਂ ਪਹਾੜੀ ਰਾਹ ਤੋਂ ਹੁੰਦੇ ਬੁੰਗਾ ਸਾਹਿਬ ਤੇ ਕੀਰਤਪੁਰ ਆ ਟਿਕਾਣੇ ਕੀਤੇ। ਇਸ ਸਫ਼ਰ ਵਿਚ ਤਕਰੀਬਨ ਸਵਾ ਕੁ ਸਾਲ ਲੱਗ ਗਿਆ ਸੀ। ਦੀਵਾਲੀ ਦਾ ਮੇਲਾ ਗੁਰੂ ਸਾਹਿਬ ਨੇ ਕਰਤਾਰਪੁਰ ਕੀਤਾ ਸੀ ਤੇ ਚਾਰ ਮਹੀਨੇ ਕਰਤਾਰਪੁਰ ਟਿਕੇ ਸਨ। ਚੇਤ (ਮਾਰਚ) ਦੇ ਮਹੀਨੇ ਮਾਲਵਾ ਆ ਦਰਸ਼ਨ ਦਿੱਤੇ ਸਨ ਤੇ ਤਿੰਨ ਮਹੀਨੇ ੨੧ ਦਿਨ ਮੇਹਰਾਜ ਦੇ ੨੨ ਪਿੰਡਾਂ ਵਿਚ ਰਹੇ ਸਨ। ਸੋ ਇਸ ਸਾਰੇ ਸਫ਼ਰ ਤੇ ਸਵਾ ਕੁ ਸਾਲ ਲੱਗਾ ਪ੍ਰਤੀਤ ਹੁੰਦਾ ਹੈ।


www.sikhbookclub.com

## ੧੦

# ਰਾਜ ਬਦਲੀ, ਦਾਰਾ ਦੀ ਮਦਦ ਤੇ ਮਾਝੇ ਦੀ ਫੇਰੀ

**ਦੋਲੇਵਾਲ ਅਤੇ ਬੁੰਗਾ ਸਾਹਿਬ—** ਦਿੱਲੀ ਤੇ ਆਗਰੇ ਵਿਖੇ ਹੋ ਰਹੀ ਹਲਚਲ ਦੀਆਂ ਖ਼ਬਰਾਂ ਗੁਰੂ ਹਰਿ ਰਾਇ ਜੀ ਨੂੰ ਪੁੱਜ ਰਹੀਆਂ ਸਨ। ਆਪ ਜੀ ਨੇ ਕੀਰਤਪੁਰ ਲਾਗੇ ਮਾਖੋਵਾਲ ਦੇ ਨੇੜੇ ਦੋਲੇਵਾਲ ਇਕ ਹੋਰ ਕਿਲ੍ਹਾ ਬਣਾਇਆ ਤੇ ੫ ਕੁ ਮੀਲ ਦੱਖਣ ਵੱਲ ਬੁੰਗਾ ਸਾਹਿਬ ਦੀ ਉਸਾਰੀ ਮੁਕੰਮਲ ਕੀਤੀ। ੨੨ ਸੌ ਸਵਾਰਾਂ ਦੇ ਰਹਿਣ ਹਿਤ ਥਾਂ ਤੇ ਘੋੜਿਆਂ ਦਾ ਅਸਤਬਲ, ਦਾਣਾ ਫੱਕਾ ਭਿਉਣ ਲਈ ਵੱਡਾ ਚੁਬੱਚਾ, ਤਾਲਾਬ ਤੇ ਖੂਹ ਦੋਲੇਵਾਲ ਹੀ ਲਗਵਾਏ। ਇਕ ਅੰਦਾਜ਼ੇ ਮੁਤਾਬਕ ਤਿੰਨ ਮਹੀਨੇ ੫ ਦਿਨ ਇਥੇ ਟਿਕੇ । ਇਤਨਾ ਲੰਮਾ ਵਸੇਬਾ ਕਰਨ ਦਾ ਕਾਰਨ ਦਿੱਲੀ ਵਲੋਂ ਹਮਲਿਆਂ ਦੀ ਰੋਕਥਾਮ ਤਾਂ ਹੈ ਸੀ ਪਰ ਨਾਲ ਹੀ ਆਪ ਜੀ ਨੇ ਮਾਝੇ ਦੀ ਫੇਰੀ ਅਤੇ ਅੰਮ੍ਰਿਤਸਰ, ਨਨਕਾਣਾ ਸਾਹਿਬ, ਡੇਰਾ ਸਾਹਿਬ, ਕਰਤਾਰਪੁਰ ਰਾਵੀ ਤੇ ਗੁਰੂ ਕੀ ਬੇਰ ਸਿਆਲਕੋਟ ਤੇ ਹੋਰ ਇਲਾਕਿਆਂ ਵਿਚ ਪ੍ਰਚਾਰ ਹਿਤ ਜਾਣ ਦਾ ਚਿੱਤ ਵੀ ਸੀ, ਸੋ ਇਹ ਪ੍ਰਬੰਧ ਕੀਤੇ ਜਾ ਰਹੇ ਸਨ। ਗੁਰੂ ਜੀ ਇਹ ਜਾਣਦੇ ਸਨ ਕਿ ਇਕ ਵਾਰੀ ਫਿਰ ਸੰਗਰਾਮ ਦਾ ਖੇਤਰ ਗੋਇੰਦਵਾਲ ਤੇ ਪੰਜਾਬ ਹੀ ਬਣਨਾ ਹੈ। ਨਿਰਭੈ ਯੋਧਾ ਗੁਰੂ ਆਪਣੇ ਸਿੱਖਾਂ ਵਿਚ ਹੀ ਹੋਣਾ ਲੋੜਦੇ ਸਨ। ਕੀਰਤਪੁਰ ਸਾਰੇ ਪ੍ਰਬੰਧ ਪੱਕੇ ਕਰ ਦਿੱਤੇ ਗਏ ਸਨ। ਜੋ ਵੀ ਉਥੇ ਆਉਂਦਾ ਮਰਯਾਦਾ ਮੁਤਾਬਕ ਜੀਵਨ ਢਾਲ ਲੈਂਦਾ। ਕੈਸੀ ਕਰਨੀ ਬਣ ਗਈ ਸੀ ਸਿੱਖਾਂ ਦੀ, ਇਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :

*"ਸਿੱਖੀ ਗੁਰ ਕੀ ਦੇਸ਼ ਵਿਦੇਸ਼।*
*ਸੁਭ ਮਾਰਗ ਨਰ ਲਗੇ ਵਿਸ਼ੇਸ਼।*
*ਰਾਤ ਪਾਛਲੀ ਕਰਨਿ ਸ਼ਨਾਨ।*
*ਸਿਮਰਨਿ ਪ੍ਰਭ ਕੋ, ਦੇ ਬਹੁ ਦਾਨ ।੧੫।*
*ਕਰੈਂ ਨੇਮ ਗੁਰਬਾਨੀ ਪਢੈਂ।*
*ਗੁਰੂ ਕੋ ਪ੍ਰੇਮ ਛਮ ਕੋ ਬਢੈਂ ।"*[1]

---

੧. ਰਾਸ ੧੦, ਅੰਸ਼ ੧੬



 www.sikhbookclub.com

**ਸ਼ਾਹਜਹਾਨ ਦਾ ਬੀਮਾਰ ਹੋਣਾ**—ਸ਼ਾਹਜਹਾਨ ਨੇ ਉਸ ਸਮੇਂ ਤੋਂ ਜਦ ਤੋਂ ਨਿਰਵੈਰ ਗੁਰੂ ਨੇ ਤੁਰੰਤ ਦਾਰਾ ਦੀ ਬੀਮਾਰੀ ਸੁਣ ਗੱਜ ਮੋਤੀ, ਹਰੜ ਤੇ ਲੌਂਗ ਭੇਜੇ ਸਨ, ਆਪਣੀ ਸੋਚ ਬਦਲ ਲਈ ਸੀ। ਸ਼ਾਹਜਹਾਨ ਨੇ ਭਰੇ ਦਰਬਾਰ ਵਿਚ ਗੁਰੂ ਹਰਿ ਰਾਇ ਜੀ ਦੀ ਉਪਮਾ ਵੀ ਕੀਤੀ ਸੀ। ਦਾਰਾ ਆਪੂੰ ਕੀਮਤੀ ਭੇਟਾਵਾਂ ਲੈ ਕੀਰਤਪੁਰ ਆਇਆ ਸੀ।

ਦਾਰਾ ਸ਼ਾਹਜਹਾਨ ਦਾ ਚਹੇਤਾ ਬੇਟਾ ਸੀ ਅਤੇ ਰਾਜ ਸਾਜ ਇਕ ਪ੍ਰਕਾਰ ਦਾਰਾ ਦੇ ਹੀ ਹੱਥ ਸੀ। ਬਾਕੀ ਪੁੱਤਰਾਂ ਨੂੰ ਚੁੱਪ ਕਰਾਉਣ ਲਈ ਸ਼ਾਹਜਹਾਨ ਨੇ ਨਾਇਬ ਬਣਾ ਦਿੱਤਾ ਸੀ ਪਰ ਦਾਰਾ ਭਾਵੇਂ ਪੰਜਾਬ, ਕਾਬਲ, ਕੰਧਾਰ, ਮੁਲਤਾਨ ਦਾ ਨਾਇਬ ਸੀ ਪਰ ਰਹਿੰਦਾ ਪਿਤਾ ਕੋਲ ਆਗਰੇ ਹੀ ਸੀ।

ਵਿਉਂਤ ਅਨੁਸਾਰ ਸ਼ੁਜਾਹ ਨੂੰ ਬੰਗਾਲ, ਔਰੰਗਜ਼ੇਬ ਨੂੰ ਦੱਖਣ ਅਤੇ ਮੁਰਾਦ ਨੂੰ ਗੁਜਰਾਤ ਦੇ ਦਿੱਤਾ ਸੀ।

ਦਾਰਾ ਇਕ ਵੱਖਰੀ ਫ਼ੌਜ ਵੀ ਕੰਧਾਰ ਨੂੰ ਜਿੱਤਣ ਬਹਾਨੇ ਤਿਆਰ ਕਰ ਰਹਿਆ ਸੀ। ਔਰੰਗਜ਼ੇਬ ਨੂੰ ਸਭ ਸੂਹਾਂ ਉਸ ਦੀ ਭੈਣ ਰੌਸ਼ਨਆਰਾ ਭੇਜ ਰਹੀ ਸੀ। ਔਰੰਗਜ਼ੇਬ ਨੇ ਦਾਰਾ ਵਿਰੁੱਧ ਇਕ ਪ੍ਰਚਾਰ ਮੁਹਿੰਮ ਤੇਜ਼ ਕਰ ਦਿੱਤੀ ਸੀ ਕਿ ਜੇਕਰ ਉਹ ਸੱਚਮੁੱਚ ਬਾਦਸ਼ਾਹ ਬਣ ਗਿਆ ਤਾਂ ਹਿੰਦੁਸਤਾਨ ਵਿਚ ਇਸਲਾਮ ਦੀ ਥਾਂ ਹਕੂਮਤ ਹਿੰਦੂਆਂ ਦੀ ਹੋਵੇਗੀ।

ਸਤੰਬਰ ੧੬੫੭ ਨੂੰ ਸ਼ਾਹਜਹਾਨ ਜ਼ਰਾ ਕੁ ਢਿੱਲਾ ਹੋਇਆ ਤੇ ਛੇਤੀ ਹੀ ਬੀਮਾਰੀ ਦਾ ਹੱਲਾ ਇਤਨਾ ਗੰਭੀਰ ਬਣ ਗਿਆ ਕਿ ਉਹ ਨਿਢਾਲ ਹੋ ਕੇ ਰਹਿ ਗਿਆ। ਰਾਜ-ਕਾਜ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਯੋਗ ਉਹ ਨਾ ਰਹਿਆ। ਦਾਰਾ ਨੇ ਬੀਮਾਰੀ ਨੂੰ ਛੁਪਾਈ ਰੱਖਣਾ ਹੀ ਨੀਤੀ ਸਮਝੀ ਪਰ ਫ਼ਰਮਾਨਾਂ ਤੇ ਦਸਤਖ਼ਤ ਆਪ ਕਰਨ ਲੱਗ ਪਿਆ। ਅਪ੍ਰੈਲ ੧੬੫੮ ਨੂੰ ਦਾਰਾ ਨੇ ਹੁਕਮਨ ਆਗਰਾ ਤੋਂ ਸੂਬਿਆਂ ਵੱਲ ਜਾਣ ਵਾਲੀਆਂ ਸੜਕਾਂ ਤੇ ਪਹਿਰੇ ਬਿਠਾ ਦਿੱਤੇ। ਭਰਾਵਾਂ ਐਸੀਆਂ ਸੋਆਂ ਸੁਣ ਇਹ ਹੀ ਜਾਤਾ ਕਿ ਸ਼ਾਹਜਹਾਨ ਦੀ ਮ੍ਰਿਤੂ ਹੋ ਗਈ ਹੈ ਅਤੇ ਦਾਰਾ ਛੁਪਾ ਰੱਖ ਰਿਹਾ ਹੈ ਤੇ ਸਮਾਂ ਪਾ ਕੇ ਉਹ ਹਿੰਦੁਸਤਾਨ ਦੇ ਸ਼ਹਿਨਸ਼ਾਹ ਹੋਣ ਦਾ ਐਲਾਨ ਕਰ ਦੇਵੇਗਾ।

**ਗੁਰੂ ਹਰਿ ਰਾਇ ਜੀ ਦੀ ਪੰਜਾਬ ਫੇਰੀ**— ਸਾਹਿਬ ਗੁਰੂ ਹਰਿ ਰਾਇ ਜੀ ਕੁਝ ਚੋਣਵੇਂ ਸਿੱਖਾਂ ਤੇ ਪਰਿਵਾਰ ਸਮੇਤ ਰੋਪੜ ਤੇ ਕੋਟਲਾ, ਮਾਛੀਵਾੜਾ, ਸਮਰਾਲਾ ਹੁੰਦੇ ਹੋਏ ਸਾਹਨੇਵਾਲ ਪੁੱਜੇ।

**ਜਸਪਾਲ ਭਾਈ ਕੇ**—ਸਾਹਨੇਵਾਲ ਤੋਂ ਚੰਡਾਰੀ ਕਲਾਂ ਪਿੰਡ ਦੇ ਪੱਛਮ ਵੱਲ ਦੋ ਕੁ ਮੀਲ ਤੇ ਪਿੰਡ ਜਸਪਾਲ ਹੈ। ਉਥੋਂ ਦੇ ਇਕ ਲਾਂਗਰੀ ਸਿੱਖ ਭਾਈ ਸਾਗਰ ਮੱਲ ਦੀ ਬੇਨਤੀ ਤੇ ਪਿੰਡ ਵਿਚ ਚਰਨ ਪਾਏ। ਭਾਈ ਸਾਗਰ ਨੇ ਗੁਰੂ ਆਗਿਆ ਪਾ ਹੀ ਲੰਗਰ ਜਾਰੀ ਕੀਤਾ ਸੀ ਅਤੇ ਉਹ ਬਿਨਾਂ ਵਿਤਕਰੇ ਦੇ ਹਰ ਗ਼ਰੀਬ,

 www.sikhbookclub.com

ਅਮੀਰ ਦੀ ਸੇਵਾ ਕਰਦਾ ਸੀ। ਗੁਰੂ ਜੀ ਨੇ ਉਸ ਦੀ ਸੇਵਾ ਤੇ ਨਿਮ੍ਰਤਾ ਤੇ ਖ਼ੁਸ਼ ਹੋ ਕੇ ਇਕ ਜੋੜੀ ਤਖ਼ਤੇ ਤੇ ਲੋਹ ਵੀ ਬਖ਼ਸ਼ੀ।

ਲੰਗਰ ਕਿਤਨਾ ਖੁਲ੍ਹਾ ਤੇ ਵਿਤਕਰੇ ਰਹਿਤ ਸੀ, ਉਸ ਦੀ ਇਕ ਸਾਖ ਇਤਿਹਾਸ ਨੇ ਸਾਂਭੀ ਹੈ। ਇਕ ਵਾਰੀ ਕੁਵੇਲੇ ਹੀ ਸੂਬਾ ਜਲੰਧਰ ਦੇ ਇਕ ਲਸ਼ਕਰ ਨੇ ਆਣ ਡੇਰੇ ਪਾਏ। ਇਰਦ ਗਿਰਦ ਖਾਣ ਲਈ ਫੋਲਿਆ ਪਰ ਕੁਝ ਮਿਲੇ ਨਾ। ਲਸ਼ਕਰ ਨਾਲ ਗੁਰੂ ਘਰ ਦਾ ਪ੍ਰੇਮੀ ਦੀਵਾਨ ਹਕੂਮਤ ਰਾਇ ਸੀ। ਉਸ ਨੇ ਦੱਸਿਆ ਕਿ ਲਾਗੇ ਹੀ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਸਾਰੀ ਫ਼ੌਜ ਨੇ ਪੰਗਤਿ ਵਿਚ ਬੈਠ ਪ੍ਰਸ਼ਾਦ ਛਕਿਆ। ਐਸਾ ਪ੍ਰਭਾਵ ਪਿਆ ਕਿ ਜਾਂਦੀ ਵਾਰੀ ਹਕੂਮਤ ਰਾਇ ਦੇ ਕਹਿਣ ਤੇ ੨੦੦੦ ਵਿਘੇ ਜ਼ਮੀਨ ਤੇ ਇਕ 'ਗਰੀਬ ਨਗਰੀ' ਪਿੰਡ ਦੇ ਲੰਗਰ ਨਾਉਂ ਕਰਵਾ ਗਿਆ।

**ਦੁਸਾਂਝ ਮਸੰਦਾਂ**—ਸਤਲੁਜ ਨੂੰ ਬੇੜੀਆਂ ਤੇ ਪਾਰ ਕਰਕੇ, ਫਰਾਲਾ ਹੁੰਦੇ ਦੁਸਾਂਝ ਮਸੰਦਾਂ ਚਰਨ ਪਾਏ। ਉਥੇ ਲੋਕਾਂ ਨੂੰ ਸੰਗਤਿ ਦਾ ਮਹਾਤਮ, ਪ੍ਰਭਾਤ ਉੱਠ ਨਾਮ ਜਪਣ ਦੀ ਮਹਿਮਾ ਦੱਸੀ।[1]

**ਪਲਾਹੀ ਲਾਗੇ ਕਾਸਮ ਬੇਗ ਦਾ ਹੱਲਾ**—ਗੁਰੂ ਹਰਿ ਰਾਇ ਜੀ ਦੇ ਟਿਕਣ-ਟਿਕਾਣਿਆਂ ਦੀ ਸ਼ਾਨ ਸ਼ਾਹੀ ਲਸ਼ਕਰਾਂ ਨੂੰ ਮਾਤ ਪਾਂਦੀ ਸੀ। ਆਪ ਜੀ ਇਕ ਥਾਂ ਟਿਕਾਣਾ ਕਰਕੇ ਪ੍ਰਚਾਰ ਹਿਤ ਲਾਗਲੇ ਪਿੰਡਾਂ ਦੀਆਂ ਸੱਧਰਾਂ ਪੂਰਨ ਕਰਨ ਚਲੇ ਜਾਂਦੇ ਸਨ। ਪਲਾਹੀ (ਫਗਵਾੜੇ ਤੋਂ ਤਿੰਨ ਮੀਲ ਉੱਤਰ ਵੱਲ) ਡੇਰਾ ਕੀਤਾ ਹੋਇਆ ਸੀ ਕਿ ਮੁਖ਼ਲਸ ਖ਼ਾਨ ਦੇ ਪੋਤਰਿਆਂ ਕਾਸਮ ਬੇਗ ਤੇ ਉਮਰ ਹਯਾਤ ਖ਼ਾਨ ਨੇ ਮੌਕਾ ਤਾੜ, ਮਹਾਰਾਜ ਦੇ ਮਹਲ ਜਿੱਥੇ ਠਹਿਰੇ ਸਨ, ਹੱਲਾ ਬੋਲ ਦਿੱਤਾ।

ਜਿਸ ਦਿਨ ਤੋਂ ਗੌਰਾ ਨੇ ਨਾਈ ਜੱਸੇ ਦਾ ਗੁੱਸੇ ਵਿੱਚ ਕਤਲ ਕੀਤਾ ਸੀ, ਉਹ ਪਛਤਾਵੇ ਦੀ ਹਾਲਤ ਵਿਚ ਗੁਰੂ ਜੀ ਦੇ ਕੈਂਪ ਦੇ ਨੇੜੇ ਹੀ ਆਪਣੇ ਸਾਥੀ ਸਵਾਰਾਂ ਸਮੇਤ ਲਾਗੇ-ਲਾਗੇ ਰਹਿੰਦੇ ਸੀ ਤਾਂ ਕਿ ਕੋਈ ਗੁਰੂ ਜੀ ਵੱਲ ਮੰਦੀ ਭਾਵਨਾ ਕਰਕੇ ਹੱਲਾ ਨਾ ਕਰੇ। ਪੂਰੀ ਪਹਿਰੇਦਾਰੀ ਰੱਖਦਾ ਸੀ। ਜਿਸ ਮੌਕੇ ਦੀ ਭਾਲ ਵਿਚ ਸੀ ਉਸ ਨੇ ਮਿਲ ਗਿਆ ਜਾਣਿਆ। ਮੁਗ਼ਲਾਂ ਦੀਆਂ ਫ਼ੌਜਾਂ ਨੂੰ ਜੋ ਗੁਰੂ ਡੇਰਿਆਂ ਤੇ ਹੱਲਾ ਕਰਨ ਉੱਠ ਆਈਆਂ ਸਨ, ਕਰਾਰੀ ਹਾਰ ਦਿੱਤੀ। ਮਹਾਰਾਜ ਨੇ ਖਿਮਾ ਦਿੱਤੀ ਪਰ ਉਸ ਸਜ਼ਾ ਦਾ ਭਾਗੀ ਹੋਣ ਦੀ ਹੀ ਇੱਛਾ ਪ੍ਰਗਟਾਈ।

**ਹਦੀਆਬਾਦ, ਫਗਵਾੜਾ**—ਫਗਵਾੜਾ ਲਾਗੇ ਪੁਰਾਣਾ ਨਗਰ ਤਕੀਆਬਾਦ ਸੀ ਜਿਸ ਨੂੰ ਹੁਣ ਹਦੀਆਬਾਦ ਕਹਿੰਦੇ ਹਨ। ਫਗਵਾੜਾ ਇਸੇ ਦੀ ਜੂਹ ਵਿਚ ਸੀ। ਸੰਗਤਾਂ ਦੇ ਪ੍ਰੇਮ ਕਰ ਗੁਰੂ ਜੀ ਉਥੇ ਆਏ। ਗੁਰੂ ਜੀ ਆਪੂੰ ਜਲ ਛਕਾਂਦੇ

੧. ਮਹਾਨ ਕੋਸ਼ ਅਨੁਸਾਰ ਇਹ ਸਾਲਮ ਪਿੰਡ ਦਿੱਲੀ ਦੇ ਗੁਰਦੁਆਰਿਆਂ ਨੂੰ ਮੁਆਫ਼ ਸੀ। ਸੰਨ ੧੯੨੦ ਦੇ ਬੰਦੋਬਸਤ ਸੰਬੰਧੀ ਮਾਲ ਦੇ ਕਾਗ਼ਜ਼ਾਂ ਦਾ ਹਵਾਲਾ ਹੈ। (ਪੰਨਾ ੬੭੧, ਤੀਜੀ ਐਡੀਸ਼ਨ)

 www.sikhbookclub.com

ਅਤੇ ਸੰਗਤਾਂ ਦੀ ਸੇਵਾ ਕਰਦੇ।ਫਗਵਾੜੇ ਗੁਰੂ ਜੀ ਦਾ ਆਉਣਾ ਸੁਣ ਸੰਗਤਾਂ ਤਾਂ ਉਮੜ ਪਈਆਂ ਪਰ ਚੌਧਰੀ ਚੂਹੜ ਮੱਲ ਆਪਣੇ ਚੌਧਰੀਪੁਣੇ ਦੇ ਹੰਕਾਰ ਵਿਚ ਮੱਤਿਆ ਦਰਸ਼ਨਾਂ ਨੂੰ ਨਾ ਆਇਆ।

ਮਹਾਰਾਜ ਨੇ ਕਿਹਾ :

*"ਚੌਧਰੀ, ਰਾਇ ਸਦਾਇਐ,*
*ਮਲ ਬਲੀਐ ਅਭਿਮਾਨ।"*

ਇਹ ਬਚਨ ਆਖ ਕੇ ਆਪ ਜੀ ਉਥੋਂ ਕਰਤਾਰਪੁਰ ਵੱਲ ਚੱਲ ਪਏ। ਇਹ ਬਚਨ ਜਦ ਭਾਈ ਸੰਤੂ ਜੀ ਲੁਹਾਰ ਨੇ ਸੁਣੇ ਤਾਂ ਉਹ ਖਿਮਾ ਲੈਣ ਲਈ ਘੋੜੇ ਨਾਲ ਹੀ ਮੀਲ ਤੱਕ ਟੁਰਦਾ ਆਇਆ। ਭਾਈ ਸੰਤੂ ਦੀ ਨਿਮ੍ਰਤਾ ਵੇਖ ਆਪ ਜੀ ਘੋੜੀ ਤੋਂ ਉਤਰੇ, ਉਸ ਨੂੰ 'ਲੋਕ ਸੁਖੀਏ ਪਰਲੋਕ ਸੁਹੇਲੇ' ਦੀ ਅਸੀਸ ਦਿੱਤੀ। ਭਾਈ ਸੰਤੂ ਜੀ ਨੇ ਚੌਧਰੀ ਨੂੰ ਵੀ ਖਿਮਾ ਪ੍ਰਦਾਨ ਕਰਨ ਦੀ ਬੇਨਤੀ ਕੀਤੀ। ਆਪ ਜੀ ਨੇ ਕਿਹਾ—ਤੇਰੇ ਪਿਛੇ ਉਸ ਦਾ ਵੀ ਭਲਾ ਹੋਵੇਗਾ। ਚੌਧਰੀ ਨੂੰ ਸੁਮਤਿ ਆਈ ਤੇ ਉਹ ਵੀ ਚਰਨੀਂ ਆਣ ਢੱਠਾ।

**ਕਰਤਾਰਪੁਰ**—ਕਰਤਾਰਪੁਰ ਆਪ ਜੀ ਨੇ ਇਸ ਵਾਰੀ ਕੁਝ ਚਿਰ ਹੀ ਟਿਕਾਣਾ ਕੀਤਾ। ਪਰ ਧੀਰ ਮੱਲ ਦੇ ਚੁੱਕੇ ਚੁਕਾਏ ਜਦ ਬ੍ਰਾਹਮਣ ਨੇ ਆਪਣੇ ਮੋਏ ਪੁੱਤਰ ਨੂੰ ਜੀਵਾਲਣ ਲਈ ਫ਼ਰਯਾਦ ਕੀਤੀ ਤਾਂ ਕਿਸੇ ਨੂੰ ਪਰਉਪਕਾਰ ਹਿਤ ਜਾਨ ਵਾਰਨ ਦੀ ਗੱਲ ਕਹੀ। ਭਾਈ ਭਗਤੂ ਜੀ ਦੇ ਦੂਜੇ ਪੁੱਤਰ ਜੀਵਨ ਨੇ ਜਾਨ ਵਾਰ ਪਰਉਪਕਾਰ ਦੇ ਨਵੇਂ ਪੂਰਨੇ ਪਾਏ।

**ਬਾਬਾ ਬਕਾਲਾ**—(ਗੁਰੂ) ਤੇਗ਼ ਬਹਾਦਰ ਜੀ, ਉਸ ਸਮੇਂ ਬਾਬਾ ਬਕਾਲਾ ਹੀ ਭਾਈ ਮੇਹਰਾ ਜੀ ਦੇ ਘਰ ਗੁਰੂ ਹਰਿਗੋਬਿੰਦ ਜੀ ਦੀ ਆਗਿਆ ਪਾ ਆ ਗਏ ਸਨ। ਉਨ੍ਹਾਂ ਬੜਾ ਆਦਰ ਦਿੱਤਾ।

(ਗੁਰੂ) ਤੇਗ਼ ਬਹਾਦਰ ਜੀ ਦੀ ਬਾਬਾ ਬਕਾਲਾ ਵਿਖੇ ਨਿੱਤ ਕਾਰ ਬਾਰੇ ਸਿੱਖ ਇਤਿਹਾਸ ਨੇ ਲਿਖਿਆ ਹੈ ਕਿ ਉਹ ਅੰਮ੍ਰਿਤ ਵੇਲੇ ਉੱਠਦੇ, ਕੀਰਤਨ ਕਰਦੇ ਤੇ ਦਿਹਾੜੀ ਕਿਰਤ ਕਰ ਕੇ ਗੁਜ਼ਰਾਨ ਕਰਦੇ। ਕਿਸੇ ਦੀ ਭੇਟਾ ਸਵੀਕਾਰ ਨਾ ਕਰਦੇ। ਜੋ ਕੋਈ ਭੇਟਾ ਗੁਰੂ ਪੁੱਤਰ ਜਾਣ ਰੱਖ ਜਾਂਦਾ ਤਾਂ ਉਹ ਉਸੇ ਸਮੇਂ ਹੀ ਵੰਡ ਦੇਂਦੇ।

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ ਬਾਬਾ ਬਕਾਲਾ ਵਿਖੇ (ਗੁਰੂ) ਤੇਗ਼ ਬਹਾਦਰ ਆ ਟਿਕੇ। ਬਹੁਤ ਘੱਟ ਮਿਲਦੇ। ਲੋਕੀਂ ਦਰਸ਼ਨਾਂ ਦੀ ਸਿੱਕ ਲੈ ਕੇ ਆਉਂਦੇ ਪਰ ਆਪ ਜੀ ਕਿਸੇ ਨੂੰ ਘੱਟ ਹੀ ਦਰਸ਼ਨ ਦੇਂਦੇ। ਸ਼ਿਕਾਰ ਵੀ ਖੇਡਣ ਲਈ ਜਾਂਦੇ ਤਾਂ ਕਿ ਕੋਈ ਆ ਕੇ ਤੰਗ ਨਾ ਕਰੇ :

*"ਜਬ ਕਬ ਸ਼ਿਕਾਰ ਪ੍ਰਭ ਜਾਵੈ।*
*ਨਹੀਂ ਲਹੇ ਸਮਾਂ, ਕੋਊ ਦਰਸ਼ਨ ਪਾਵੈ।"*

ਆਪ ਜੀ ਕਿਹਾ ਕਰਦੇ ਸਨ : ਦੁਨੀਆਂ ਦੀ ਅਸਲੀਅਤ ਉਸ ਦੇ ਅਸਲੇ

 www.sikhbookclub.com

ਦੁੱਖ ਵਿਚ ਜਾਏ ਬਗ਼ੈਰ ਕੋਈ ਕਿਵੇਂ ਪਾ ਸਕਦਾ ਹੈ ? ਵਾਹਿਗੁਰੂ ਦੁੱਖ ਦੇ ਕੇ ਅਸਲੇ ਦੀ ਸੋਝੀ ਦੇਂਦਾ ਹੈ।

**ਸਾਡੇ ਲਈ ਪੂਰਨੇ**—ਕੁਝ ਚਿਰ ਬਾਬਾ ਬਕਾਲਾ ਵਿਖੇ ਟਿਕ ਗੁਰੂ ਹਰਿ ਰਾਇ ਜੀ ਉਥੋਂ ਖਡੂਰ ਸਾਹਿਬ ਆਏ।

ਜਿਵੇਂ ਕੋਈ ਕਿਤਨਾ ਪੜ੍ਹਿਆ ਹੋਵੇ ਜਦ ਦੂਜੇ ਨੂੰ ਅੱਖਰੀ ਵਿੱਦਿਆ ਦੇਣੀ ਹੁੰਦੀ ਹੈ ਪਹਿਲਾਂ ਪੈਂਤੀ ਅੱਖਰੀ ਦੇ ਪੂਰਨੇ ਹੱਥੀਂ ਪਾ ਕੇ ਦੇਂਦਾ ਹੈ। ਉਸ ਤੇ ਹੀ ਵਿਦਿਆਰਥੀ ਲਿਖਦਾ-ਲਿਖਦਾ ਹੱਥ ਪਕਾ ਲੈਂਦਾ ਹੈ ਅਤੇ ਗਿਆਨ ਦੀ ਸੋਝੀ ਹੋ ਜਾਂਦੀ ਹੈ।

ਇਸ ਯਾਤਰਾ ਤੇ ਗੁਰੂ ਹਰਿ ਰਾਇ ਜੀ ਲੰਗਰ ਵਿਚ ਬੈਠ ਹੀ ਪ੍ਰਸ਼ਾਦ ਪਾਉਂਦੇ। ਭੁੰਜੇ ਹੀ ਸੌਂਦੇ ਤਾਂਕਿ ਯਾਤਰਾ ਕਰਨ ਵਾਲੇ ਖੋਹ-ਖੋਹੀ ਵਿਚ ਕਦੇ ਨਾ ਪੈਣ। ਚੰਗੇ ਭੋਜਨ, ਅੱਛੇ ਬਿਸਤਰੇ, ਵੱਖਰੇ ਕਮਰਿਆਂ ਦੀ ਦੌੜ-ਭੱਜ ਵਿਚ ਹੀ ਨਾ ਪਏ ਰਹਿਣ :

*"ਭੂਮਾਸਨ ਸੈਨ ਦਿਆਲ ਤਹਾ ਕੀਆ।"*

ਜਿਥੇ ਗੁਰੂ ਅੰਗਦ ਦੇਵ ਜੀ ਦਾ ਟਿਕਾਣਾ ਸੀ ਉਥੇ ਬੈਠ ਸੰਗਤਾਂ ਸਮੇਤ ਕੀਰਤਨ ਕੀਤਾ। ਉਸ ਥਾਂ ਦੀ ਚਰਨ ਧੂੜ ਮੱਥੇ ਲਗਾਈ।

ਫਿਰ ਆਦਰ ਨਾਲ ਗੁਰੂ ਅੰਗਦ ਦੇਵ ਜੀ ਦੀ ਸੰਤਾਨ ਦੇ ਮੁੱਖੀਆਂ ਨੂੰ ਬੁਲਾ ਕੇ ਆਦਰ, ਸਿਰੋਪਾ ਅਤੇ ਭੇਟਾਵਾਂ ਦਿੱਤੀਆਂ ਅਤੇ ਫਿਰ ਗਲੇ ਲਗਾਇਆ :

*"ਅਤ ਸਾਦਰ ਗੁਰ ਅੰਸ ਬੁਲਾਏ ।*
*ਦੀਆ ਮਾਨ ਲੈ ਕੰਠ ਲਗਾਏ ।'੪।*
*ਕਰ ਭਾਉ ਭਗਤ ਸੰਪੈ ਬਹੁ ਦੀਆ।*

ਖਡੂਰ ਸਾਹਿਬ ਸਦਾ ਲੰਗਰ ਚਲਾਉਣ ਦੇ ਪ੍ਰਬੰਧ ਵੀ ਕੀਤੇ।

**ਗੋਇੰਦਵਾਲ ਵਿਖੇ**—ਗੋਇੰਦਵਾਲ ਪੁਜ ਕੇ ਪਹਿਲਾਂ ਸਿੱਧੇ ਸੰਗਤਾਂ ਸਮੇਤ ਬਾਉਲੀ ਸਾਹਿਬ ਦਾ ਇਸ਼ਨਾਨ ਕੀਤਾ। ਫਿਰ ਕੀਰਤਨ ਕਰਦੇ ਹੀ ਚੁਬਾਰਾ ਸਾਹਿਬ ਗਏ। ਪਹਿਲੀ ਪਉੜੀ ਤੇ ਸੀਸ ਨਿਵਾ ਧੂੜ ਮੱਥੇ ਲਗਾਈ ਤੇ ਫ਼ਰਮਾਇਆ ਕਿ ਇਹ ਚਰਨ ਧੂੜ ਕਲਿਆਣਕਾਰੀ ਹੈ :

*"ਇਹ ਚਰਨ ਧੂੜ ਕ੍ਰਿਤਾਰਥ ਰੂਪੇ ।"*

ਅਤੇ ਕੁਝ ਚਿਰ ਚੁਬਾਰਾ ਸਾਹਿਬ ਟਿਕ ਗੁਰੂ ਅਮਰ ਦਾਸ ਜੀ ਦੀ ਮਹਿਮਾ ਕਰਦੇ ਰਹੇ। ਅਟੁੱਟ ਲੰਗਰ ਚਲਾ ਦਿੱਤੇ। ਦੀਵਾਨ ਸਜਦੇ ਤੇ ਕੀਰਤਨ ਹੁੰਦੇ। ਗੁਰੂ ਅਮਰਦਾਸ ਜੀ ਦੀ ਸੰਤਾਨ ਨੇ ਵੀ ਬੜਾ ਆਦਰ ਦਿੱਤਾ ਅਤੇ ਆਪ ਜੀ ਨੇ ਵੀ ਗੁਰੂ ਸੰਤਾਨ ਨੂੰ ਵਡੇਰੇ ਜਾਣ ਸਿਰੋਪਾ ਦੀਆਂ ਬਖ਼ਸ਼ਸ਼ਾਂ ਕੀਤੀਆਂ। ਸੰਗਤਾਂ ਦਾ ਚਾਅ ਥੰਮ੍ਹਿਆ ਨਹੀਂ ਸੀ ਜਾਂਦਾ।

 www.sikhbookclub.com

**ਦਾਰਾ-ਸਤਿਗੁਰ ਮਿਲਾਪ**— ਉਧਰ ਆਗਰੇ ਵਿਚ ਹਾਲਾਤ ਨੇ ਇਤਨੀ ਛੇਤੀ ਪਲਟਾ ਖਾਧਾ ਕਿ ਦਾਰਾ ਦੇ ਸਾਰੇ ਮਨਸੂਬੇ ਮਿੱਟੀ ਵਿਚ ਮਿਲ ਗਏ।

ਅਪ੍ਰੈਲ ੧੬੫੮ ਵਿਚ ਦਾਰਾ ਨੇ ਆਗਰੇ ਨੂੰ ਆਣ ਜਾਣ ਵਾਲੇ ਰਾਹ ਬੰਦ ਕੀਤੇ ਸਨ ਤਾਂ ਮੁਰਾਦ ਨੇ ਗੁਜਰਾਤ ਵਿਖੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਸ਼ੁਜਾਹ ਨੇ ਵੀ ਆਪਣੇ ਨਾਮ ਦਾ ਖਤੁਬਾ ਬੰਗਾਲ ਵਿਖੇ ਪੜ੍ਹਵਾ ਲਿਆ। ਔਰੰਗਜ਼ੇਬ ਨੇ ਮੁਰਾਦ ਨੂੰ ਇਹ ਕਹਿ ਕੇ ਗੰਢਿਆ ਕਿ ਉਸ ਨੂੰ ਰਾਜ ਦਾ ਕੋਈ ਲਾਲਚ ਨਹੀਂ, ਫਿਕਰ ਹੈ ਹਿੰਦੁਸਤਾਨ ਵਿਚ ਇਸਲਾਮੀ ਰੁਅਬ ਹੀ ਨਾ ਮੁੱਕ ਜਾਏ। ਇਕੱਠੇ ਹੋ ਦਾਰਾ ਨੂੰ ਹਰਾ ਲਈਏ। ਰਾਜ ਮੁਰਾਦ ਨੂੰ ਦਿਲਵਾ ਕੇ ਉਹ ਤਾਂ ਹੱਜ ਤੇ ਚਲਾ ਜਾਏਗਾ।

ਮੁਰਾਦ ਝਾਂਸੇ ਵਿਚ ਆ ਗਿਆ। ਸਾਂਝੀਆਂ ਫੌਜਾਂ ਦਾ ਮਾਰਚ ਆਗਰੇ ਵੱਲ ਅਰੰਭ ਹੋ ਗਿਆ। ਧਰਮਤ ਦੇ ਸਥਾਨ ਤੇ ਦਾਰਾ ਦੇ ਭੇਜੇ ਰਾਜਾ ਜਸਵੰਤ ਸਿੰਘ ਤੇ ਕਾਸਮ ਖ਼ਾਨ ਨੇ ਰੋਕਣਾ ਚਾਹਿਆ ਪਰ ਉਨ੍ਹਾਂ ਦੋਵਾਂ ਨੂੰ ਮੂੰਹ ਦੀ ਖਾਣੀ ਪਈ।

ਸ਼ੁਜਾਹ ਵੀ ਫ਼ੌਜਾਂ ਲੈ ਕੇ ਆਗਰੇ ਵਲ ਵਧਿਆ। ਸੁਲੇਮਾਨ ਸ਼ਿਕੋਹ ਨੇ ਉਸ ਨੂੰ ਬਨਾਰਸ ਵਿਖੇ ਹਾਰ ਦਿੱਤੀ। ਸ਼ੁਜਾਹ ਤਾਂ ਉਥੋਂ ਹੀ ਵਾਪਸ ਬੰਗਾਲ ਮੁੜ ਗਿਆ।

ਸ਼ਾਮੂਗੜ੍ਹ ਦੇ ਅਸਥਾਨ ਤੇ ਦਾਰਾ ਆਪੂੰ ਮੁਰਾਦ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਦਾ ਟਾਕਰਾ ਕਰਨ ਲਈ ਆਇਆ।

ਸ਼ਾਮੂਗੜ੍ਹ ਆਗਰੇ ਤੋਂ ਪੂਰਬ ਵੱਲ ਦਸ ਮੀਲ ਤੇ ਨਿੱਕਾ ਜਿਹਾ ਪਿੰਡ ਹੈ। ਜਿੱਤ ਹੋ ਜਾਣੀ ਸੀ ਪਰ ਆਪਣੇ ਵਲੋਂ ਫੁਰਤੀ ਦਿਖਾਂਦੇ ਦਾਰਾ ਨੇ ਹਾਥੀ ਛੱਡ, ਘੋੜਾ ਪਕੜ ਲਿਆ। ਹਾਥੀ ਦਾ ਹੁੱਦਾ ਖ਼ਾਲੀ ਦੇਖਣਾ ਸੀ ਕਿ ਦਾਰਾ ਦੀਆਂ ਫ਼ੌਜਾਂ ਵਿਚ ਭਗਦੜ ਮੱਚ ਗਈ। ਦਾਰਾ ਹਾਰ ਖਾ ਕੇ ਆਗਰੇ ਵੱਲ ਭੱਜਿਆ। ਇਤਨਾ ਸ਼ਰਮਸਾਰ ਸੀ ਕਿ ਬਾਪ ਸ਼ਾਹਜਹਾਨ ਤੱਕ ਨੂੰ ਵੀ ਮਿਲਣ ਨਾ ਗਿਆ ਤੇ ਨਾ ਹੀ ਸਲਾਹ ਲਈ। ਦਿੱਲੀ ਵੱਲ ਨੱਠ ਉੱਠਿਆ। ਸ਼ਾਹਜਹਾਨ ਨੇ ਫਿਰ ਵੀ ਹੌਸਲਾ ਨਾ ਹਾਰਨ ਦੀ ਸਲਾਹ ਭੇਜੀ ਤੇ ਦਿੱਲੀ, ਪੰਜਾਬ ਦੇ ਖ਼ਜ਼ਾਨਿਆਂ ਤੇ ਕਬਜ਼ਾ ਕਰ, ਫ਼ੌਜਾਂ ਨੂੰ ਇਕੱਠਿਆਂ ਕਰਕੇ ਮੁਕਾਬਲਾ ਕਰਨ ਲਈ ਪ੍ਰੇਰਿਆ। ਇਹ ਵੀ ਸਲਾਹ ਦਿੱਤੀ ਕਿ ਸੁਲੇਮਾਨ ਸ਼ਿਕੋਹ ਦੀਆਂ ਜੇਤੂ ਫ਼ੌਜਾਂ ਦੀ ਉਡੀਕ ਦਿੱਲੀ ਬੈਠ ਕਰੇ।

ਪਰ ਆਗਰੇ ਵਿਚ ਹਾਲਾਤ ਇਤਨੀ ਤੇਜ਼ੀ ਨਾਲ ਬਦਲ ਰਹੇ ਸਨ ਕਿ ਦਾਰਾ ਕਾਬੂ ਨਾ ਪਾ ਸਕਿਆ। ਉਸ ਦਿੱਲੀ ਉਡੀਕਣ ਦੀ ਥਾਂ ਪੰਜਾਬ ਨੂੰ ਅੱਡਾ ਬਨਾਉਣ ਦੀ ਸੋਚੀ। ਪੰਜਾਬ ਉਸ ਦੀ ਜਾਗੀਰ ਸੀ ਤੇ ਗ਼ੈਰਤ ਖ਼ਾਨ ਲਾਹੌਰ ਦਾ ਨਵਾਬ, ਉਸ ਦਾ ਪੱਖੀ ਤੇ ਵਫ਼ਾਦਾਰ ਸਾਥੀ ਸੀ।

ਲਾਲ ਕਿਲ੍ਹੇ ਤੇ ਦਾਰਾ ਕਬਜ਼ਾ ਵੀ ਨਾ ਕਰ ਸਕਿਆ ਕਿਉਂਕਿ ਕਿਲ੍ਹੇਦਾਰ ਨੂੰ ਪਹਿਲਾਂ ਹੀ ਔਰੰਗਜ਼ੇਬ ਨੇ ਇਸਲਾਮ ਦਾ ਵਾਸਤਾ ਤੇ ਲਾਲਚ ਦੇ ਕੇ ਆਪਣੇ ਵੱਲ ਕਰ ਲਿਆ ਸੀ। ਦਾਰਾ ਨੇ ਡੇਰੇ ਪੁਰਾਣੇ ਕਿਲ੍ਹੇ ਲਗਾ ਲਏ। ਪੰਜ ਜੂਨ ਨੂੰ

 www.sikhbookclub.com

ਦਾਰਾ ਦਿੱਲੀ ਪੁੱਜਾ ਸੀ ਤੇ ਉਥੇ ਸੁਲੇਮਾਨ ਸ਼ਿਕੋਹ ਦੀ ਉਡੀਕ ਕਰਨ ਲੱਗਾ।

ਉਧਰ ੮ ਜੂਨ ਨੂੰ ਔਰੰਗਜ਼ੇਬ ਨੇ ਆਗਰੇ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਤੇ ਪਿਤਾ ਸ਼ਾਹਜਹਾਨ ਨੂੰ ਕੈਦੀ ਬਣਾ ਅੰਦਰਲੇ ਮਹੱਲ ਵਿਚ ਬੰਦੀ ਬਣਾ ਦਿੱਤਾ।

ਔਰੰਗਜ਼ੇਬ ਆਗਰੇ ਨਾ ਰੁਕਿਆ ਤੇ ਫ਼ੌਜਾਂ ਨਾਲ ਦਿੱਲੀ ਵੱਲ ਵਧ ਪਿਆ। ਦਾਰਾ ਦਾ ਖ਼ਿਆਲ ਸੀ ਕਿ ਆਗਰੇ ਦੇ ਕਿਲ੍ਹੇ ਤੇ ਕਬਜ਼ਾ ਕਰਦਿਆਂ ਸਮਾਂ ਲੱਗੇਗਾ ਤੇ ਉਤਨੇ ਨੂੰ ਸੁਲੇਮਾਨ ਸ਼ਿਕੋਹ ਦੀਆਂ ਫ਼ੌਜਾਂ ਆਣ ਮਿਲਣਗੀਆਂ।

ਹੁਣ ਦਾਰਾ ਪਾਸ ਦੋ ਰਾਹ ਸਨ। ਇਕ ਇਹ ਕਿ ਆਪਣੇ ਬੇਟੇ ਦੀਆਂ ਫ਼ੌਜਾਂ ਨਾਲ ਅਲਾਹਾਬਾਦ ਜਾ ਮਿਲੇ ਅਤੇ ਸ਼ੁਜਾਹ ਨਾਲ ਸਲਾਹ ਕਰਕੇ ਆਗਰਾ ਤੇ ਹੱਲਾ ਬੋਲੇ ਤੇ ਦੂਜਾ ਪੰਜਾਬ ਵੱਲ ਜਾਏ।

ਉਸ ਨੇ ਫ਼ੈਸਲਾ ਪੰਜਾਬ ਵੱਲ ਜਾਣ ਦਾ ਕੀਤਾ। ਗੁਰੂ ਹਰਿ ਰਾਇ ਜੀ ਨੂੰ ਉਸ ਨੇ ਪੱਤਰ ਵੀ ਲਿਖਿਆ। ਪੱਤਰ ਵਿਚ ਗੁਰੂ ਹਰਿ ਰਾਇ ਜੀ ਦੀ ਬਹੁਤ ਉਪਮਾ ਤੇ ਮਿਲਾਪ ਦੀ ਇੱਛਾ ਪ੍ਰਗਟ ਕਰਦੇ ਲਿਖਿਆ ਸੀ ਕਿ ਮੱਛੀ ਵਾਂਗ ਜਾਲ ਵਿਚ ਫਸ ਗਿਆ ਹਾਂ ਤੁਸੀਂ ਹੀ ਕੱਢੋ।

"ਸੂਰਜ ਪ੍ਰਕਾਸ਼" ਦੇ ਸ਼ਬਦਾਂ ਵਿਚ :

*"ਖਤ ਮਹਿ ਲਿਖ ਕਰਿ ਪ੍ਰੇਮ ਪਠਾਇਵ।*
*ਮਿਲਨਿ ਸ਼ੋਕ ਨਾਮਾ ਉਪਜਾਇਵ।"*

ਇਹ ਸ਼ਬਦ ਵੀ ਲਿਖੇ ਸਨ :

*"ਵਲਾਇਤ ਵਲੀ, ਅਹਿਲ ਆਰਫ ਕਮਾਲ।*
*ਜਿਨੋ ਕੋ ਮਿਲੇ ਰੱਬ ਪਾਈਅਹਿ ਜਮਾਲ।*
*ਆਰਫ ਫਕਰ ਰੱਬ ਦੀ ਪਾਕ ਜਾਤ।*
*ਜਿਨੋ ਕੀ ਮਿਹਰ ਸੰਗ ਹੋਹ ਬਹਿ ਨਿਜਾਤ।੧।*
*ਨਾਦਰ ਪਿਖਿਨ ਇਕ ਸ਼ਕਲ ਦਰਮਿਆਂ[1]*
*ਜਿਨ੍ਹੋ ਪੈ ਮਿਹਰ ਤੁਮ ਤਿਨ੍ਹੋ ਇਹ ਲਿਯਾਂ[2]"*

ਮੁਹੰਮਦ ਅਕਬਰ ਨੇ "ਦੀ ਪੰਜਾਬ ਅੰਡਰ ਮੁਗ਼ਲਜ਼" ਵਿਚ ਲਿਖਿਆ ਹੈ ਕਿ ਔਰੰਗਜ਼ੇਬ ਵਲੋਂ ਪਿੱਛਾ ਕਰਦੇ ਦਾਰਾ ਨੇ ਗੁਰੂ ਜੀ ਪਾਸ ਬੇਨਤੀ ਭੇਜੀ।

ਸੁਲੇਮਾਨ ਸ਼ਿਕੋਹ ਨੂੰ ਲਾਹੌਰ ਪੁੱਜਣ ਦਾ ਸੁਨੇਹਾ ਘੱਲ ਉਹ ਕੀਰਤਪੁਰ ਵੱਲ ਚੱਲ ਪਿਆ। ਕੀਰਤਪੁਰ ਹੀ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਤਾਂ ਪੰਜਾਬ ਗਏ ਹੋਏ ਹਨ। ਉਸ ਤਲਵਣ ਦੇ ਅਸਥਾਨ ਤੋਂ ਸਤਲੁਜ ਪਾਰ ਕੀਤਾ ਅਤੇ ਆਪਣੇ ਵਫ਼ਾਦਾਰ ਸਾਥੀ ਜਰਨੈਲ ਨੂੰ ਦਰਿਆ ਦੀ ਰਾਖੀ ਤੇ ਲਗਾਇਆ ਕਿ ਔਰੰਗਜ਼ੇਬ ਦੀਆਂ ਆਉਂਦੀਆਂ ਫ਼ੌਜਾਂ ਨੂੰ ਰੋਕੇ। ਉਥੋਂ ਦਾਰਾ ਗੋਇੰਦਵਾਲ ਪੁੱਜਾ :

---

੧. ਸਾਰਿਆਂ ਵਿਚ ਇਕ ਪ੍ਰਭੂ ਦਾ ਰੂਪ ਦੇਖਣ ਦੀ ਸ਼ਕਤੀ।

੨. ਰਾਸ ੬ ਅੰਸ਼ ੧੪।

 www.sikhbookclub.com

*ਦਰਿਆਉ ਉਤਰ ਦਾਰਾ ਸ਼ਿਕੋਹ,*
*ਸਤਿਗੁਰ ਜੋ ਕੀਆ ਮਿਲਾਪ।*
*ਗੁਰੂ ਅੰਤਰਜਾਮੀ ਜਾਣਿਆ,*
*ਦੇਖ ਅਮਿਤ ਪ੍ਰਤਾਪ।*

ਉਸ ਦੀ ਦੀਨ ਦਸ਼ਾ ਦੇਖ ਗੁਰੂ ਹਰਿ ਰਾਇ ਜੀ ਨੇ ਧੀਰਜ ਦਿੱਤਾ ਤੇ ਕਿਹਾ : ਦੀਨੀ ਰਾਜ, ਜਸਰਾਜ ਨਾਲੋਂ ਕਿਧਰੇ ਵਡੇਰਾ ਤੇ ਉੱਚਾ ਹੈ। ਉਸ ਨੇ ਇਹ ਬੇਨਤੀ ਕੀਤੀ ਕਿ ਹੁਣ ਰੱਖਿਆ ਕਰਨ ਤੇ ਬਿਆਸ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਰੋਕ ਪਾਉਣ ਤਾਂ ਕਿ ਉਹ ਲਾਹੌਰ ਪੁੱਜ ਜਾਏ :

*"ਹਮ ਪਾਛੈ ਆਵੈ ਫ਼ੌਜ ਤੇ ਦੋ ਪਹਿਰ ਅਟਕਾਇ,"*

ਦੇ ਸ਼ਬਦ ਉਸ ਕਹੇ ਸਨ :

ਸਤਿਗੁਰੂ ਜੀ ਨੇ ਆਪਣੀਆਂ ਫ਼ੌਜਾਂ ਨੂੰ ਘਾਟ ਤੇ ਦੋ ਪਹਿਰ ਪਹਿਰਾ ਰੱਖਣ ਦਾ ਹੁਕਮ ਦਿੱਤਾ ਤੇ ਕਿਸੇ ਨੂੰ ਘਾਟ ਤੇ ਉਤਰਨ ਨਾ ਦਿੱਤਾ। ਪਿੱਛਾ ਕਰਨ ਵਾਲੀਆਂ ਫ਼ੌਜਾਂ ਬਿਟ-ਬਿਟ ਤੱਕਦੀਆਂ ਰਹੀਆਂ :

*'ਸ੍ਰੀ ਸਤਿਗੁਰ ਘਾਟ ਬੰਦ ਕਰ ਲੀਨਾ।*
*ਤੋਪਖਾਨਾ ਸਨਮੁਖ ਕਰ ਦੀਨਾ।*
*ਦੋ ਪਹਿਰ ਲਗ ਘਾਟ ਬੰਦ ਗੁਰ ਕੀਆ।*
*ਕਾਹੂ ਕੋ ਉਤਰਨ ਨਹੀਂ ਦੀਆ।' ੨੮।*

(ਮਹਿਮਾ ਪ੍ਰਕਾਸ਼ ਸਾਖੀ ੧੬)

SIKHBOOKCLUB.COM

੨੩, ਜੁਲਾਈ, ੧੬੫੮ ਨੂੰ ਦਾਰਾ ਲਾਹੌਰ ਪੁੱਜ ਗਿਆ। ਤੀਹ ਹਜ਼ਾਰ ਤੋਂ ਵੱਧ ਫ਼ੌਜ ਵੀ ਉਸ ਇਕੱਠੀ ਕਰ ਲਈ। ਪਹਾੜੀ ਰਾਜਿਆਂ ਵੀ ਮਦਦ ਭੇਜੀ। ਇਕ ਰਾਜਾ ਰਾਜਰੂਪ ਸਿੰਘ ਦਾ ਨਾਂ ਬਹੁਤ ਉੱਘਾ ਹੈ। ਉਸ ਨੂੰ ਬੇਟੇ ਜਿਤਨਾ ਸਤਿਕਾਰ ਦਾਰਾ ਦੀ ਬੇਗ਼ਮ ਨੇ ਦਿੱਤਾ।

ਦਾਰਾ ਤਿਆਰੀਆਂ ਤਾਂ ਠੀਕ ਕਰ ਰਿਹਾ ਸੀ ਪਰ ਔਰੰਗਜ਼ੇਬ ਦੀ ਫੁਰਤੀ ਅੱਗੇ ਉਸ ਦੀ ਇਕ ਨਾ ਚੱਲੀ। ਔਰੰਗਜ਼ੇਬ ਦੀਆਂ ਫ਼ੌਜਾਂ ਦੀ ਟੁਕੜੀ ੨ ਅਗਸਤ ਨੂੰ ਸਤਲੁਜ ਪੁੱਜ ਗਈ। ਦਾਊਦ ਖ਼ਾਨ ਦੀ ਅੱਖ ਬਚਾ ਕੇ ਸਤਲੁਜ ਵੀ ਉਨ੍ਹਾਂ ਪਾਰ ਕਰ ਲਿਆ। ਦਾਊਦ ਖ਼ਾਨ ਨੇ ਜਾਣਿਆ ਕਿ ਹੁਣ ਸਤਲੁਜ ਰੁਕਣਾ ਠੀਕ ਨਹੀਂ ਤੇ ਸੁਲਤਾਨਪੁਰ ਤੋਂ ਬਿਆਸਾ ਪੁੱਜ ਗਿਆ। ਉਥੇ ਹੀ ਦਾਰਾ ਨੇ ਦਾਊਦ ਨੂੰ ਕਿਹਾ ਕਿ ਆ ਰਹੀਆਂ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਬਿਆਸਾ ਕਿਨਾਰੇ ਹੀ ਰੋਕੇ।

ਔਰੰਗਜ਼ੇਬ ਨੇ ਲੜਾਈ ਨਾਲੋਂ ਚਾਲ ਵਰਤਣੀ ਭਲੇਰੀ ਜਾਣੀ। ਦਾਊਦ ਦੀ ਇਕ ਜਾਲ੍ਹੀ ਚਿੱਠੀ ਬਣਾ ਕੇ ਦਾਰਾ ਹੱਥ ਪੁਚਾ ਦਿੱਤੀ। ਉਸ ਵਿਚ ਲਿਖਿਆ ਸੀ ਕਿ ਔਰੰਗਜ਼ੇਬ ਫ਼ਿਕਰ ਨਾ ਕਰੇ ਪਹਿਲਾ ਮੌਕਾ ਮਿਲਦੇ ਹੀ ਉਹ ਦਾਰਾ ਨੂੰ ਪਕੜ ਹਾਜ਼ਰ ਕਰੇਗਾ। ਦਾਰਾ ਸ਼ੱਕੀ ਹੋ ਗਿਆ। ਲਾਹੌਰ ਨਾ ਟਿਕਿਆ। ਰਾਵੀ ਵੀ ਲੰਘਾਹ ਦੇ ਪੁੱਤਰ ਸਕੰਦਰ ਨੇ ਗੁਰੂ ਜੀ ਦੀ ਆਗਿਆ ਨਾਲ ਪਾਰ ਕਰਵਾ ਦਿੱਤਾ।

 www.sikhbookclub.com

ਉਥੋਂ ਉਹ ਮੁਲਤਾਨ ਵੱਲ ਚਲਾ ਗਿਆ ਕਿਉਂਕਿ ਕਾਬਲ ਦੇ ਨਵਾਬ ਮਹਾਬਤ ਖ਼ਾਨ ਨੇ ਮਦਦ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਔਰੰਗਜ਼ੇਬ ਰੋਪੜ ਰੁਕਿਆ ਹੋਇਆ ਸੀ। ਉਥੇ ਹੀ ਉਸ ਨੂੰ ਖ਼ਬਰ ਪੁੱਜੀ ਕਿ ਦਾਰਾ ਲਾਹੌਰ ਛੱਡ ਭੱਜ ਉੱਠਿਆ ਹੈ। ਖ਼ਲੀਲ ਉਲਾਹ ਖ਼ਾਨ ਉਸ ਵੇਲੇ ਗੜ੍ਹਸ਼ੰਕਰ ਆਇਆ ਸੀ। ਤਾਹਰ ਖ਼ਾਨ ਨੂੰ ਉਸ ਪਾਸ ਭੇਜਿਆ ਕਿ ਲਾਹੌਰ ਛੇਤੀ ਪੁੱਜ ਕੇ ਖ਼ਜ਼ਾਨੇ ਨੂੰ ਲੁੱਟਣ ਤੋਂ ਬਚਾਏ।

ਔਰੰਗਜ਼ੇਬ ਆਪੂੰ ਮੁਲਤਾਨ ਵੱਲ ਚੱਲ ਪਿਆ ਤਾਂਕਿ ਦਾਰਾ ਛੇਤੀ ਪਕੜਿਆ ਜਾ ਸਕੇ। ਦਾਊਦ ਦੀ ਮਦਦ ਲੈਣ ਦੀ ਬਜਾਇ ਦਾਰਾ ਨੇ ਸਗੋਂ ਉਸ ਨੂੰ ਜਲੀਆਂ ਕਟੀਆਂ ਸੁਣਾਈਆਂ। ਦਾਊਦ ਅਪਮਾਨ ਨਾ ਸਹਾਰ ਸਕਿਆ ਤੇ ਦਾਰਾ ਦੀ ਜਾਨ ਦਾ ਵੈਰੀ ਹੋ ਗਿਆ।

ਸਿੰਧ ਵਿਚ ਦਾਰਾ ਬੇ-ਘਰ ਫਿਰ ਰਿਹਾ ਸੀ ਕਿ ਨਾਦਰਾ ਬੇਗ਼ਮ ਦੀ ਮੌਤ ਵੀ ਹੋ ਗਈ। ਜਿਸ ਸਿੰਧ ਦੇ ਇਕ ਸਰਦਾਰ ਮਲਕ ਜੀਵਨ ਪਾਸ ਉਹ ਜੂਨਾ ਨਗਰ ਰਹਿ ਰਿਹਾ ਸੀ, ਉਸੇ ਨੇ ਹੀ ਦਾਰਾ ਤੇ ਉਸ ਦੇ ਪੁੱਤਰ ਨੂੰ ਪਕੜ, ਬੇੜੀਆਂ ਵਿਚ ਜਕੜ ਦਿੱਲੀ ਜਾ ਪੇਸ਼ ਕੀਤਾ। ਕਹਿੰਦੇ ਹਨ ਕਿ ਦਾਰਾ ਨੇ ਔਰੰਗਜ਼ੇਬ ਨੂੰ ਤਖ਼ਤ ਮੁਬਾਰਕ ਤਕ ਕਿਹਾ ਪਰ ਉਸ ਨੇ ਇਹ ਕਹਿ ਕੇ ਕਤਲ ਕਰਵਾਇਆ ਕਿ ਐਸੇ ਬੇ-ਦੀਨ ਜਿਸ ਨੇ ਆਪਣੀਆਂ ਲਿਖਤਾਂ ਵਿਚ ਕੁਫ਼ਰ ਤੇ ਇਸਲਾਮ ਨੂੰ ਜੁੜਵੇਂ ਭਰਾ ਲਿਖਿਆ ਹੈ, ਦਾ ਕਤਲ ਕਰਨਾ ਸਵਾਬ ਹੈ। ਔਰੰਗਜ਼ੇਬ ਨੇ ਸਿਰ ਕੱਟਣ ਦਾ ਹੁਕਮ ਦਿੱਤਾ ਤੇ ਫਿਰ ਮੁਰਾਦ ਨੂੰ ਵੀ ਧੋਖੇ ਨਾਲ ਮਰਵਾ ਤਾਜ ਤਖ਼ਤ ਦਾ ਮਾਲਕ ਬਣ ਗਿਆ।

**ਗੁਰੂ ਹਰਿ ਰਾਇ ਜੀ ਦਾ ਅੰਮ੍ਰਿਤਸਰ ਪਧਾਰਨਾ**—ਗੋਇੰਦਵਾਲ ਤੋਂ ਗੁਰੂ ਜੀ ਤਰਨਤਾਰਨ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਆਏ। ਹਰਿ ਜੀ ਜਿਸ ਨੇ ਦਰਬਾਰ ਸਾਹਿਬ ਤੇ ਕਬਜ਼ਾ ਕੀਤਾ ਹੋਇਆ ਸੀ, ਛੱਡ ਕੇ ਹੇਹਰੀਂ ਚਲਾ ਗਿਆ। ਮਹਾਰਾਜ ਨੇ ਦਰਬਾਰ ਸਾਹਿਬ ਦੀ ਮਰਯਾਦਾ ਬੱਧੀ ਤੇ ਅੱਠੋ ਪਹਿਰ ਕੀਰਤਨ ਦਾ ਹੁਕਮ ਦਿੱਤਾ। ਅਕਾਲ ਤਖ਼ਤ ਦੀਵਾਨ ਸਜਾਏ। ਕੁਝ ਦਿਨ ਅੰਮ੍ਰਿਤਸਰ ਟਿਕਾਣੇ ਕਰ ਲਾਹੌਰ, ਡੇਹਰਾ ਸਾਹਿਬ, ਚੂਨਾ ਮੰਡੀ ਲਾਹੌਰ ਤੇ ਮੁਜ਼ੰਗੀ ਹੋ ਨਨਕਾਣਾ ਸਾਹਿਬ ਪੁੱਜੇ।

**ਨਨਕਾਣਾ ਸਾਹਿਬ**—ਨਨਕਾਣਾ ਸਾਹਿਬ ਜਨਮ-ਅਸਥਾਨ ਪੁੱਜ ਕੇ ਅਤਿ ਦੀ ਸ਼ਰਧਾ ਗੁਰੂ ਹਰਿ ਰਾਇ ਜੀ ਨੇ ਦਰਸਾਈ। ਸੰਗਤਾਂ ਦੇਖ-ਦੇਖ ਹੈਰਾਨ ਹੋ ਰਹੀਆਂ ਸਨ ਕਿ ਗੁਰੂ ਨਾਨਕ ਦੇਵ ਜੀ ਦਾ ਭਾਵੇਂ ਉਹ ਜ਼ਾਹਰੀ ਸਰੂਪ ਹਨ ਪਰ ਸ਼ਰਧਾ ਸਿੱਖਾਂ ਵਾਂਗ ਹੀ ਦਰਸਾ ਰਹੇ ਹਨ। ਇਥੋਂ ਤਕ ਕਿ ਆਪ ਜੀ ਨੇ ਆਪਣੇ ਖੰਡੇ ਤੇ ਜੋ ਹੁਣ ਕਰਤਾਰਪੁਰ ਪਿਆ ਹੈ **'ਸ੍ਰੀ ਗੁਰੂ ਨਾਨਕ ਦੇਵ ਜੀ ਸਹਾਇ'** ਹੀ ਲਿਖਵਾਇਆ।

 www.sikhbookclub.com

ਸੰਗਤਾਂ ਸਮੇਤ ਕਿਆਰਾ ਸਾਹਿਬ, ਤੰਬੂ ਸਾਹਿਬ ਦਰਸ਼ਨਾਂ ਹਿੱਤ ਪਧਾਰੇ।

ਨਨਕਾਣਾ ਸਾਹਿਬ ਤਿੰਨ ਹਫ਼ਤੇ ਰੁਕੇ। ਉਥੋਂ ਚੂਹੜਕਾਨਾ, ਕਰਤਾਰਪੁਰ (ਰਾਵੀ) ਹੁੰਦੇ ਬਾਬੇ ਦੀ ਬੇਰ ਸਿਆਲਕੋਟ ਆਏ।

**ਭਾਈ ਹਕੀਕਤ ਰਾਇ ਦੇ ਦਾਦਾ ਜੀ ਨੂੰ ਉਪਦੇਸ਼**—ਸਿਆਲਕੋਟ ਤੋਂ ਹੀ ਗਲੋਟੀਆਂ ਖੁਰਦ ਭਾਈ ਨੰਦ ਲਾਲ ਜੀ ਪੁਰੀ ਦੀ ਸ਼ਰਧਾ ਦੇਖ ਆਏ। ਆਪ ਜੀ ਸੰਗਤਾਂ ਨੂੰ ਨਾਮ ਜਪਣ, ਸੇਵਾ ਕਰਨ ਤੇ ਅੰਮ੍ਰਿਤ ਵੇਲਾ ਨਾ ਖੁੰਝਾਉਣ ਦਾ ਉਪਦੇਸ਼ ਦੇ ਰਹੇ ਸਨ।

ਦੀਵਾਨ ਦੀ ਸਮਾਪਤੀ ਉਪ੍ਰੰਤ ਨੰਦ ਲਾਲ ਜੀ ਨੇ ਪਾਸ ਆ ਬੇਨਤੀ ਕੀਤੀ ਕਿ ਆਪ ਜੀ ਦੇ ਹੁਕਮਾਂ ਤੇ ਤੁਰਦੇ ਹਾਂ ਪਰ ਜੀਵਨ ਧਰਮੀ ਨਹੀਂ ਬਣਦਾ, ਕੋਈ ਉਚੇਚਾ ਖ਼ਾਸ ਉਪਦੇਸ਼ ਦਿਓ। ਆਪ ਜੀ ਨੇ ਕਿਹਾ ਉਪਦੇਸ਼ ਚਹੁੰ ਵਰਨਾਂ ਕੋ ਸਾਂਝਾ ਹੀ ਹੈ। ਫਿਰ ਵੀ ਜਦ ਤੁਸੀਂ ਉਚੇਚੇ ਉਪਦੇਸ਼ ਦੀ ਯਾਚਨਾ ਕਰਦੇ ਹੋ ਤਾਂ ਤਿੰਨ ਬਾਤਾਂ ਜ਼ਿੰਦਗੀ ਭਰ ਕਰਦੇ ਰਹਿਣਾ, ਘਰ ਧਰਮੀ ਕਹਿਲਾਏਗਾ :

ਇਕ—**ਕੇਸ ਨਹੀਂ ਕਟਾਣੇ।**

ਦੂਜੇ—**ਤੰਮਾਕੂ ਨਹੀਂ ਸੇਵਣਾ।**

ਤੀਜੇ—**ਟੋਪੀ ਕਦੇ ਨਾ ਪਹਿਨਣੀ।**

ਭਾਈ ਜੀ ਨੇ ਇਹ ਉਪਦੇਸ਼ ਪੱਲੇ ਬੰਨ੍ਹ ਲਏ। ਇਨ੍ਹਾਂ ਦੇ ਹੀ ਪੋਤਰੇ ਭਾਈ ਹਕੀਕਤ ਰਾਇ ਜੀ ਸਨ ਜਿਨ੍ਹਾਂ ਧਰਮ ਤੋਂ ਜਾਨ ਵਾਰ ਦਿੱਤੀ ਪਰ ਧਰਮ ਨੂੰ ਆਂਚ ਨਾ ਆਉਣ ਦਿੱਤੀ।

**ਕਸ਼ਮੀਰ ਪਯਾਨਾ**—ਸਿਆਲਕੋਟ ਤੋਂ ਆਪ ਜੀ ਚਪਰਾੜ੍ਹ ਆਏ। ਉਥੇ ਜਦ ਸੰਗਤਾਂ ਨੇ ਬੇਨਤੀ ਕੀਤੀ ਕਿ ਸਾਰੇ ਨਗਰ ਇਕ ਹੀ ਖੂਹ ਹੈ ਅਤੇ ਉਹ ਵੀ ਉਥੇ ਜਿਥੇ ਪਸ਼ੂ ਆਦਿ ਨਹੀਂ ਜਾ ਸਕਦੇ। ਮਹਾਰਾਜ ਨੇ ਉਥੇ ਨੇਜ਼ਾ ਧਰਤੀ ਤੇ ਇਸ ਜ਼ੋਰ ਨਾਲ ਮਾਰਿਆ ਕਿ ਜਲ ਵਹਿ ਤੁਰਿਆ। ਹੁਣ ਵੀ ਜਲ ਪੀ ਅਨੇਕਾਂ ਆਪਣੀ ਪਿਆਸ ਬੁਝਾ ਰਹੇ ਹਨ। ਉਥੋਂ ਜੰਮੂ ਤੇ ਕਸ਼ਮੀਰ ਵੀ ਪੁੱਜੇ ਸਨ। ਕਈ ਥਾਵਾਂ ਤੇ ਉਨ੍ਹਾਂ ਵੱਲੋਂ ਬਣਵਾਏ ਖੂਹਾਂ ਦੇ ਨਿਸ਼ਾਨ ਹਨ ਜਿਨ੍ਹਾਂ ਤੇ ਚਾਹ ਗੁਰੂ ਹਰਿ ਰਾਇ ਜੀ ਉਕਰਿਆ ਹੈ। ਕਸ਼ਮੀਰ ਬਹੁਤ ਦੇਰ ਨਹੀਂ ਟਿਕੇ ਕਿਉਂਕਿ ਹਾਲਾਤ ਮੰਗ ਕਰ ਰਹੇ ਸਨ ਕਿ ਛੇਤੀ ਕੀਰਤਪੁਰ ਪੁੱਜਿਆ ਜਾਏ। ਔਰੰਗਜ਼ੇਬ ਨੇ ਮੌਲਾਨਿਆਂ ਨੂੰ ਜ਼ਰ ਨਾਲ ਖ਼ਰੀਦ, ਜ਼ੁਲਮਾਂ ਦਾ ਚੱਕਰ ਚਲਾ ਦਿਤਾ ਸੀ ।

□

 www.sikhbookclub.com

# ੧੧
# ਔਰੰਗਜ਼ੇਬ ਦੇ ਹੱਲੇ ਤੇ ਹੀਲੇ

**ਸਰਮਦ ਦਾ ਕਤਲ**—ਜਿਸ ਕਤਲ ਨੇ ਸਾਰਾ ਇਸਲਾਮੀ ਜਗਤ ਹਿਲਾ ਦਿੱਤਾ, ਉਹ ਸਰਮਦ ਦਾ ਕਤਲ ਸੀ। ਗੁਰੂ ਹਰਿ ਰਾਇ ਜੀ ਨੇ ਦਿੱਲੀ ਔਰੰਗਜ਼ੇਬ ਨੂੰ ਨਾ ਮਿਲਣ ਜਾਣ ਦੇ ਕਾਰਨਾਂ ਵਿਚ ਇਕ ਕਾਰਨ ਇਹ ਲਿਖਿਆ ਸੀ ਕਿ ਉਹ ਸੰਤ ਪੁਰਸ਼ਾਂ ਦਾ ਹਤਿਆਰਾ ਹੈ ਜਿਸ ਸਰਮਦ ਵਰਗੇ ਸੂਫ਼ੀ ਨੂੰ ਵੀ ਨਹੀਂ ਛੱਡਿਆ। ਮੌਲਾਨਾ-ਅਬਲ-ਕਲਾਮ ਆਜ਼ਾਦ ਨੇ ਸਰਮਦ ਦੀਆਂ ਰੁਬਾਈਆਂ ਦਾ ਸੰਪਾਦ ਕਰਦੇ ਲਿਖਿਆ ਸੀ ਕਿ ਅਸੀਂ ਅਲਾਹ ਦੇ ਦਰਬਾਰ ਵਿਚ ਔਰੰਗਜ਼ੇਬ ਦੇ ਹਰ ਕੀਤੇ ਕਰਮ ਦਾ ਉੱਤਰ ਦੇ ਸਕਾਂਗੇ ਪਰ ਇਸ ਦਾ ਜਵਾਬ ਕਿਸੇ ਕੋਲ ਨਹੀਂ ਹੋਣਾ ਕਿ ਉਸ ਸਰਮਦ ਨੂੰ ਕਿਉਂ ਕਤਲ ਕੀਤਾ ? ਮੌਲਾਨਾ ਆਜ਼ਾਦ ਨੇ ਤਾਂ ਆਪਣੀ ਕਬਰ ਹੀ ਸਰਮਦ ਦੀ ਕਬਰ ਨਾਲ ਬਣਾਉਣ ਦੀ ਵਸੀਅਤ ਕੀਤੀ ਸੀ।

ਸਰਮਦ ਅਰਮੀਨਿਆਂ ਦੇ ਰਹਿਣ ਵਾਲੇ ਵੱਡੇ ਵਪਾਰੀ ਸਨ। ਮਾਲ ਲੱਦ ਕੇ ਹਿੰਦੁਸਤਾਨ ਆਏ ਤੇ ਮੁਲਤਾਨ ਵਿਚ ਫ਼ਕੀਰੀ ਰੰਗ ਲੱਗਾ, ਦਿੱਲੀ ਆ ਡੇਰੇ ਲਗਾਏ।

ਦਿੱਲੀ ਸਤਿ ਸੰਗਤ ਦਾ ਚਾਅ ਹੋਰ ਜਾਗਿਆ। ਕਿਸੇ ਵੀ ਦਰਵੇਸ਼ ਦਾ ਆਉਣਾ ਸੁਣਦੇ ਤਾਂ ਜਾ ਕੇ ਮਿਲਦੇ, ਸੇਵਾ ਕਰਦੇ ਤੇ ਘਰ ਲੈ ਆਂਦੇ, ਟਿਕਾਂਦੇ ਤੇ ਜਦ ਤਕ ਉਹ ਫ਼ਕੀਰ ਰਹਿੰਦੇ ਸੇਵਾ ਕਰਦੇ ਰਹਿੰਦੇ। ਗਰਮੀ ਦੇ ਦਿਨਾਂ ਵਿਚ ਪੱਖਾ ਝੱਲਦੇ ਤੇ ਸਰਦੀ ਦੇ ਦਿਨਾਂ ਵਿਚ ਗਰਮ ਕੱਪੜੇ ਲਿਆ ਕੇ ਦੇਂਦੇ। ਜਦ ਫ਼ਕੀਰ ਅਗਲੇ ਸਫ਼ਰ ਤੇ ਪੈਂਦੇ ਦੂਰ ਤਕ ਛੱਡਣ ਜਾਂਦੇ। ਫ਼ਕੀਰਾਂ ਲਈ ਆਰਾਮ-ਗਾਹ ਵੀ ਬਣਾ ਦਿੱਤੀ। ਫ਼ਕੀਰ ਅਸੀਸਾਂ ਦੇਂਦੇ ਜਾਂਦੇ।

ਇਕ ਫ਼ਕੀਰ ਨੂੰ ਜਦ ਬਾਹਰ ਤਕ ਛੱਡਣ ਆਏ ਤਾਂ ਉਸ ਦੇ ਇਤਨਾ ਕਹਿਣ ਤੇ ਕਿ ਹੁਣ, 'ਟਿਕ ਜਾਓ' ਮਨ ਟਿਕ ਗਿਆ। ਆਪਣੀ ਸਭ ਦੌਲਤ ਵੰਡ ਦਿੱਤੀ। ਦਾਰਾ ਮੁਰੀਦ ਹੋ ਗਿਆ। ਸੁਤੰਤਰ ਹੋ ਵਿਚਰਨ ਲੱਗੇ।



 www.sikhbookclub.com

ਕੱਪੜਿਆਂ ਤੋਂ ਵੀ ਬੇ-ਨਿਆਜ਼ ਹੋ ਗਏ। ਸ਼ਰਹ ਦੀ ਕੈਦ ਵੀ ਤੋੜ ਦਿੱਤੀ। ਬਾਂਗ ਦੇਂਦੇ ਮੁੱਲਾਂ ਨੂੰ ਜਾ ਕੇ ਇਕ ਦਿਨ ਕਹਿਣ ਲੱਗੇ ਕਿ ਇਤਨੀ ਉੱਚੀ ਆਵਾਜ਼ ਕਿਸ ਨੂੰ ਦੇਂਦਾ ਹੈਂ, ਉਹ ਤਾਂ ਭੀਤਰ ਬੈਠਾ ਹੈ।

ਇਤਨੀ ਸ਼ੋਭਾ ਫੈਲੀ ਕਿ ਰੂਮ ਦੇ ਫ਼ਕੀਰਾਂ ਨੇ "ਸਬਰ ਤੇ ਸ਼ੁਕਰ" ਦੇ ਅਰਥ ਪੁੱਛ ਭੇਜੇ। ਆਪ ਜੀ ਨੇ ਦੱਸਿਆ ਕਿ ਸਭ ਸ਼ਕਤੀਆਂ ਕੋਲ ਹੋਣ ਪਰ ਫਿਰ ਸਬਰ ਹੋਵੇ ਇਸੇ ਦਾ ਨਾਮ ਸਬਰ ਸ਼ੁਕਰ ਹੈ।

ਦਾਰਾ ਦੇ ਮਰਨ ਤੇ ਬੜਾ ਰੋਸ ਮਨਾਇਆ ਤੇ ਕਿਹਾ ਕਿ ਉਸ ਨੂੰ ਦਿੱਲੀ ਦੀ ਪਾਤਸ਼ਾਹੀ ਤਾਂ ਨਹੀਂ ਮਿਲੀ ਪਰ ਉਹ ਦੀਨੀ ਪਾਤਸ਼ਾਹ ਹੈ। ਹਰ ਥਾਂ ਇਹ ਹੀ ਕਹਿੰਦੇ ਫਿਰਦੇ ਸਨ ਕਿ ਦਾਰਾ ਦੀਨੀ ਸ਼ਾਹ ਹੈ।

ਔਰੰਗਜ਼ੇਬ ਬਹਾਨਾ ਲੱਭ ਮਾਰਨਾ ਚਾਹੁੰਦਾ ਸੀ। ਪਹਿਲਾਂ ਨਗਨ ਫਿਰਨ ਕਰ ਕੇ ਕੱਪੜੇ ਸੁੱਟੇ ਪਰ ਉਨ੍ਹਾਂ ਸਿਰ ਤੇ ਰੱਖ ਲਏ। ਜਦ ਔਰੰਗਜ਼ੇਬ ਕਿਹਾ ਕਿ ਤੁਸੀਂ ਪਾਂਦੇ ਕਿਉਂ ਨਹੀਂ ਤਾਂ ਕਹਿਣ ਲੱਗੇ ਕਿ ਤੇਰੀ ਮੱਤ ਨੂੰ ਕੀ ਹੋ ਗਿਆ ਹੈ ? ਤੂੰ ਕੱਪੜੇ ਦਿੱਤੇ ਮੈਂ ਸ਼ਾਹੀ ਸਨਮਾਨ ਜਾਣ ਸਿਰ ਤੇ ਰੱਖ ਲਏ। ਬਾਕੀ ਅਲਾਹ ਜਿਨ੍ਹਾਂ ਵਿਚ ਐਬ ਤੱਕਦਾ ਹੈ, ਉਨ੍ਹਾਂ ਨੂੰ ਹੀ ਨੰਗਾ-ਪਣ ਕੱਜਣ ਲਈ ਪੁਸ਼ਾਕ ਦੇਂਦਾ ਹੈ।

ਫਿਰ ਔਰੰਗਜ਼ੇਬ ਨੇ ਇਲਜ਼ਾਮ ਲਗਾਇਆ ਕਿ ਉਹ ਸ਼ਰਹ ਕਿਉਂ ਨਹੀਂ ਮੰਨਦਾ ? ਸਰਮਦ ਕਹਿਣ ਲੱਗੇ ਜੋ ਸ਼ਰਹ ਦੀ ਕੈਦ ਵਿਚ ਹਨ ਉਹ ਹੀ ਅਲਾਹ ਦੇ ਦਰਬਾਰ ਬੱਧੇ ਜਾਣਗੇ। ਸ਼ਰਹ ਤਾਂ ਹਿਸਾਬ ਹੈ ਅਤੇ ਉਥੇ ਮੇਹਰ ਦੀ ਲੋੜ ਹੈ।

ਇਹ ਇਲਜ਼ਾਮ ਲਗਾ ਕੇ ਕਲਮਾਂ ਦੀ ਤੌਹੀਨ ਕੀਤੀ ਹੈ, ਕਤਲ ਕਰਨ ਦਾ ਹੁਕਮ ਔਰੰਗਜ਼ੇਬ ਨੇ ਦੇ ਦਿੱਤਾ। ਜਲਾਦਾਂ ਦੇ ਹੱਥ ਪਕੜੀ ਤਲਵਾਰ ਦੇਖ ਇਹ ਹੀ ਕਿਹਾ :

*"ਜਿਸ ਰੰਗ ਵਿਚ ਉਹ ਆਵੇ ਪਰਵਾਨ ਹੈ।"*

ਇਸ ਕਤਲ ਨਾਲ ਦਿੱਲੀ ਹਾਹਾਕਾਰ ਮਚੀ। ਇਹ ਕਤਲ ਸੰਨ ੧੬੬੧ ਦੇ ਅਰੰਭ ਵਿਚ ਹੋਇਆ ਸੀ।

**ਕੇਤਕ ਬਾਰ ਕੀਰਤਪੁਰ ਔਰੰਗੇ ਫ਼ੌਜ ਪਠਾਈ**—ਸਰਮਦ ਦੇ ਕਤਲ ਦੀ ਵਾਰਤਾ ਕੇਵਲ ਇਸ ਲਈ ਲਿਖੀ ਹੈ ਕਿ ਇਹ ਸਮਝਣ ਵਿਚ ਰਤਾ ਭਰ ਵੀ ਚੂਕ ਨਾ ਆਏ ਕਿ ਜੋ ਔਰੰਗਜ਼ੇਬ ਸਰਮਦ ਵਰਗੇ ਖ਼ੁਦਾ-ਪ੍ਰਸਤ ਨੂੰ ਇਤਨੀ ਗੱਲ ਕਹਿਣ ਤੇ ਕਿ ਦਾਰਾ ਨੂੰ ਦੀਨੀ ਪਾਤਸ਼ਾਹੀ ਮਿਲੀ ਹੈ, ਕਤਲ ਕਰ ਸਕਦਾ ਸੀ, ਉਹ ਗੁਰੂ ਹਰਿ ਰਾਇ ਜੀ ਦਾ ਆਪਣੀਆਂ ਫ਼ੌਜਾਂ ਦੀ ਪਹਿਰੇਦਾਰੀ ਹੇਠ, ਪਹਿਲਾਂ ਦਰਿਆ ਬਿਆਸ ਅਤੇ ਫਿਰ ਰਾਵੀ ਪਾਰ ਲੰਘਾਵਣਾ ਸੁਣ ਕਿਵੇਂ ਬਰਦਾਸ਼ਤ ਕਰ ਸਕਦਾ ਸੀ।

ਵੱਡੀ ਸ਼ਿਕਾਇਤ ਇਹ ਸੀ ਕਿ ਗੁਰੂ ਜੀ ਨੇ "**ਮਨ ਮੇ ਨ ਧਾਰਾ ਡਰ ਜ਼ਰਾ ਭਰ ਸ਼ਾਹ ਕੋ।**"[1] ਔਰੰਗਜ਼ੇਬ ਨੇ ਪੰਜਾਬ ਦੇ ਨਵਾਬ ਖ਼ਲੀਲ ਉੱਲਾ ਖ਼ਾਨ ਨੂੰ ਗੁਰੂ ਜੀ ਨਾਲ ਨਜਿੱਠਣ ਲਈ ਲਿਖਿਆ।

ਸਾਡੇ ਇਤਿਹਾਸ ਨੇ ਤਿੰਨ ਹਮਲਿਆਂ ਦਾ ਜ਼ਿਕਰ ਕੀਤਾ ਹੈ ਜੋ ਉਤੋੜਤੀ ਗੁਰੂ ਜੀ 'ਤੇ ਔਰੰਗਜ਼ੇਬ ਦੇ ਕਹਿਣ ਤੇ ਕੀਤੇ ਗਏ।

**ਪਹਿਲਾ ਹੱਲਾ**—ਦਸ ਹਜ਼ਾਰੀ ਮਨਸਬ ਵਾਲੇ ਜਾਲਿਮ ਖ਼ਾਨ ਵਲੋਂ ਪਹਿਲਾ ਹਮਲਾ ਹੋਇਆ। ਅਜੇ ਉਸ ਇਕ ਪੜਾਅ ਹੀ ਕੀਤਾ ਸੀ ਕਿ ਕੱਚਾ ਮਾਸ ਖਾਣ ਨਾਲ ਪੇਟ ਵਿਚ ਐਸਾ ਸੂਲ ਉੱਠਿਆ ਕਿ ਜਾਨ ਦਾ ਲੇਵਾ ਹੋਇਆ।

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਉਸ ਅਮੀਰ ਨੇ ਅਜੇ ਇਕ ਮੰਜ਼ਲ ਹੀ ਤਹਿ ਕੀਤੀ ਸੀ ਕਿ :

*"ਤਿਸ ਅਮੀਰ ਕੋ ਰੋਗ ਕਛੁ ਭਇਆ।*
*ਬਢਾ ਰੋਗ ਤਹਾਂ ਹੀ ਮਰ ਗਇਆ।"*[2]

ਫਿਰ ਕੰਧਾਰ ਦੇ ਇਕ ਜਰਨੈਲ ਢੂੰਦੇ ਖ਼ਾਨ ਨੂੰ ਭੇਜਿਆ ਗਿਆ। ਉਹ ਜਦ ਕਰਤਾਰਪੁਰ (ਜਲੰਧਰ) ਪੁੱਜਾ ਤਾਂ ਉਸ ਨੂੰ ਸੁੱਤਿਆਂ ਹੀ ਦੁਸ਼ਮਣਾਂ ਮਾਰ ਦਿੱਤਾ। ਫ਼ੌਜਾਂ ਵਿਚ ਐਸੀ ਭਗਦੜ ਮੱਚੀ ਕਿ ਸਭ ਸਿਪਾਹੀ ਆਪਣੇ-ਆਪਣੇ ਟਿਕਾਣਿਆਂ ਤੇ ਵਾਪਸ ਚਲੇ ਗਏ।

SIKHBOOKCLUB.COM

ਹੁਣ **ਤੀਜੀ ਵਾਰ** ਸਹਾਰਨਪੁਰ ਦੇ ਨਾਹਰ ਖ਼ਾਨ ਨੇ ਪੂਰੀ ਤਿਆਰੀ ਕਰ ਕੇ ਕੀਰਤਪੁਰ ਚੜ੍ਹਾਈ ਕਰਨ ਲਈ ਕੂਚ ਕੀਤਾ। ਅਜੇ ਫ਼ੌਜ ਲੈ ਦਾਲਮਾ (ਯਮਨਾ ਨਗਰ ਤੋਂ ੪ ਮੀਲ) ਪੁੱਜਾ ਹੀ ਸੀ ਕਿ ਹੈਜ਼ੇ ਦੀ ਅਜਿਹੀ ਵਬਾ ਫ਼ੌਜਾਂ ਵਿਚ ਫੈਲੀ ਕਿ ਨਾਹਰ ਖ਼ਾਨ ਤੇ ਹੋਰ ਫ਼ੌਜੀਆਂ ਦੀਆਂ ਮੌਤਾਂ ਹੋ ਗਈਆਂ। ਰਹਿੰਦਿਆਂ ਨੂੰ ਜਦ ਪਤਾ ਲੱਗਾ ਕਿ ਇਹ ਸਭ ਗੁਰੂ ਕ੍ਰੋਪੀ ਕਰ ਹੋ ਰਿਹਾ ਹੈ ਤਾਂ ਉਨ੍ਹਾਂ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ। ਗੁਰੂ ਹਰਿਗੋਬਿੰਦ ਜੀ ਦੇ ਗੁਰੂ ਹਰਿ ਰਾਇ ਜੀ ਨੂੰ ਬਚਨ ਸਨ ਕਿ ਤੁਹਾਡੇ ਤੇ ਜੋ ਵਾਰ ਕਰਨ ਦਾ ਵੀ ਸੰਕਲਪ ਕਰੇਗਾ, ਉਸ ਦਾ ਨਾਸ਼ ਹੋ ਜਾਏਗਾ। ਕਿਤਨੀ ਵਾਰੀ ਹੋਰ ਫ਼ੌਜ ਚੜ੍ਹਾਈ ਗਈ ਪਰ ਆਲਮਗੀਰ ਦੀ ਇਕ ਨਾ ਚੱਲੀ। ਮਹਿਮਾ ਪ੍ਰਕਾਸ਼ ਦੇ ਹੀ ਸ਼ਬਦਾਂ ਵਿਚ :

*"ਪੁਨਿ ਔਰ ਅਮੀਰ ਕੀਆ ਠੌਰ।*
*ਤਾ ਕੋ ਰੋਗ ਭਇਆ ਕੁਛ ਔਰ।*
*ਕੌਤਕ ਬਾਰ ਫ਼ੌਜ ਪਠਾਈ।*
*ਜੋ ਗੁਰ ਪਰ ਕਰੇ ਚੜਤੀ ਜਾਈ।"* ੨੬। (ਸਾਖੀ ੧੭)

---

੧. ਸ੍ਰੀ ਗੁਰੂ ਪੰਥ ਪ੍ਰਕਾਸ਼, ਜਿਲਦ ਦੂਜੀ।

੨. ਸਾਖੀ ੧੭, ਪਾਤਸ਼ਾਹੀ ਸਤਵੀਂ।

 www.sikhbookclub.com

**ਔਰੰਗਜ਼ੇਬ ਵਲੋਂ ਚਿੱਠੀ**—ਆਪਣੀ ਰਤਾ ਵੀ ਵਾਹ ਨਾ ਚਲਦੀ ਦੇਖ ਔਰੰਗਜ਼ੇਬ ਨੇ ਕਪਟ ਦਾ ਸਹਾਰਾ ਲਿਆ ਅਤੇ ਆਪਣੀ ਹੱਥੀਂ ਗੁਰੂ ਜੀ ਨੂੰ ਚਿੱਠੀ ਲਿਖੀ। ਜਿਸ ਵਿਚ ਲਿਖਿਆ ਸੀ :

**"ਗੁਰੂ ਨਾਨਕ ਦਾ ਘਰ ਬੇਲਾਗ ਸਚੇ ਫ਼ਕੀਰਾਂ ਦਾ ਹੈ,**
**ਬੁਤ ਪ੍ਰਸਤੀ, ਧੂਣੀ ਰਮਾਣੀ, ਕਬਰਾਂ ਪੂਜਣੀਆਂ ਤੇ,**
**ਜਟਾਵਾਂ ਵਧਾਉਣ ਦੀ ਕੋਈ ਬਣਾਵਟ ਤਕ ਨਹੀਂ,**
**ਤੁਮ ਹਮਾਰੀ ਸਲਤਨਤ ਮੇ ਖਲਲ ਕਰਤੇ ਹੋ।**
*ਭਲਾ ਨਾਹੀਂ। ਆਪ ਕੋ ਤੋ ਹਮ ਸੇ ਮੇਲ ਕੀਆ ਚਾਹੀਏ।*
*ਦਾਰਾ ਕੋ ਤੁਮ ਬਾਦਸ਼ਾਹੀ ਦੀ ਥੀ ਸੋ ਕਹਾਂ ਗਈ ?*
*ਅਰ ਤੁਮਰੇ ਕੋ ਮਿਲਨੇ ਕਾ ਹਮ ਕੋ ਸ਼ੌਕ ਹੈ,*
*ਜ਼ਰੂਰ ਮਿਲਣਾ ਚਾਹੀਏ।"*[1]

**ਗੁਰੂ ਹਰਿ ਰਾਇ ਜੀ ਦਾ ਮੋੜਵਾਂ ਉੱਤਰ**—ਇਹ ਚਿੱਠੀ ਸ਼ਿਵ ਦਿਆਲ ਨਾਂ ਦਾ ਇਕ ਦੀਵਾਨ ਲੈ ਕੇ ਕੀਰਤਪੁਰ ਆਇਆ। ਚਿੱਠੀ ਸਾਰੀ ਸੰਗਤ ਨੂੰ ਪੜ੍ਹ ਕੇ ਸੁਣਾਈ ਗਈ। ਵਿਚਾਰਾਂ ਹੋਈਆਂ। ਬਹੁਤਿਆਂ ਦਾ ਵਿਚਾਰ ਸੀ ਕਿ ਬਾਦਸ਼ਾਹ ਨਾਲ ਬਣਾ ਕੇ ਹੀ ਰੱਖਣੀ ਚਾਹੀਦੀ ਹੈ ਤਾਂ ਕਿ ਹੋਰ ਬਖੇੜਾ ਨਾ ਵਧੇ।

ਗੁਰੂ ਮਹਾਰਾਜ ਨੇ ਜਦ ਵਿਚਾਰਾਂ ਸੁਣ ਲਈਆਂ ਤਾਂ ਆਪ ਜੀ ਨੇ ਨਿਰਣਾ ਦਿੱਤਾ ਕਿ ਜੋ ਤੁਸੀਂ ਲੋਕ ਕਹਿ ਰਹੇ ਹੋ ਇਹ ਕੁਰਹਜ਼ੀ ਸਿਆਸਤ ਹੈ, ਮੈਂ ਧਰਮ ਕੀਤਾ ਹੈ ਕਿ ਐਸੇ ਸ਼ਾਤਰ ਜ਼ਾਲਿਮ ਦੇ ਮੱਥੇ ਨਹੀਂ ਲੱਗਣਾ, ਮਿਲਣਾ ਤਾਂ ਬੜੀ ਦੂਰ ਦੀ ਗੱਲ ਹੈ। ਛਲ, ਛਲਾਵੇ ਹੱਲੇ ਅਤੇ ਹਮਲੇ ਤੁਸਾਂ ਦੇਖ ਹੀ ਲਿਆ ਹੈ, ਗੁਰੂ ਘਰ ਦਾ ਕੁਝ ਵਿਗਾੜ ਨਹੀਂ ਸਕਦੇ :

*"ਸਿਰ ਊਪਰਿ ਠਾਢਾ ਗੁਰੁ ਸੂਰਾ" ਹੈ।*

ਇਹ ਮੋੜਵਾਂ ਉੱਤਰ ਲਿਖਿਆ :

*ਮੇਰਾ ਕੋਈ ਵਾਸਤਾ ਤੇਰੇ ਸਿਉ ਨਹੀਂ ਹੈ।*[2]
*ਮੈਂ ਕਿਸੈ ਦਾ ਮੁਲਕ ਨਹੀਂ ਨੱਪਿਆ।*
*ਨਾਂਹ ਹੀ ਤੇਰੇ ਕੋਈ ਦਾਮ ਦੇਣੇ ਹਨ !*

ਸਭ ਤੋਂ ਵੱਡੀ ਗੱਲ ਜੋ ਦੀਨ ਦੁਨੀ ਦੇ ਪਾਤਸ਼ਾਹ ਨੇ ਲਿਖੀ, ਉਹ ਸੀ :

'ਨਾਂਹ ਤੈਨੂੰ ਕੋਈ ਖ਼ਿਰਾਜ ਦੇਣਾ ਹੈ ਅਤੇ ਨਾਂਹ ਹੀ ਕੁਝ ਲੈਣ ਦੀ ਖ਼ਾਹਿਸ਼ ਹੈ। ਕਿਆ ਬੇਪ੍ਰਵਾਹੀ ਸੀ ਨਿਰਭਉ ਦਾਤੇ ਦੀ :

---

੧. ਮਹਿਮਾ ਪ੍ਰਕਾਸ਼ ਵਾਰਤਿਕ।
੨. ਤੋਂ ਸੰਗ ਨਹਿ ਕੁਝ ਕਾਮ ਹਮਾਰਾ।

 www.sikhbookclub.com

*"ਤੇਰੇ ਦਾਮ ਨਹੀ ਹਮ ਦੇਨੋ।*
*ਅਰ ਨਹਿ ਖ਼ਾਹਿਸ਼ ਤੁਮ ਤੇ ਲੈਨੋ।"*[1]

ਨਾਂਹ ਹੀ ਕੋਈ ਪੀਰ ਮੁਰੀਦਾਂ ਵਾਲਾ ਸਲੂਕ ਹੈ :

*"ਪੀਰ ਮੁਰੀਦੀ ਨਾਹਿ ਨ ਕੋਈ।"*

ਦਾਰਾ ਨੂੰ ਤਖ਼ਤ ਨਾ ਮਿਲਣ ਵਾਲੀ ਗੱਲ ਤੂੰ ਲਿਖੀ ਹੈ, ਜ਼ਰਾ ਗਹੁ ਨਾਲ ਦੇਖ ! ਉਸ ਨੂੰ ਦੀਨੀ ਪਾਤਸ਼ਾਹੀ ਮਿਲੀ ਹੈ। ਲੋਕਾਂ ਦੇ ਦਿਲਾਂ ਤੇ ਉਹ ਰਾਜ ਕਰ ਰਹਿਆ ਹੈ।

ਮਹਿਮਾ ਪ੍ਰਕਾਸ਼ ਵਾਰਤਿਕ ਦੇ ਸ਼ਬਦ ਵੀ ਪੜ੍ਹਨ ਯੋਗ ਹਨ :

ਮਹਾਰਾਜ ਨੇ ਲਿਖਵਾਇਆ :

*ਹਮਾਰੀ ਕਿਸੀ ਸੋ ਊਚੀ ਨੀਮੀ ਨਾਹੀ।*
*ਅਰ ਕਿਸੀ ਸੋ ਦਾਵਾ ਨਹੀਂ।*
**ਹਮਾਰੀ ਤਰਫ ਸੇ ਖ਼ਲਲ ਨਹੀਂ।**
**ਖਲਲ ਤੇਰੀ ਮਤਿ ਮੇ ਹੈ।**
*ਅਰ ਦਾਰਾ ਸ਼ੁਕੋਹ ਕੋ ਬਾਦਸ਼ਾਹੀ ਦੀਨ ਕੀ ਦੀਆ ਹੈ।*
*ਸੋ ਤੁਮ ਕੋ ਦੇਖਨੇ ਨਹੀਂ ਆਵਤੀ।*

ਇਤਿਹਾਸ ਦਾ ਕਹਿਣਾ ਹੈ ਕਿ ਔਰੰਗਜ਼ੇਬ ਇਹ ਚਿੱਠੀ ਪੜ੍ਹ ਕੇ ਬਹੁਤ ਹੀ ਸਟਪਟਾਇਆ ਸੀ।

SIKHBOOKCLUB.COM

*"ਪੜ੍ਹ ਬਾਦਸ਼ਾਹ ਅਤਿ ਕੋਪ ਰਿਸਾਇਆ।"*

ਆਪਣੇ ਦਰਬਾਰੀਆਂ ਨੂੰ ਕਿਹਾ ਕਿ ਇਕ ਉਹ ਲਿਖਣ ਤੇ ਵੀ ਮਿਲਣ ਨਹੀਂ ਆਉਂਦੇ, ਦੂਜੇ, ਮੋਏ ਦਾਰਾ ਦੀ ਸਿਫ਼ਤ ਕਰਦੇ ਹਨ। ਸਖ਼ਤ ਕਦਮ ਉਠਾਉਣ ਦੀ ਉਸ ਗੱਲ ਕਹੀ। ਦਰਬਾਰੀਆਂ ਤੇ ਖ਼ਾਸ ਕਰ ਮਿਰਜ਼ਾ ਰਾਜਾ ਜੈ ਸਿੰਘ ਨੇ ਕਿਹਾ ਕਿ ਇਹ ਗੁਰੂ ਨਾਨਕ ਦਾ ਘਰ ਹੈ, ਇਸ ਦੀ ਅਜ਼ਮਤ ਬਹੁਤ ਵੱਡੀ ਹੈ। ਸੋ ਠੀਕ ਇਹ ਹੀ ਹੈ ਕਿ ਨਿਮ੍ਰਤਾ ਸਹਿਤ ਲਿਖਿਆ ਜਾਵੇ ਅਤੇ ਸਿਆਣੇ ਦੂਤ ਹੱਥ ਸੁਨੇਹਾ ਘੱਲਿਆ ਜਾਏ।

**ਦੂਤ ਕੀਰਤਪੁਰ**—ਸੋ ਬਾਹਰ ਸਲੂਕ, ਅੰਤਰ ਕਪਟ ਦੀ ਚਿੱਠੀ ਲੈ ਦੂਤ ਕੀਰਤਪੁਰ ਆਇਆ। ਮਹਾਰਾਜ ਨੇ ਫਿਰ ਇਹ ਬਚਨ ਦੁਹਰਾਏ ਕਿ ਦਿੱਲੀ ਸ਼ਾਹ ਨੂੰ ਨਾ ਮਿਲਣ ਦੇ ਇਹ ਪੰਜ ਕਾਰਨ ਹਨ।

**ਇਕ** ਤਾਂ ਉਸ ਨੇ ਲੋਕਾਂ ਨੂੰ ਡਰਾਉਣ ਦਾ ਰਾਹ ਅਪਣਾਇਆ ਹੋਇਆ ਹੈ ਅਤੇ ਜਿਨ੍ਹਾਂ ਨੇ ਖ਼ੁਦਾ ਦਾ ਰਾਹ ਪਛਾਣਿਆ ਹੈ, ਉਹ ਔਰੰਗਜ਼ੇਬ ਜਿਹੇ ਛਲੀ ਬਾਦਸ਼ਾਹ ਤੋਂ ਨਹੀਂ ਡਰਦੇ :

---

੧. ਸੂਰਜ ਪ੍ਰਕਾਸ਼ ਰਾਸ ੯, ਅੰਸ਼ ੩੪ ।
"ਦੇਨੇ ਨਹੀਂ ਦਾਮ ਅਰ ਲੈਣੇ ਕੀ ਨਹੀਂ ਖਾਹਿਸ਼"
ਦੇ ਬਚਨ ਲਿਖੇ ਸਨ।

 www.sikhbookclub.com

*"ਜੋ ਨਿਸ਼ੰਗ, ਮੱਗ ਲਖਯੇ ਖੁਦਾਇ।*
*ਨਹੀ ਤਰਾਸ ਨੌਰੰਗੇ ਤੈ ਪਾਇ।"*

ਔਰੰਗਜ਼ੇਬ ਦੀਨਦਾਰ ਨਹੀਂ ਹੈ।

**ਦੂਤੀਏ**—"ਜਗ ਸੋਂ ਦ੍ਰੋਹ ਮਚਾਯੋ।" ਜਗਤ ਧ੍ਰੋਹੀ ਹੈ।

**ਤੀਜੇ**—"ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ।"[1] ਭਰਾਵਾਂ ਦੇ ਖ਼ੂਨ ਵਿਚ ਤਰ ਤੇ ਪਿਤਾ ਦੀ ਛਾਤੀ ਤੇ ਪੈਰ ਧਰ ਰਾਜ ਤਖ਼ਤ ਤੇ ਬੈਠਾ ਹੈ। ਫਾਹੀਮ ਹੀਜੜੇ ਹੱਥੀਂ ਉਸ ਹਕੀਮ ਮੁੱਕਰਮ ਖ਼ਾਨ ਨੂੰ ਜ਼ਹਿਰ ਵੀ ਭੇਜਿਆ ਸੀ ਕਿ ਪਿਤਾ ਸ਼ਾਹ ਜਹਾਨ ਨੂੰ ਦਵਾਈ ਦੀ ਥਾਂ ਖਵਾਲ ਦੇਵੇ। ਮੁੱਕਰਮ ਖ਼ਾਨ ਨੇ ਉਹ ਜ਼ਹਿਰ ਆਪ ਹੀ ਖਾ ਲਿਆ ਸੀ ਪਰ ਆਪਣੀ ਹੱਥੀਂ ਧ੍ਰੋਹ ਨਹੀਂ ਸੀ ਕਮਾਇਆ ਅਤੇ ਹਕੀਮੀ ਦੇ ਪੇਸ਼ੇ ਨੂੰ ਲਾਜ ਨਾ ਲੱਗਣ ਦਿੱਤੀ।

**ਚਤੁਰਥ** ਸੰਤ ਕਰੇ ਦੁਖਿਆਰੇ।

ਕਿਤਨੇ ਹੀ ਸੰਤਾਂ, ਸੂਫ਼ੀਆਂ, ਮਹਾਂਪੁਰਸ਼ਾਂ ਨੂੰ ਦੁਖੀ ਕਰ ਰਿਹਾ ਹੈ ਅਤੇ ਜਾਨੋਂ ਮਾਰ ਰਿਹਾ ਹੈ। ਕਿਸ ਚਾਲਾਕੀ ਨਾਲ ਫਕੀਰਾਂ ਨੂੰ ਨਵੇਂ ਬਸਤਰ ਦੇਣ ਬਹਾਨੇ ਉਸ ਨੇ ਗੋਦੜੀਆਂ ਵਿਚ ਇਕੱਠੀ ਕੀਤੀ ਰਕਮ ਹੀ ਹਥਿਆ ਲਈ ਸੀ।[2] ਸ਼ੀਆਂ ਨੂੰ ਮਾਰ ਖ਼ੁਸ਼ ਹੁੰਦਾ ਸੀ। ਮੁੱਲਾਂ ਸ਼ਾਹ ਬਦਖ਼ਸ਼ਾਨੀ ਦੀ ਬੇਇਜ਼ਤੀ ਕੀਤੀ ਸੀ। ਅਲਾਹਾਬਾਦ ਦੇ ਪ੍ਰਸਿਧ ਫ਼ਕੀਰ ਸ਼ੇਖ਼ ਮੁਹੀਬ ਅਲਾਹ ਦੇ ਪੈਰੋਕਾਰਾਂ ਨੂੰ ਤਸੀਹੇ ਹੀ ਦੇਂਦਾ ਰਿਹਾ। ਕਾਦਰੀਆਂ ਦੇ ਸ਼ੇਖ਼ ਨਿਯਾਮਤ ਉੱਲਾ ਨਾਰਨੌਲ ਵਾਲਿਆਂ ਨੂੰ ਜੋ ਉਸ ਸਮੇਂ ਬੰਗਾਲ ਵਿਚ ਸਨ, ਇਤਨੇ ਤਸੀਹੇ ਦਿੱਤੇ ਕਿ ਉਹ ਅਪਾਹਜ ਹੀ ਬਣਾ ਦਿੱਤੇ ਗਏ।

ਸ਼ੇਖ਼ ਬਰਹਾਨ ਸ਼ਾਤਰੀ ਦਾ ਸਿਰ ਹੀ ਉਡਵਾ ਦਿੱਤਾ। ਸ਼ਾਹ ਦੌਲਾ ਗੁਜਰਾਤ ਵਾਲੇ ਦੇ ਚੇਲਿਆਂ ਬਹਾਵਲ ਸ਼ਾਹ ਅਤੇ ਉਸ ਦੇ ਪੁੱਤਰਾਂ ਤੇ ਬੇਗ਼ਮ, ਸ਼ਾਹ ਜਹਾਂਗੀਰ ਦ੍ਰਵੇਸ਼-ਇ-ਮਸਤ, ਸ਼ਾਹ ਹਸਨ ਦੂਰ, ਸ਼ਾਹ-ਦੌਰਾ ਵਾਲੇ, ਸ਼ੇਖ਼ ਹਸਨ ਫ਼ਰੀਦ ਲਾਹੌਰ ਤੇ ਹੋਰ ਅਨੇਕਾਂ ਨੂੰ ਤੰਗ ਕਰਦਾ ਤੇ ਜਾਨੋਂ ਮਾਰਦਾ ਰਿਹਾ।

**ਪੰਚਮ**, ਬ੍ਰਹਮ ਗਿਆਨ ਜਿਸ ਹੋਵਾ, ਤਿਸ ਕੋ ਹਤਿ ਪੁਨ ਸੁਖ ਸੋ ਸੋਵਾ। ਬ੍ਰਹਮ ਗਿਆਨੀ ਸਰਦਮ ਵਰਗੇ ਨੂੰ ਭਰੇ ਦਰਬਾਰ ਵਿਚ ਮਾਰਿਆ ਹੈ। ਇਤਨੇ ਪਾਪ ਕਮਾਉਣ ਵਾਲੇ ਦੁਸ਼ਟ ਨੂੰ ਕਿਹੜਾ ਸੰਤ ਮਿਲਣਾ ਚਾਹੇਗਾ।

---

੧. ਦਾਰਾ ਨੂੰ ਸਤੰਬਰ ੧੬੫੯ ਵਿਚ ਕਤਲ ਕੀਤਾ ਅਤੇ ਕੱਟਿਆ ਸਿਰ ਬੇਕਿਰਕ ਔਰੰਗਜ਼ੇਬ ਨੇ ਤਸ਼ਤਰੀ ਤੇ ਰੱਖ ਸ਼ਾਹ ਜਹਾਨ ਕੋਲ ਵੀ ਭੇਜਿਆ। ਦਾਰਾ ਦੇ ਪੁੱਤਰ ਸੁਲੇਮਾਨ ਸ਼ਿਕੋਹ ਨੂੰ ਦਸੰਬਰ ੧੬੬੧ ਵਿਚ ਮਾਰਿਆ। ਮੁਰਾਦ ਨੂੰ ਪੰਜਾਬੋਂ ਮੁੜਦਿਆਂ ਹੀ ਕਿਲ੍ਹੇ ਦੀ ਦੀਵਾਰ ਤੇ ਗਿਰਾ ਕੇ ਹਾਵਾਲੀਅਰ ਭੇਜ ਮਾਰ ਦਿੱਤਾ, ਇਥੋਂ ਤਕ ਕਿ ਰੋਸ਼ਨਆਰਾ ਵਰਗੀ ਭੈਣ ਨੂੰ ਇਲਜ਼ਾਮ ਲਗਾ ਕੇ ਜ਼ਹਿਰ ਦੇ ਦਿੱਤਾ।

੨ ਖੋਜਿਆਂ ਦੇ ਆਗੂ ਸ਼ਾਹ ਜੀ ਨੂੰ ਦਿਲੀ ਬੁਲਾ ਕੇ ਰਾਹ ਵਿਚ ਹੀ ਗੁਜਰਾਤ ਦੇ ਗਵਰਨਰ ਕੋਲੋਂ ਜ਼ਹਿਰ ਵੀ ਦਿਲਵਾ ਦਿੱਤਾ ਸੀ।

 www.sikhbookclub.com

*"ਇਤਯਾਦਿਕ ਮਨ ਪਾਪਨਿ ਪੁਸ਼ਟ।*
*ਕੌਣ ਸੰਤ ਮਿਲਿ ਹੈ ਇਸ ਦੁਸ਼ਟ।"*

ਪਰ ਸਾਰਿਆਂ ਨੇ ਜਦ ਕਿਹਾ ਕਿ ਤੁਸੀਂ ਨਹੀਂ ਤਾਂ ਪੁੱਤਰ ਨੂੰ ਜ਼ਰੂਰ ਭੇਜੋ ਤਾਂ ਕਿ ਗੁਰੂ ਨਾਨਕ ਜੀ ਦੇ ਮੱਤ ਦੀ ਸੋਝੀ ਔਰੰਗਜ਼ੇਬ ਨੂੰ ਹੋ ਜਾਏ।

**ਰਾਮ ਰਾਇ ਦਿੱਲੀ ਪਠਾਯਾ**—ਬਾਬਾ ਰਾਮ ਰਾਇ ਜੀ ਦੀ ਉਮਰ ਉਸ ਸਮੇਂ ੧੧ ਕੁ ਸਾਲ ਦੀ ਸੀ। ਆਪ ਜੀ ਗੁਰੂ ਹਰਿ ਰਾਇ ਜੀ ਦੇ ਵੱਡੇ ਪੁੱਤਰ ਸਨ। ਸਿੱਖ ਇਤਿਹਾਸ ਨੇ ਉਨ੍ਹਾਂ ਬਾਰੇ ਸ਼ਬਦ ਹੀ, '**ਰਹਤੇ ਬਹਤੇ**' ਭਾਵ ਚਲਤਾ ਪੁਰਜ਼ਾ ਹੀ ਵਰਤੇ ਸਨ। ਸਭ ਬੁਲਾਂਦੇ ਹੀ 'ਕਰਤਾ ਪੁਰਖ' ਸਨ। ਬੜੇ ਗੁਣੀ ਸਨ।

ਮਹਾਰਾਜ ਨੇ ਦਰੋਂ ਰਹਿਮਤਾਂ ਵੀ ਦਿੱਤੀਆਂ ਤੇ ਕਿਹਾ :

*ਬੇਟਾ ਮਨ ਵਿਚ ਸ਼ੰਕਾ ਨਹੀਂ ਲਿਆਉਣਾ। ਭੈ ਨਹੀਂ ਰੱਖਣਾ।*
*ਕਰਾਮਾਤਾਂ ਨਹੀਂ ਦਿਖਾਉਣੀਆਂ। ਕਿਉਂਕਿ,*
*"ਸਿਧ ਪ੍ਰਗਟ ਕਰਨੀ ਜੁਗਤ, ਨਹੀਂ ਸੰਤਨ ਕੋ ਕਾਮ।*
*"ਇਹ ਕਾਮੀ ਨਿਰਭਗਤ ਸਦਾ ਸ਼ਾਂਤ ਸਹਜ ਸੁਖ ਧਾਮ।"*

"ਹੋਰ ਸ਼ਾਹ ਨੂੰ ਖ਼ੁਸ਼ ਕਰਨ ਲਈ ਖ਼ੁਸ਼ਾਮਦ ਦਾ ਸਹਾਰਾ ਕਦੇ ਨਹੀਂ ਲੈਣਾ। 'ਸ਼ਾਹ ਕੀ ਖੁਸ਼ਾਮਦ ਕੇ ਹੇਤ ਮਤ ਕਿਤ ਕੁਝ ਕਹਿਣਾ। ਜੋ ਔਰੰਗਜ਼ੇਬ ਪੁੱਛੇ ਉਹ ਸਾਫ਼ ਕਹਿਣਾ। ਰੱਲ ਜਾਂ ਕਮਜ਼ੋਰੀ ਵਾਲੀ ਕੋਈ ਗੱਲ ਨਹੀਂ ਕਰਨੀ।" ਸਿੱਖ ਘਰ ਦੀ ਸਾਰੀ ਮਰਯਾਦਾ ਸਮਝਾਂਦੇ ਕਿਹਾ :

"ਅਸੀਂ ਤੇਰੇ ਅੰਗ ਸੰਗ ਸਹਾਇਕ ਹਾਂ। ਤੇਰੀ ਰਸਨਾ ਤੇ ਗੁਰੂ ਨਾਨਕ ਸਾਹਿਬ ਦੀ ਸ਼ਕਤੀ ਨਿਵਾਸ ਕਰ ਰਹੀ ਹੈ। ਜੋ ਕੁਝ ਚਾਹੇਗਾ, ਉਹ ਹੀ ਰੰਗ ਵਰਤ ਜਾਏਗਾ। ਸੰਭਲ ਕੇ ਵਰਤਣੀਆਂ ਇਹ ਸ਼ਕਤੀਆਂ। ਆਪਣੇ ਬਜ਼ੁਰਗਾਂ ਦੀ ਵਡਿਆਈ ਨੂੰ ਕਦੇ ਛੁਟਿਆਉਣਾ ਨਹੀਂ। ਡਰਨਾ ਨਹੀਂ। ਗੁਰੂ ਅਮਰ ਦਾਸ ਜੀ ਦਾ ਫ਼ਰਮਾਨ ਯਾਦ ਰੱਖਣਾ ਕਿ ਤ੍ਰਿਸ਼ਨਾ ਦਾ ਤਿਆਗ ਤੇ ਰੱਬ ਦੇ ਭੈ ਵਿਚ ਰਹਿਣਾ ਹੀ ਸ੍ਰੇਸ਼ਟ ਕਰਨੀ ਹੈ :

*"ਤ੍ਰਿਸ਼ਨਾ ਛੋਡੈ ਭੈ ਵਸੈ,*
*ਨਾਨਕ ਕਰਣੀ ਸਾਰ।"*

ਬਾਬਾ ਰਾਮ ਰਾਇ ਜੀ ਨਾਲ ਪ੍ਰਸਿਧ ਸਿੱਖ ਵੀ ਭੇਜੇ। ਉਨ੍ਹਾਂ ਵਿਚੋਂ ਭਾਈ ਗੁਰਦਾਸ, ਤਾਰਾ, ਇਹ ਦੋਵੇਂ ਭਾਈ ਬਹਿਲੋ, ਜਿਨ੍ਹਾਂ ਦੀ ਕਰਣੀ ਨੂੰ ਦੇਖ ਗੁਰੂ ਅਰਜਨ ਦੇਵ ਜੀ ਨੇ ਬਹਿਲੋ ਸਭ ਤੋਂ ਪਹਿਲੋਂ ਕਹਿ ਨਿਵਾਜਿਆ ਸੀ, ਦੇ ਪੋਤਰੇ ਸਨ। ਭਾਈ ਗੁਰਦਾਸ, ਰਾਮ ਰਾਇ ਦੇ ਮੁਸਾਹਿਬ ਸਨ। ਉਹ ਵੀ ਵੱਡੇ ਵਿਦਵਾਨ ਸਨ। ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ। ਭਾਈ ਤਾਰਾ ਧਨੁਖ ਵਿੱਦਿਆ ਵਿਚ ਨਿਪੁੰਨ ਸਨ। ਘੁੜਾਣੀ ਦੇ ਭਾਈ ਪੰਜਾਬਾ ਤੇ ਜੋਕੀ ਖੁਸ਼ਾਲੀ ਵੀ ਨਾਲ ਕੀਤੇ। ੨੨ ਸਵਾਰ ਵੀ ਨਾਲ ਦਿੱਤੇ।

 www.sikhbookclub.com

ਰਾਮ ਰਾਇ ਜੀ ਰੋਪੜ, ਖਰੜ, ਘੜੂੰਏ, ਬਹੋ, ਸ਼ਾਹਬਾਦ, ਥਾਨੇਸਰ, ਪਾਨੀਪਤ ਹੁੰਦੇ ਹੋਏ ਦਿੱਲੀ ਪੁੱਜੇ। ਰਾਮ ਰਾਇ ਜੀ ਨੇ ਟਿਕਾਣਾ ਮਜਨੂੰ ਟਿੱਲੇ ਕੀਤਾ।

**ਮੁਲਾਕਾਤ ਔਰੰਗਜ਼ੇਬ ਤੇ ਸਹਾਰਾ ਕਰਾਮਾਤਾਂ ਦਾ**—ਬੱਖ਼ਤ ਮੱਲ ਦਾ ਕਹਿਣਾ ਹੈ ਕਿ ਔਰੰਗਜ਼ੇਬ ਗੁਰੂ ਹਰਿ ਰਾਇ ਜੀ ਨੂੰ ਇਸ ਲਈ ਵਾਰ-ਵਾਰ ਲਿਖ ਰਿਹਾ ਸੀ ਕਿਉਂਕਿ ਕਰਾਮਾਤਾਂ ਦੇਖਣ ਦਾ ਬੜਾ ਚਾਹਵਾਨ ਰਹਿੰਦਾ ਸੀ। ਇਕ ਵਾਰੀ ਤਾਂ ਉਸ ਕਈ ਫ਼ਕੀਰ ਪਕੜ ਲਏ ਕਿ ਜੋ ਕਰਾਮਾਤ ਦਿਖਲਾਏਗਾ ਉਸ ਨੂੰ ਹੀ ਛੱਡਾਂਗਾ।

ਔਰੰਗਜ਼ੇਬ ਤੇ ਰਾਮ ਰਾਇ ਦੀ ਪਹਿਲੀ ਮਿਲਣੀ ਦਾ ਅਜਿਹਾ ਪ੍ਰਭਾਵ ਪਿਆ ਕਿ ਔਰੰਗਜ਼ੇਬ ਦਾ ਚੰਚਲ ਮਨ ਟਿਕ ਗਿਆ। ਜੋ ਵੀ ਔਰੰਗਜ਼ੇਬ ਪੁੱਛਿਆ : ਰਾਮ ਰਾਇ ਜੀ ਨੇ ਬੜੇ ਸੁਚੱਜੇ ਢੰਗ ਨਾਲ ਦੱਸਿਆ। ਦਰਬਾਰ ਵਿਚ ਆਦਰ ਪੂਰਾ ਦਿੱਤਾ ਗਿਆ।

ਕੁਝ ਹੀ ਦਿਨਾਂ ਵਿਚ ਰਾਮ ਰਾਇ ਇੰਝ ਜਾਨਣ ਲੱਗੇ ਕਿ ਇਹ ਸਭ ਉਨ੍ਹਾਂ ਦੀ ਕਰਣੀ ਕਰਕੇ ਹੋ ਰਿਹਾ ਹੈ। ਔਰੰਗਜ਼ੇਬ ਨੇ ਕਰਾਮਾਤ ਦੇਖਣ ਦੀ ਜਦ ਇੱਛਾ ਪ੍ਰਗਟ ਕੀਤੀ ਤਾਂ ਇਨ੍ਹਾਂ ਦਿਖਾਲਣੀਆਂ ਸ਼ੁਰੂ ਕਰ ਦਿੱਤੀਆਂ। ਕਰਾਮਾਤਾਂ ਉਹ ਹੀ ਦਿਖਲਾਂਦਾ ਹੈ ਜਿਸ ਨੂੰ ਸੱਚ 'ਤੇ ਵਿਸ਼ਵਾਸ ਨਹੀਂ ਹੈ। ਜਿਵੇਂ ਕੋਈ ਗੱਲਬਾਤ ਤੁਰ ਰਹੀ ਹੋਵੇ ਤਾਂ ਕੋਈ ਦਲੀਲ ਦੇਣ ਦੀ ਥਾਂ ਘਸੁੰਨ, ਮੁੱਕਾ, ਡਾਂਗ, ਸੋਟੀ, ਗੋਲੀ ਚਲਾ ਦੇਵੇ। ਕਰਾਮਾਤਾਂ ਦਿਖਾਲਣੀਆਂ ਬ੍ਰਹਮ ਗਿਆਨ ਵਿਚ ਗੋਲੀ ਚਲਾਉਣ ਤੁਲ ਹੈ। ਕਰਾਮਾਤਾਂ ਦਿਖਾਲਣੀਆਂ ਕਮਜ਼ੋਰੀ ਦਾ ਹੀ ਚਿੰਨ੍ਹ ਹੈ।

ਜੋ ਜੋ ਕਰਾਮਾਤਾਂ ਰਾਮ ਰਾਇ ਜੀ ਨੇ ਦਿੱਲੀ ਦਿਖਲਾਈਆਂ ਉਨ੍ਹਾਂ ਦੀ ਗਿਣਤੀ ੭੨ ਕਰ ਕੇ ਲਿਖੀ ਹੈ। ਉਨ੍ਹਾਂ ਦਾ ਪਹਿਲਾਂ ਵਿਸਥਾਰ ਤੇ ਸੰਖੇਪ ਵਰਣਨ ਵੀ ਸਾਡੇ ਇਤਿਹਾਸ ਵਿਚ ਦਿੱਤਾ ਹੈ। ਸੰਖੇਪ ਵਰਨਣ ਇੰਝ ਲਿਖਿਆ ਮਿਲਦਾ ਹੈ।

ਕਬਿੱਤ :

*ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ,*
*ਫ਼ੱਲ ਮੱਕੇ ਤੇ ਮੰਗਾਇ, ਹਿਤੂ ਬੇਗਮ ਖਤਾਈਐ।*
*ਪਦਮਨੀ ਆਨਿ, ਚੰਦ ਦੂਜੋ ਅਸਮਾਨ ਭਯੋ,*
*ਤੋਸ਼ੇ ਖਾਨੇ ਥਾਨ ਕਰਿ ਗਿਨਤੀ ਸੁਨਾਈਐ।*
*ਕੋਹਰੀ ਅਖੇਰ ਕੋ, ਜਨਮ ਖਾਜ ਪੂਰਬ ਕੋ,*
*ਫਲ ਦੇਵ ਰੂਖ ਕੇ, ਚਿਕਰ ਸਯਾਮਤਾਈ ਐ।*
*ਜਮਨਾ ਪੈ ਫਿਰੇ, ਓਰੇ ਹਰੇ, ਮਤਯ ਕਰੀ ਚਰੇ,*
*ਜੀਹ ਠਾਕ, ਤਾਰੇ ਦਿਨ, ਧਨ ਜੀਤ ਪਾਈਐ ਛਏ।*[1]

---

੧. ਰਾਸ ੯, ਅੰਸ਼ ੫੭ (ਸ੍ਰੀ ਗੁਰ ਪ੍ਰਤਾਪ ਸੂਰਜ)

 www.sikhbookclub.com

**ਭਾਵ:**

ਮੋਇਆ ਹੋਇਆ ਬੱਕਰਾ ਜ਼ਿੰਦਾ ਕੀਤਾ। ਖੂਹ ਤੇ ਦੇਖੀਆਂ ਚਾਦਰ ਵਿਛਾਈ ਕਿ ਰਾਮ ਰਾਇ ਜੀ ਖੂਹ ਵਿਚ ਡਿੱਗ ਜਾਣਗੇ ਪਰ ਚਾਦਰ ਨਾ ਢਲਕੀ। ਮੱਕੇ ਤੋਂ ਫੁੱਲ ਮੰਗਵਾ ਦਿੱਤੇ। ਹਰਮ ਵਿਚ ਬੇਗ਼ਮ ਜੋ ਕਰ ਰਹੀ ਸੀ ਦੱਸ ਦਿੱਤਾ। ਪਦਮਨੀ ਦਾ ਮੋਤੀ ਪੈਦਾ ਕਰ ਦਿੱਤਾ। ਅਸਮਾਨ ਵਿਚ ਹੋਰ ਚੰਨ ਚਾੜ੍ਹ ਦਿਖਾਲ ਦਿੱਤਾ। ਤੋਸ਼ਾ-ਖ਼ਾਨਾ ਦੇ ਸਾਰੇ ਖ਼ਜ਼ਾਨੇ ਦੀ ਗਿਣਤੀ ਇਨ-ਬਿਨ ਦੱਸ ਦਿੱਤੀ। ਸ਼ੇਰ ਦਾ ਹੱਲਾ ਖਾਲੀ ਹੱਥੀਂ ਰੋਕ ਲਿਆ। ਬਾਜ਼ ਦੇ ਪਿਛਲੇ ਜਨਮ ਦੀ ਕਹਾਣੀ ਦੱਸ ਦਿੱਤੀ। ਸਵਰਗੀ ਕਲਪ ਬ੍ਰਿਛ ਦੇ ਫਲ ਧਰਤੀ ਤੇ ਲੈ ਆਂਦੇ। ਕਾਜ਼ੀ ਦੀ ਚਿੱਟੀ ਦਾਹੜੀ ਤੇ ਰੁਮਾਲ ਫੇਰ ਕੇ ਕਾਲਾ ਕਰ ਦਿੱਤਾ। ਜਮਨਾ ਤੇ ਬਗ਼ੈਰ ਬੇੜੀ ਹੀ ਪਾਰ ਹੋ ਗਏ। ਮਸਤ ਹਾਥੀ ਵੱਲ ਦੇਖਿਆਂ ਹੀ ਉਹ ਉਥੇ ਸ਼ਾਂਤ ਹੋ ਗਿਆ ਤੇ ਸਵਾਰੀ ਕੀਤੀ। ਨਿੰਦਕ ਦੀ ਜ਼ਬਾਨ ਹੀ ਖਿੱਚ ਲਈ, ਉਹ ਬੋਲਣੋਂ ਰਹਿ ਗਿਆ। ਦਿਨੇ ਆਕਾਸ਼ ਵਿਚ ਤਾਰੇ ਵਿਖਲਾ ਦਿੱਤੇ। ਚੌਪੜ ਦੀ ਬਾਜ਼ੀ ਇੱਕੋ ਦਾਅ ਜਿੱਤ ਲਈ।

ਇਸੇ ਤਰ੍ਹਾਂ ਕਾਜ਼ੀ ਦੀ ਕੁਟਲ-ਨੀਤੀ ਦੱਸ ਦਿੱਤੀ। ਪਾਲਕੀ ਤੇ ਬਿਨਾਂ ਕਹਾਰਾਂ ਚੜ੍ਹ ਕੇ ਸ਼ਾਹੀ ਦਰਬਾਰ ਆ ਗਏ। ਸ਼ਿਕਾਰ ਚੜ੍ਹੇ ਦੱਸ ਦਿੱਤਾ ਕਿ ਖ਼ਾਲੀ ਹੱਥ ਆਉਣਾ ਪਵੇਗਾ। ਇਸੇ ਤਰ੍ਹਾਂ ਹੀ ਹੋਇਆ, ਕੋਈ ਸ਼ਿਕਾਰ ਨ ਮਿਲਿਆ। ਔਰੰਗਜ਼ੇਬ ਨੇ ਜਦ ਆਪਣੇ ਪਿਛਲੇ ਜਨਮ ਬਾਰੇ ਪੁਛਿਆ ਤਾਂ 'ਬਾਘ' ਦੱਸਿਆ। ਗੜੇ ਪੈਂਦਿਆਂ ਤੋਂ ਸ਼ਾਹ ਨੂੰ ਬਚਾ ਲਿਆ। ਜਮਨਾ ਦੀ ਰੇਤ ਤੇ ਅੱਗ ਵਰਸਾ ਦਿੱਤੀ। ਟਿੱਡੀ ਦਲ ਦਾ ਹਮਲਾ ਜੋ ਦਿੱਲੀ ਤੇ ਹੋ ਰਿਹਾ ਸੀ ਉਸ ਨੂੰ ਰੋਕਿਆ। ਦਿੱਲੀ ਵਿਚ ਵਬਾ ਫੈਲਣ ਤੇ ਕਈ ਮੌਤਾਂ ਹੋ ਰਹੀਆਂ ਸਨ, ਵਬਾ ਰੋਕੀ। ਮੇਘ ਮਾਲਾ ਫੈਲਾ ਦਿੱਤੀ ਜਦ ਔਰੰਗਜ਼ੇਬ ਨੂੰ ਕੜਕਦੀ ਧੁੱਪ 'ਚ ਸੜਦਾ ਤੱਕਿਆ। ਬੇਗ਼ਮ ਦੇ ਜਣੇਪੇ ਦੀਆਂ ਪੀੜਾਂ ਦੂਰ ਕੀਤੀਆਂ। ਸ਼ਾਹੀ ਪਹਿਲਵਾਨ ਰੁਸਤਮ ਨੂੰ ਇਕ ਅਣਜਾਨ ਬੰਦੇ ਕੋਲੋਂ ਘੋਲ ਵਿਚ ਹਰਵਾ ਦਿੱਤਾ। ਉਮਰਾਵ ਨੂੰ ਇਕ ਮਾੜਕੂਏ ਜਿਹੇ ਆਦਮੀ ਕੋਲੋਂ ਹਾਰ ਦਿਲਵਾਈ। ਇਕ ਪੀਰ ਗੌਂਸ ਦਾ ਮਰਨਾ ਦੱਸਿਆ। ਲੜਕੀ ਨੂੰ ਲੜਕਾ ਬਣਾ ਦਿੱਤਾ। ਬਾਦਸ਼ਾਹ ਨਾਲ ਸੁਪਨੇ ਵਿਚ ਜੋ ਵਾਪਰੀ, ਦੱਸੀ। ਤੂਫ਼ਾਨਾਂ ਵਿਚ ਘਿਰੀ ਬੇੜੀ ਨੂੰ ਬੰਨੇ ਲਗਾਇਆ। ਦਰਬਾਰ ਵਿਚ ਗੁਪਤ ਪ੍ਰਗਟ ਹੋ ਕੇ ਸਭ ਨੂੰ ਹੈਰਾਨ ਕਰ ਦਿੱਤਾ। ਮੱਕੇ ਦੇ ਪ੍ਰਤੱਖ ਦਰਸ਼ਨ ਸ਼ਾਹ ਨੂੰ ਕਰਾਏ। ਦੇਸ਼ ਦੇ ਸਾਰੇ ਕਿਲ੍ਹਿਆਂ ਵਿਚ ਵਾਪਰ ਰਹੀਆਂ ਘਟਨਾਵਾਂ ਦੱਸੀਆਂ। ਮੋਇਆ ਪੁੱਤਰ ਜੀਵਾ-ਲਿਆ। ਮੋਈ ਹੋਈ ਗਾਂ ਜ਼ਿੰਦਾ ਕਰ ਦਿੱਤੀ। ਗੁੰਮ ਹੋਈ ਤਸਬੀ ਲੱਭ ਦਿੱਤੀ। ਰਾਤ ਦਾ ਖਾਧਾ ਦੱਸਿਆ। ਕਾਬਲ ਦੇ ਮੇਵੇ ਲਿਆ ਖੁਆਏ। ਸੁੱਕਾ ਪਿੱਪਲ ਹਰਾ ਕਰ ਦਿੱਤਾ। ਹੰਸ ਮੋਤੀ ਚੁਗਣ ਆਏ। ਬਨਾਵਟੀ ਮੋਤੀ ਵੇਚਣ ਵਾਲੇ ਵਪਾਰੀ ਦਾ ਪਾਜ ਉਘੇੜਿਆ। ਗਿਆਰਾਂ ਦਿਨ ਸਮਾਧੀ ਲਗਾਈ ਰੱਖੀ। ਦਰਿਆਈ ਘੋੜਾ ਮੰਗਵਾ ਦਿੱਤਾ। ਮੋਤੀ ਮਸਜਦ ਫਿਰਦੀ ਦਿਖਾਈ। ਬੰਦੀ ਵਿਚੋਂ ਬਾਹਰ ਨਿਕਲ ਆਏ। ਸ਼ਾਹੀ ਖ਼ਾਨੇ ਵਿਚ ਕੀੜੇ ਮਕੌੜੇ ਤੁਰਦੇ ਦਿਖਾਏ। ਜ਼ੇਬੁਨੱਸਾ ਨੂੰ ਨਰੋਆ ਕੀਤਾ।

 www.sikhbookclub.com

ਕਿਲ੍ਹੇ ਦੇ ਵੱਜੇ ਜੰਦਰੇ ਚਾਬੀ ਲਗਾਏ ਬਗ਼ੈਰ ਖੋਲ੍ਹ ਦਿਖਾਲ ਦਿੱਤੇ। ਸੱਪਾਂ ਦੇ ਜ਼ਹਿਰ ਬੇਅਸਰ ਕੀਤੇ। ਮੋਈਆਂ ਹੋਈਆਂ ਚਿੜੀਆਂ ਜੀਵਾਲ ਦਿੱਤੀਆਂ। ਕੱਦੂ ਨੂੰ ਅੰਗੂਰ ਬਣਾ ਦਿੱਤਾ। ਮੂੰਹ ਮੰਗੀਆਂ ਦੂਰ-ਦੂਰ ਇਲਾਕਿਆਂ ਦੀਆਂ ਵਸਤੂਆਂ ਪੇਸ਼ ਕੀਤੀਆਂ। ਮਥਰਾ ਦੇ ਪੇੜੇ, ਸੁਨਾਮ ਦੇ ਢਿੰਜਵੜੇ, ਰੁਹਤਕ ਦੀ ਰਿਓੜੀ, ਪਟਨੇ ਦੀ ਕਚੌਰੀ, ਅੰਮ੍ਰਿਤਸਰ ਦਾ ਕੜਾਹ, ਸਹਾਰਨਪੁਰ ਦੀ ਗਨੇਰੀ, ਮਾਲਵੇ ਦੇ ਅੰਬ ਅਤੇ ਨਾਗਪੁਰ ਦੇ ਪਾਨ ਆਦਿ ਲਿਆਂਦੇ।

**ਹਮਰੇ ਮੁੱਖ ਲਾਗਹਿ ਨਾਹੀ—**ਇਨ੍ਹਾਂ ਕਰਾਮਾਤਾਂ ਦੀ ਨੋਈਅਤ ਤੋਂ ਹੀ ਪਤਾ ਲੱਗ ਸਕਦਾ ਹੈ ਕਿ ਰਾਮ ਰਾਇ ਖ਼ੁਸ਼ਾਮਦੀ ਹੋ ਗਿਆ ਸੀ ਤੇ ਲਾਲਚ ਵੱਸ ਕਰਮ ਕਮਾ ਰਿਹਾ ਸੀ। ਗੁਰੂ ਹਰਿ ਰਾਇ ਜੀ ਨੇ ਭੇਜਿਆ ਤਾਂ ਇਸ ਲਈ ਸੀ ਕਿ ਦਿੱਲੀ ਜਾ ਕੇ ਸੱਚ ਪ੍ਰਗਟਾਏ, ਸੱਚ ਦੀ ਅਜ਼ਮਤ ਦੱਸੇ ਤੇ ਕੁਟਲਨੀਤੀ ਦਾ ਸਹਾਰਾ ਲੈਣ ਵਾਲੇ ਔਰੰਗਜ਼ੇਬ ਨੂੰ ਆਪਣੇ ਅੰਦਰਲੇ ਵਿਚ ਝਾਤ ਮਰਵਾਏ ਪਰ ਰਾਮ ਰਾਇ ਜੀ ਤਾਂ ਉਹ ਸਭ ਕੁਝ ਕਰਨ ਲੱਗ ਪਏ ਜੋ ਇਕ ਮਦਾਰੀ ਦੋ ਚਾਰ ਟੁਕੜਿਆਂ ਲਈ ਕਰਦਾ ਹੈ। ਜਿਸ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਬੇਟਿਆਂ ਨੂੰ ਇਸ ਲਈ ਤਜ ਦਿੱਤਾ ਸੀ ਕਿ ਉਨ੍ਹਾਂ ਇਕ-ਇਕ ਕਰਾਮਾਤ ਦਿਖਲਾਈ ਸੀ ਅਤੇ ਹੁਣ ਉਨ੍ਹਾਂ ਦੀ ਹੀ ਗੱਦੀ ਤੇ ਬੈਠਣ ਵਾਲੇ ਗੁਰੂ ਹਰਿ ਰਾਇ ਜੀ ਇਹ ਸੁਣ ਕੇ ਕਿਵੇਂ ਸਹਾਰ ਸਕਦੇ ਸਨ।

ਪਰ ਅਤਿ ਉਸ ਸਮੇਂ ਹੋਈ ਜਦ ਖ਼ੁਸ਼ਾਮਦੀ ਸੁਭਾਅ ਨੇ ਗੁਰੂ ਨਾਨਕ ਪਾਤਸ਼ਾਹ ਦੇ ਵਾਕ ਹੀ ਉਲਟਾ ਕੇ ਰੱਖ ਦਿੱਤੇ। ਇਤਨੇ ਡਰ ਗਏ ਕਿ ਭੁੱਲ ਗਏ ਕਿ ਕੀ ਕੁਕਰਮ ਕਮਾ ਰਹੇ ਹਨ ? ਡਰ ਤੇ ਲਾਲਚ ਦੋਵਾਂ ਨੇ ਰਾਮ ਰਾਇ ਨੂੰ ਗ੍ਰਸ ਲਿਆ ਸੀ। ਡਰ ਇਹ ਸੀ ਕਿ ਉਸ ਸਰਮਦ ਵਰਗੇ ਫ਼ਕੀਰਾਂ ਨੂੰ ਮੁਆਫ਼ ਨਹੀਂ ਕੀਤਾ ਅਤੇ ਜਦ ਪਤਾ ਲੱਗਾ ਕਿ ਮੁਸਲਮਾਨ ਦੀ ਸ਼ਰਹ ਤੇ ਚੋਟ ਹੈ ਤਾਂ ਸ਼ਾਹ ਵਿਗੜ ਕੇ ਉਸ ਨੂੰ ਮੌਤ ਦੀ ਸਜ਼ਾ ਦੇਵੇਗਾ।[1] ਹੋਰ ਔਰੰਗਜ਼ੇਬ ਜੋ ਮੂੰਹ ਮੰਗਿਆ ਧਨ ਦੇ ਰਿਹਾ ਸੀ।[2] ਉਸ ਸਭ ਦੀ ਜ਼ਬਤੀ ਕਰ ਲਵੇਗਾ।

ਸੋ ਜਦ ਔਰੰਗਜ਼ੇਬ ਨੇ ਗੁਰੂ ਨਾਨਕ ਦੇਵ ਜੀ ਦੇ ਉਚੱਰੇ ਵਾਕ : "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ"[3] ਦੇ ਅਰਥ ਪੁੱਛੇ ਤਾਂ ਔਰੰਗਜ਼ੇਬ ਨੂੰ ਇਤਨੀਆਂ ਕਰਾਮਾਤਾਂ ਦਿਖਾਉਣ ਵਾਲੇ ਲਈ ਕੋਈ ਮੁਸ਼ਕਲ ਬਾਤ ਨਹੀਂ ਸੀ ਕਿ ਕਬਰਾਂ ਦੀ ਮਿੱਟੀ ਨਾਲ ਬਣੀਆਂ ਹੋਈਆਂ ਕੁਨ੍ਹੀਆਂ ਵਿਚ ਆਤਮਾਵਾਂ ਵੀ ਤੜਪਦੀਆਂ ਦਿਖਲਾ ਦੇਂਦਾ ਜਾਂ ਅਰਥ ਸਮਝਾ ਦੇਂਦਾ ਕਿ ਗੁਰੂ ਨਾਨਕ ਜੀ ਇਸ ਗ਼ਲਤ ਮਨੌਤ ਤੇ ਕਿ ਰੂਹ ਕਬਰ ਵਿਚ ਸਰੀਰ ਨਾਲ ਹੀ ਦੱਬੀ ਜਾਂਦੀ ਹੈ ਤੇ ਮਿੱਠੀ ਟਕੋਰ ਕਰ ਰਹੇ ਹਨ।

੧. ਬਿਗਰਹਿ ਸ਼ਾਹ ਸ਼ਜ਼ਾ ਮੈ ਗਾਢੇ।
੨. ਅਧਿਕ ਦਰਬ ਤਿਹਂ ਤੇ ਨਿੱਤ ਆਵੈ।
੩. ਆਸਾ ਦੀ ਵਾਰ: ਪਉੜੀ ਛੇਵੀਂ।

 www.sikhbookclub.com

ਮੁਸਲਮਾਨਾਂ ਦਾ ਅਕੀਦਾ ਹੈ ਕਿ ਰੋਜ਼ੇ ਹਸ਼ਰ ਵਾਲੇ ਦਿਨ ਇਹ ਰੂਹਾਂ ਕਬਰਾਂ ਵਿਚੋਂ ਨਿਕਲ ਉੱਠ ਬਾਹਰ ਆਉਣਗੀਆਂ ਅਤੇ ਫਿਰ ਹਿਸਾਬ ਹੋਣਗੇ। ਗੁਰੂ ਨਾਨਕ ਜੀ ਕਹਿ ਰਹੇ ਹਨ ਕਿ ਜੇ ਇਹ ਸਚਾਈ ਹੈ ਤਾਂ ਕਦੇ ਕੋਈ ਘੁਮਿਆਰ ਕਬਰਾਂ ਤੋਂ ਚਿਕਨੀ ਮਿੱਟੀ ਚੁੱਕ ਲਿਆਵੇ ਤੇ ਭਾਂਡੇ ਘੜ ਪਕਾਉਣ ਲਈ ਆਵੀ ਵਿਚ ਪਾ ਦੇਵੇ ਤਾਂ ਰੂਹਾਂ ਨੂੰ ਤਾਂ ਚੀਕਾਂ ਮਾਰਨੀਆਂ ਚਾਹੀਦੀਆਂ ਹਨ ਪਰ ਅਜਿਹਾ ਤਾਂ ਕਦੇ ਨਹੀਂ ਡਿੱਠਾ ਕਿਸੇ ਹੁੰਦਾ।

ਇਸੇ ਤਰ੍ਹਾਂ ਦੀ ਚੋਟ ਗੁਰੂ ਨਾਨਕ ਜੀ ਨੇ ਪ੍ਰੋਹਤ ਵਾਦ 'ਤੇ ਵੀ ਕੀਤੀ ਸੀ ਕਿ ਕੋਈ ਪਿਤਰਾਂ ਨੂੰ ਪਹੁੰਚਾਉਣ ਵਾਲੀ ਵਸਤੂ ਦੂਜੇ ਘਰੋਂ ਚੁਰਾ ਕੇ ਲੈ ਆਵੇ ਤੇ ਪੰਡਿਤ ਨੂੰ ਦਾਨ ਦੇ ਦੇਵੇ। ਉਸ ਵਸਤੂ ਨੂੰ ਸੁਰਗਾਂ ਵਿਚ ਬੈਠੇ ਪਿਤਰ ਉਨ੍ਹਾਂ ਦੇ ਘਰੋਂ ਚੁਰਾਈ ਵਸਤੂ ਦੇਖ ਪਛਾਣ ਲੈਣਗੇ ਤਾਂ ਉਥੇ ਖ਼ੂਬ ਗਤਿ ਬਣੇਗੀ, ਉਸ ਪਿਤਰ ਦੀ ਜਿਸ ਨਮਿਤ ਪ੍ਰੋਹਿਤ ਨੇ ਦਾਨ ਲਿਆ ਹੋਵੇਗਾ। ਫਿਰ ਬ੍ਰਾਹਮਣ ਦਲਾਲ ਦੇ ਹੱਥ ਵੀ ਵੱਢੇ ਜਾਣਗੇ ਕਿ ਉਸ ਨੇ ਹੱਥੀਂ ਪਹੁੰਚਾਈ ਹੈ। ਗੱਲ ਅਸਲ ਵਿਚ ਇੰਝ ਨਹੀਂ ਹੁੰਦੀ। ਸਚਾਈ ਇਹ ਹੈ:

*"ਨਾਨਕ ਅਗੈ ਸੋ ਮਿਲੈ,*
*ਜਿ ਖਟੇ ਘਾਲੇ ਦੇਇ।"*

ਰਾਮ ਰਾਇ ਜੀ ਨੇ ਕੋਈ ਠੋਸ ਦਲੀਲ ਜਾਂ ਉਕਤੀ ਦੇਣ ਦੀ ਬਜਾਏ ਖ਼ੁਸ਼ਾਮਦ ਦਾ ਸਹਾਰਾ ਲੈ ਕੇ ਪਾਤਸ਼ਾਹ ਦੇ ਵਾਕ ਹੀ ਉਲਟਾ ਦਿੱਤੇ। ਇਹ ਕਹਿ ਦਿੱਤਾ ਕਿ ਸ਼ਾਹ ਨੂੰ ਭੁਲੇਖਾ ਲੱਗਾ ਹੈ, ਅਸੀਂ ਤਾਂ ਇਹ ਪੜ੍ਹਦੇ ਹਾਂ।

*"ਮਿਟੀ ਬੇਈਮਾਨ ਕੀ ਪੇੜੈ ਪਈ ਕੁਮ੍ਹਿਆਰ।"*

ਨਾਲ ਹੀ ਸ਼ਰਹ ਦੀ ਉਸਤਤਿ ਕਰ ਦਿੱਤੀ। ਇਸ ਤਰ੍ਹਾਂ ਦਲੀਲ ਦੀ ਵੀ ਹਾਨੀ ਕਰ ਦਿੱਤੀ :

*"ਪੁਨ ਇਮਾਨ ਕੀ ਸਤੁਤ ਬਖਾਨੀ,*
*ਇਮ ਦਲੀਲ ਕੀਨਸਿ ਤਿਨ ਹਾਨੀ।"*

ਔਰੰਗਜ਼ੇਬ ਦੀ ਤਸੱਲੀ ਤਾਂ ਉਸ ਕਰਵਾ ਦਿੱਤੀ ਪਰ ਸਿੱਖੀ ਦੇ ਸੱਚ ਦੇ ਬਚਨ ਨੂੰ ਆਂਚ ਲਗਾ ਦਿੱਤੀ। ਗੁਰੂ ਹਰਿ ਰਾਇ ਜੀ ਨੇ ਸੁਣਦੇ ਹੀ ਕਿਹਾ :

*"ਭਯੋ ਨਾਲਾਇਕ, ਧੀਰ ਨਾ ਰਹਯੋ।"*

ਤੁਰਕਾਂ ਦੀ ਖ਼ੁਸ਼ਾਮਦ ਹਿਤ ਉਸ ਗੁਰੂ ਨਾਨਕ ਦੇਵ ਜੀ ਦੇ ਵਾਕ ਬਦਲਾਏ ਹਨ। ਨਾਲਾਇਕ ਆਪਣਾ ਸਾਰਾ ਵਿਰਸਾ ਹੀ ਭੁੱਲ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਵਾਕ ਕੰਗਾਲੀ ਬੁੱਧੀ ਵਾਲਾ ਰਾਮ ਰਾਇ ਕਿਵੇਂ ਉਲਟਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵਾਕ ਅੱਟਲ ਹਨ :

*"ਤੁਰਕੇਸ਼ਵਰ ਕੋ ਰਾਖਯੋ ਮਾਨ।*
*ਸ਼ਬਦ ਬਿਪਰਜੇ ਕੀਨ ਬਖਾਨਿ।*
*ਪਹਿਲੇ ਪਾਤਸ਼ਾਹ ਕੋ ਬਾਕ।*

 www.sikhbookclub.com

*ਫੇਰ ਸਕਹਿ ਕੋ ਇਨ ਮਤਿ ਗਾਕ।"*

ਮੈਕਾਲਫ ਨੇ ਜਿਲਦ ਚੌਥੀ ਦੇ ਪੰਨਾ ੩੧੦ ਤੇ ਬਹੁਤ ਸੁਹਣਾ ਲਿਖਿਆ ਹੈ ਕਿ ਗੁਰੂ ਹਰਿ ਰਾਇ ਜੀ ਨੇ ਕਿਹਾ: ਉਸ ਛੋਟੀ ਮਤਿ ਵਾਲੇ ਨੂੰ ਨਹੀਂ ਪਤਾ ਕਿ ਗੁਰੂ ਨਾਨਕ ਇਜ਼ ਏ ਸਾਵਰੈਨ।[1] (ਗੁਰੂ ਨਾਨਕ ਸੱਚਾ ਪਾਤਸ਼ਾਹ ਹੈ)।

ਗੁਰੂ ਜੀ ਨੇ ਫਿਰ ਸਾਰੀ ਸੰਗਤ ਨੂੰ ਸੁਣਾ ਕੇ ਕਿਹਾ :

*"ਰਾਮ ਰਾਇ ਸ਼ਾਹੀ ਰੁਹਬ ਹੇਠਾਂ ਆ ਗਿਆ ਹੈ।*
*ਕਮਜ਼ੋਰ ਮਨ ਹੈ। ਐਸ਼ਾਂ ਵਿਚ ਪੈ ਕੇ*
*ਗੁਰੂ ਆਸ਼ੇ ਨੂੰ ਵੀ ਭੁੱਲ ਗਿਆ ਹੈ।*
*ਗੁਰੂ ਘਰ ਸੁਤੰਤਰ ਹੈ। ਉਸਨੂੰ ਕਹਿ ਦਿਓ*
*ਕਿ ਹੁਣ ਸਾਡੇ ਮੱਥੇ ਨਾ ਲੱਗੇ।"*

ਜਿਧਰ ਮੂੰਹ ਹੈ ਉਧਰ ਹੀ ਤੁਰ ਜਾਏ। ਬੇਸ਼ੱਕ ਤੁਰਕਾਂ ਦੀ ਮਾਇਆ ਪ੍ਰਾਪਤੀ ਕਰ ਐਸ਼ ਕਰੇ":

*ਬਡ ਐਸ਼ਵਰਜ ਹੇਰ ਕਰਿ ਭੂਲਾ।*
*ਆਸ਼ੈ ਸਤਿਗੁਰ ਉਰ ਤੇ ਭੂਲਾ।*

---

੧. Guru Nanak is a Sovereign. ਇਹ ਹੀ ਗੱਲ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਲਿਖੀ ਹੈ। ਜਦ ਅੰਗਰੇਜ਼ਾਂ ਪੁਛਿਆ ਕਿ ਤੁਮਾਂ ਸਿੱਖਾਂ ਨੇ ਪਾਤਸ਼ਾਹੀਆਂ ਕਿਥੋਂ ਪਾਈਆਂ ਤਾਂ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਂ ਕਿਹਾ :

"ਸਿੰਘਨ ਪਤਿਸ਼ਾਹੀ, ਸਾਹਿਬ ਸੱਚੇ ਦਈ।"

ਜਦ ਉਸ ਪੁੱਛਿਆ ਕਿ ਸ਼ਾਹ ਸੱਚਾ ਕੌਣ ਹੈ ? ਤਾਂ ਅਸਾਂ ਕਹਯੋ : ਸ਼ਾਹ ਨਾਨਕ ਜੋਇ।

ਉਸ ਨੇ ਕਿਹਾ ਗੁਰੂ ਨਾਨਕ ਤਾਂ ਫ਼ਕੀਰ ਸੁਣੀਦਾ ਹੈ, ਉਨ੍ਹਾਂ ਨੂੰ ਸ਼ਾਹੀ ਕੀ ਕਥਾ ਤਰਬੀਜ ?

ਫਿਰ ਭਾਈ ਜੀ ਨੇ ਕਿਹਾ : ਨਹੀਂ, ਗੁਰੂ ਨਾਨਕ ਹੀ : ਦੀਨ ਦੁਨੀ ਸਥੋ ਪਤਿਸ਼ਾਹ :

ਕਈ ਸ਼ਾਹ ਤਿਨ ਕੀਯੇ ਫ਼ਕੀਰ।
ਕਈ ਫ਼ਕੀਰ ਕਰ ਦੀਨੇ ਪੀਰ।
ਰਹਯੋ ਆਪ ਹੁਇ ਬੇਪਰਵਾਹ।
"ਜਿਨ ਸ਼ਾਹ ਨਾਨਕ ਚਰਨ ਪ੍ਰਸਾਏ,
ਤਿਨ ਮੈਂ ਸ਼ਕਤਿ ਦਿੱਤੀ ਭਈ ਆਏ।
ਚਿੜੀਅਨ ਤੇ ਉਨ ਬਾਜ ਕੁਹਾਏ,
ਛੈਲਨ ਕੋਲੋਂ ਸ਼ੇਰ ਤੁੜਾਏ।" ੩੭।

 www.sikhbookclub.com

*ਅਬ ਹਮਰੋ ਮੁਖ ਲਾਗਹਿ ਨਾਹੀ।*
*ਰਹਹੁ ਆਪ ਤੁਰਕੇਸ਼ਰ ਪਾਹੀ। ੨੯।*
*ਛੋਰਹਿ ਅਬਿ ਤੇ ਮੇਲ ਹਮਾਰੋ।*
*ਕਰ ਐਸ਼ਵਰਜ ਕੋ ਰਹੋ ਸੁਖਾਰੋ।*
**ਦਰਸਹਿ ਨਹਿ ਦਰਸਾਵਹਿ ਦਰਸ਼ਨ।**
**ਕਰਹੁ ਤੁਰਕ ਲਛਮੀ ਜੁ ਸਪਰਸਨ।"[1]**

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਗੁਰੂ ਹਰਿ ਰਾਇ ਜੀ ਨੇ ਫ਼ਰਮਾਇਆ :

> "ਉਹ ਹੁਣ ਸਾਨੂੰ ਰਤਾ ਵੀ ਪਿਆਰਾ ਨਹੀਂ ਲੱਗ ਸਕਦਾ। ਉਸ ਨੇ ਗੁਰ ਦਾ ਬਚਨ ਬਦਲਾਇਆ ਹੈ। ਹੁਕਮਨਾਮਾ ਲਿਖਿਆ ਕਿ ਤੂੰ ਬਹੁਤ ਹੀ ਬੁਰਾ ਕੀਤਾ ਹੈ।"[2]

ਪਿੱਛੋਂ ਇਕ ਵਾਰੀ ਫੇਰ ਗੁਰੂ ਜੀ ਨੇ ਇਹ ਹੀ ਬਚਨ ਕੀਤੇ ਸਨ ਕਿ ਰਾਮ ਰਾਇ ਨੇ ਇਹ ਕਰਮ (ਖਚਨ ਵਾਕ ਬਾਣੀ ਬਦਲਾਉਣ ਦਾ) ਸ਼ਾਹ ਦੀ ਖ਼ੁਸ਼ਾਮਦ ਲਈ ਕੀਤਾ ਹੈ ਤਾਂ ਕਿ ਧਨ ਧਰਤੀ ਪ੍ਰਾਪਤ ਹੋ ਜਾਏ। ਮੈਨੂੰ ਉੱਕਾ ਹੀ ਚੰਗਾ ਨਹੀਂ ਲੱਗਾ :

*ਕਰਨਿ ਤੁਰਕੜੇ ਕੇਰ ਖੁਸ਼ਾਮਦ।*
*ਆਨ ਦਰਬ ਕੀ ਤਿਸ ਤੇ ਆਮਦ।*
*ਅਰਥ ਬਿਪਰਜੈ ਕੀਨ ਮੁਨਾਵਨ।*
*ਹਮ ਕੋ ਭਈ ਨਹੀਂ ਯਹਿ ਭਾਵਨ ।*

ਔਰੰਗਜ਼ੇਬ ਨੇ ਵੀ ਜਦ ਗੁਰੂ-ਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਸੌਂਪੀ ਸੁਣੀ ਤਾਂ ਰਾਮ ਰਾਇ ਕੋਲੋਂ ਪੁੱਛਿਆ ਸੀ, ਤੈਨੂੰ ਗੁਰੂ ਗੱਦੀ ਕਿਉਂ ਨਹੀਂ ਮਿਲੀ ਤਾਂ ਰਾਮ ਰਾਇ ਨੇ ਆਪੂੰ ਵੀ ਕਿਹਾ ਸੀ : ਮੈਂ ਤੇਰਾ ਅਨੁਸਾਰੀ ਹੋ ਗਿਆ। ਜੋ ਤੁਸੀਂ ਕਹਿੰਦੇ ਸੀ ਕਰੀ ਜਾ ਰਿਹਾ ਸਾਂ। ਗੁਰੂ ਪਿਤਾ ਨੂੰ ਇਹ ਗੱਲ ਚੰਗੀ ਨਹੀਂ ਲੱਗੀ :

*"ਜਯੋ ਜਯੋ ਤੁਮ ਫ਼ਰਮਾਇਸ ਕੀਨਸ।*
*ਅਜ਼ਮਤ ਬਲ ਤੇ ਹਮ ਕਰ ਦੀਨਸ।*
*ਪਿਤਾ ਸਮੀਪ ਜਾਤਿ ਸੁਧ ਸਾਰੀ।*
*ਤਿਨਹੁ ਬਾਤ ਨਹਿ ਨੀਕੀ ਬਿਚਾਰੀ।"[3]*

---

੧. ਸੂਰਜ ਪ੍ਰਕਾਸ਼। ਰਾਸਿ ੯, ਅੰਸੂ ੫੮

੨. ਯਹਿ ਸਤਿਗੁਰ ਬਚਨੰ ਕਾਹੇ ਕੋ ਟਾਰਾ। ਅਬ ਮੋ ਕੋ ਨਾਹੀ ਲਗੈ ਪਿਆਰਾ। ਲਿਖ ਹੁਕਮਨਾਮਾ ਸਤਿਗੁਰ ਪਠਾਇਆ, ਤੁਮ ਭਲਾ ਨਹੀਂ ਕੀਆ, ਹਮ ਕੋ ਨਹੀ ਭਾਇਆ ॥੪੬।

੩. ਰਾਸ ੧੦, ਅੰਕ ੨੧. (ਸ੍ਰੀ ਗੁਰੂ ਪ੍ਰਤਾਪ ਸੂਰਜ)

 www.sikhbookclub.com

ਸਤਵੇਂ ਪਾਤਸ਼ਾਹ ਨੇ ਦੇਖ ਲਿਆ ਕਿ ਜਿਸ ਨੇ ਜਗਤ ਲਈ ਪੂਰਨੇ ਪਾਣੇ ਹਨ, ਜੇ ਉਹ ਖ਼ੁਸ਼ਾਮਦੀ, ਹਿਰਸੀ, ਕਾਇਰ ਤੇ ਬਾਦਸ਼ਾਹ ਦਾ ਅਨੁਸਾਰੀ ਹੋ ਚੱਲ ਰਿਹਾ ਹੈ, ਉਹ ਸਿੱਖਾਂ ਵਿਚ ਸਾਹਸ ਤੇ ਨਿਰਭੈਤਾ ਕਿਵੇਂ ਭਰੇਗਾ ?

ਪਹਿਲਾਂ ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮਿਹਰਬਾਨ ਨੇ ਖ਼ੁਸ਼ਾਮਦ ਦੀ ਹੱਦ ਕਰ ਦਿੱਤੀ ਸੀ। ਮਹਲਾ ਪੰਜਵਾਂ ਪਾ ਕੇ ਹੇਠਾਂ ਉਸ ਵਾਰ ਪੀਰਾਂ ਦੀ ਲਿਖ ਕੇ ਨੀਵੇਂ-ਪਣ ਦੀ ਹੱਦ ਹੀ ਕਰ ਦਿਖਾਈ ਸੀ। ਇਕ ਇਹ ਵਿਚਾਰ ਵੀ ਹੈ ਕਿ ਗੁਰੂ ਹਰਿ ਰਾਇ ਜੀ ਨੇ ਸਿਰਫ਼ ਇਸ ਲਈ ਬਾਣੀ ਨਹੀਂ ਰਚੀ ਕਿਉਂਕਿ ਮਹਲਾ ਮਤਵਾਂ ਹੇਠ ਮਿਹਰਬਾਨ ਕਵਿਤਾ ਰਚਿ-ਰਚਿ ਭੁਲੇਖੇ ਪਾ ਰਿਹਾ ਸੀ। ਸਿੱਖਾਂ ਨੂੰ ਇਹ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਗੁਰੂ ਹਰਿ ਰਾਇ ਜੀ ਨੇ ਮਹਲਾ ਹੇਠ ਕੋਈ ਸ਼ਬਦ ਨਹੀਂ ਉਚਾਰੇ। ਇਹ ਵੀ ਇਕ ਪ੍ਰਕਾਰ ਦੀ ਨਿਮ੍ਰਤਾ ਤੇ ਕੁਰਬਾਨੀ ਹੀ ਸੀ।

ਗੁਰੂ ਘਰ ਦਾ ਇਹ ਵਰਤਾਰਾ ਗੁਰੂ ਨਾਨਕ ਜੀ ਤੋਂ ਤੁਰ ਰਿਹਾ ਹੈ ਕਿ ਬਦ ਤੇ ਬਦੀ ਨਾਲ ਕਦੀ ਸਮਝੌਤਾ ਨਹੀਂ ਕਰਨਾ।

ਰਾਮ ਰਾਇ ਨੇ ਜੋ ਤੁਕ ਦਾ ਸ਼ਬਦ ਬਦਲਾਇਆ, ਇਹ ਸੱਚ ਨੂੰ ਹੱਥੋਂ ਗਵਾਉਣਾ ਸੀ। ਆਦਿ ਸਚੁ ਤੇ ਚੋਟ ਸੀ। ਹੋਸੀ ਭੀ ਸੱਚ ਤੇ ਸੱਟ ਸੀ। ਜ਼ੁਲਮੀ ਸ਼ਾਹ ਨਾਲ ਬਣਾਈ ਰੱਖਣ ਲਈ ਵਟਾਂਦਰਾ ਸੀ। ਐਸ਼ਾਂ ਹੇਠ ਦੱਬੇ ਜਾਣਾ ਸੀ। ਖ਼ੁਸ਼ਾਮਦ ਹਿਤ ਕਰਮ ਸੀ, ਗੁਰੂ ਘਰ ਵਿਚ ਇਹ ਕਦੇ ਪ੍ਰਵਾਨ ਨਹੀਂ। ਐਸਾ ਵਿਅਕਤੀ ਚਾਹੇ ਕਿਤਨਾ ਕਰਾਮਾਤੀ ਹੋਵੇ, ਸੱਚ ਦੀ ਨੀਂਹ ਤੇ ਉਸਰੇ ਪੰਥ ਦਾ ਆਗੂ ਕਦੇ ਨਹੀਂ ਹੋ ਸਕਦਾ।

ਗੁਰੂ ਹਰਿ ਰਾਇ ਜੀ ਦੀ ਇਹ ਕੁਰਬਾਨੀ ਜੁਗਾਂ ਤਕ ਯਾਦ ਰਹੇਗੀ। ਅਸੂਲ ਪਿੱਛੇ ਪੁੱਤਰ ਤਿਆਗ ਦੇਣਾ ਹੀ ਇਹ ਗੁਰੂ ਘਰ ਦੀ ਰੀਤ ਹੈ। ਸਚਿਆਈ ਨੂੰ ਇਤਨਾ ਉੱਚਾ ਕਰ ਦਿੱਤਾ ਕਿ ਭਾਈ ਨੰਦ ਲਾਲ ਜੀ ਨੇ ਲਿਖਿਆ : ਗੁਰੂ ਹਰਿ ਰਾਇ ਸੱਚ ਦੇ ਪਾਲਣਹਾਰ ਤੇ ਸੱਚ ਦੇ ਧਾਰਨੀ ਤੇ ਸੱਚ ਦਾ ਪਾਤਸ਼ਾਹ ਅਤੇ ਬਾਗ਼ੀਆਂ ਤੇ ਸਿਰ ਫਿਰਿਆਂ ਦੇ ਸਿਰ ਕਲਮ ਕਰਨ ਵਾਲੇ ਹਨ। ਰਤਾ ਪ੍ਰਵਾਹ ਨਹੀਂ ਕਿ ਉਹ ਬੇਟਾ ਹੈ, ਜਾਂ ਸੰਬੰਧੀ। ਗੁਰੂ ਹਰਿ ਰਾਇ ਜੀ ਨੇ ਸਚਿਆਈ ਨੂੰ ਇਤਨਾ ਉੱਚਾ ਕਰ ਦਿਖਾਇਆ। ਉਹ ਨਾਂਹ ਔਰੰਗਜ਼ੇਬੀ ਅਤਾਬ ਤੋਂ ਡਰੇ, ਨਾਂਹ ਰਾਮ ਰਾਇ ਦੇ ਨਵੇਂ ਬਣੇ ਰਸੂਖ ਤੋਂ ਭੈ-ਭੀਤ ਹੋਏ ਅਤੇ ਨਾਂਹ ਜੇਠੇ ਪੁੱਤਰ ਦੀ ਮੋਹ ਮਮਤਾ ਵਿਚ ਗ੍ਰਸੇ। ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਕਿ ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਨੂੰ ਇਹ ਵੀ ਕਹਿਲਾਇਆ ਕਿ ਦੇਖ ਵੱਡਿਆਂ ਵੱਲ। ਗੁਰੂ ਅਰਜਨ ਦੇਵ ਜੀ ਨੇ ਆਪਣਾ ਬਚਨ ਨਾਂਹ ਪਲਟਾਇਆ। ਕਸ਼ਟ ਸਹਾਰੇ, ਸਿਰ ਦੇ ਦਿੱਤਾ। ਤੈਨੂੰ ਤਾਂ ਕਸ਼ਟ ਕੋਈ ਨਹੀਂ ਸੀ, ਤੂੰ ਧਰਮ ਹੀ ਛੱਡ ਦਿੱਤਾ :

*ਬਾਦਸ਼ਾਹਿ ਕੋ ਖੁਸ਼ੀ ਰਖਨ ਹਿਤ,*
*ਕੀਨ ਲਿਹਾਜ਼ ਉਚਾਰਬੋ ਐਸ।*
*ਤੁਰਕੇਸ਼ਵਰ ਕੀ ਖੁਸ਼ੀ ਹੇਤ ਤੁਮ,*
*ਕਰੀ ਬੇਅਦਬੀ ਗੁਰੂ ਘਰ ਕੇਰ।*

**ਰਾਮ ਰਾਇ ਨਾਲ ਕੀ ਬੀਤੀ**—ਇਹ ਚਿੱਠੀ ਪਾ ਕੇ ਰਾਮ ਰਾਇ ਡਰਦਾ, ਕੀਰਤਪੁਰ ਵੀ ਆਇਆ ਪਰ ਮਹਾਰਾਜ ਨੇ ਮੱਥੇ ਨਾ ਲਗਾਇਆ। ਹੁਕਮ ਭੇਜਿਆ ਕਿ ਜਿਸ ਪਾਸੇ ਮੂੰਹ ਸੂ ਚਲਾ ਜਾਏ। ਉਸ ਵੇਲੇ ਉਸ ਦਾ ਮੂੰਹ ਲਾਹੌਰ ਵੱਲ ਸੀ, ਉਹ ਲਾਹੌਰ ਵੱਲ ਚਲਾ ਗਿਆ। ਮੀਆਂ ਮੀਰ ਦੇ ਚੇਲੇ ਸ਼ਾਹ ਦੇ ਤਰਲੇ ਵੀ ਕੀਤੇ ਪਰ ਉਨ੍ਹਾਂ ਵੀ ਸਾਫ਼ ਜਵਾਬ ਦੇ ਦਿੱਤਾ। ਕਰਾਮਾਤਾਂ ਦੇ ਸਹਾਰੇ ਲੋਕਾਂ ਨੂੰ ਕੁਝ ਚਿਰ ਭਰਮਾਂਦਾ ਰਹਿਆ। ਗੁਰੂ ਹਰਿ ਕ੍ਰਿਸ਼ਨ ਜੀ ਦੇ ਗੁਰ-ਗੱਦੀ ਸੰਭਾਲਣ ਤੋਂ ਬਾਅਦ ਔਰੰਗਜ਼ੇਬ ਨੂੰ ਬਹੁਤ ਕਿਹਾ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਵੀ ਇਕ ਵਾਰੀ ਹਾਜ਼ਰ ਹੋਣ ਲਈ ਬੁਲਾਵੋ। ਔਰੰਗਜ਼ੇਬ ਨੂੰ ਉਸ ਇਹ ਗੱਲ ਵੀ ਕਹੀ :

"ਮੇਰੀ ਇਹ ਸਭ ਦਸ਼ਾ ਇਸ ਕਰ ਕੇ ਹੋਈ ਹੈ ਕਿ ਤੁਹਾਡੇ ਨਾਲ ਮੇਲ ਕੀਤਾ ਹੈ। ਗੁਰੂ ਹਰਿ ਕ੍ਰਿਸ਼ਨ ਜੀ ਦੀ ਇਕ ਵਾਰੀ ਹਾਜ਼ਰੀ ਨਾਲ ਲੋਕਾਂ ਤੇ ਸਪੱਸ਼ਟ ਹੋ ਜਾਏਗਾ ਕਿ ਦੋਵਾਂ ਭਰਾਵਾਂ ਵਿਚ ਕੋਈ ਫ਼ਰਕ ਨਹੀਂ। ਸੰਗਤਾਂ ਨੂੰ ਮੇਰੇ ਪਾਸੇ ਮੋੜੋ।"

ਔਰੰਗਜ਼ੇਬ ਨੇ ਸਭ ਸੁਣ ਕਿਹਾ ਸੀ : ਮੈਂ ਕੀ ਕਰ ਸਕਦਾ ਹਾਂ। ਸਿੱਖਾਂ ਕਿਸੇ ਦਾ ਕਰਜ਼ਾ ਨਹੀਂ ਦੇਣਾ। ਇਹ ਉਨ੍ਹਾਂ ਦੇ ਅਕੀਦੇ ਦੀ ਬਾਤ ਹੈ :

**"ਕਰਜ਼ੀ ਨ ਸਿੱਖ ਦੇਹ, ਮਰਜ਼ੀ ਕੀ ਬਾਤ ਹੈ।"**

ਹਾਂ ਜੇ ਮੇਰੇ ਮੇਲ ਕਾਰਨ ਦੁਨਿਆਵੀ ਪਦਾਰਥਾਂ ਜਾਗੀਰਾਂ ਜਾਂ ਹੋਰ ਖ਼ਰਚੇ ਦੀ ਘਾਟ ਆਈ ਹੈ ਤਾਂ ਜਾਗੀਰ ਜਾਂ ਹੋਰ ਖ਼ਰਚੇ ਲਗਵਾ ਕੇ ਪੂਰੀ ਕਰ ਦੇਂਦਾ ਹਾਂ। ਜਾਗੀਰ ਲਗਵਾ ਦਿੱਤੀ। ਖੁਰਵੜਾ, ਤੇ ਸਤ ਪਿੰਡ[1], ਰਾਜਪੁਰ ਦੀ ਦੂਨ ਜਿੱਥੇ ਹੁਣ ਡੇਰਾਦੂਨ ਹੈ, ਜਾਗੀਰ ਵਜੋਂ ਦੇ ਵੀ ਦਿੱਤੀ। ਰਾਮ ਰਾਇ ਨੇ ਕਈ ਉਪਾਅ ਵੀ ਕੀਤੇ ਪਰ ਕਾਮਯਾਬੀ ਨ ਮਿਲੀ। ਅਖ਼ੀਰ ਪਹਾੜਾਂ ਵਿਚ ਫਿਰਦੇ ਵਿਚਰਦੇ ਡੇਰਾਦੂਨ ਟਿਕਾਣਾ ਬਣਾ ਲਿਆ। ਸਾਥੀ ਮਸੰਦਾਂ ਨੇ ਰੁਪਏ ਦੇ ਲਾਲਚ ਵਿਚ ਰਾਮ ਰਾਇ ਨੂੰ ਰਜ਼ਾਈ ਵਿਚ ਸੁੱਤੇ ਹੀ ਜ਼ਿੰਦਾ ਸਾੜ ਦਿੱਤਾ।[2]

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਔਰੰਗਜ਼ੇਬ ਕਈ ਵਾਰੀ ਦਰਬਾਰ ਵਿਚ ਗੁਰਬਾਣੀ ਦੀਆਂ ਤੁਕਾਂ ਵੀ ਬੋਲ ਜਾਂਦਾ ਸੀ। 'ਮਿੱਟੀ ਮੁਸਲਮਾਨ ਕੀ' ਦੀ ਤੁਕ ਦਾ ਅਰਥ ਪੁੱਛਣਾ ਕੋਈ ਗ਼ੈਰ ਸੁਭਾਵਕ ਗੱਲ ਨਹੀਂ ਸੀ।

---

੧. ਸੱਤ ਪਿੰਡ ਇਹ ਸਨ ਖੁਰਬੜਾ, ਰਾਜਪੁਰ, ਚਾਮਾਸਰੀ, ਧਾਂਮਾਵਾਲੀ, ਧੁਰਤਾਵਾਲਾ, ਕਾਂਵਲੀ ਤੇ ਪੰਡਿਤ ਵਾੜੀ।

੨. ਰਾਮ ਰਾਇ ਦੀਆਂ ਕੁਚਾਲਾਂ ਤੇ ਅੰਤ ਲਈ ਮੇਰੀ ਪੁਸਤਕ 'ਅਸ਼ਟਮ ਬਲਬੀਰਾ' (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) ਪੜ੍ਹੋ।

 www.sikhbookclub.com

ਮੁਆਸਰੇ ਆਲਮਗੀਰੀ ਵਿਚ ਤੇਤੀਵੇਂ ਸਾਲ ਦੇ ਹਾਲ (੧੬੯੦) ਵਿਚ ਇਕ ਵਾਕਿਆ ਲਿਖਿਆ ਹੈ ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਔਰੰਗਜ਼ੇਬ ਸਹਿਜ ਸੁਭਾਅ ਗੁਰਬਾਣੀ ਦੀ ਤੁਕ ਬੋਲ ਜਾਂਦਾ ਸੀ। ਮੁਹੰਮਦ ਸਾਕੀ ਮਸਤਅਦੀ ਨੇ ਲਿਖਿਆ ਹੈ :

ਇਕ ਆਦਮੀ ਦੀਵਾਨੀ ਅਦਾਲਤ ਵਿਚ ਸਲਾਬਤ ਖ਼ਾਨ, ਮੀਰ ਤੌਜ਼ਕ ਅਵਲ ਨੇ ਪੇਸ਼ ਕੀਤਾ ਜਿਸ ਦਾ ਇਹ ਕਹਿਣਾ ਸੀ :

*'ਬਾਦਸ਼ਾਹ ਉਸ ਨੂੰ ਮੁਰੀਦ ਬਣਾਏ।'*

ਔਰੰਗਜ਼ੇਬ ਨੇ ਮੁਸਕਰਾ ਕੇ ਪਾਸ ਪਈ ਥੈਲੀ ਵਿਚੋਂ ਹੱਥ ਪਾ ਕੇ ਸੌ ਰੁਪਿਆ ਤੇ ਸੋਨੇ ਚਾਂਦੀ ਦੇ ਗਹਿਣੇ ਸਲਾਬਤ ਖ਼ਾਨ ਨੂੰ ਉਸ ਬੰਦੇ ਨੂੰ ਦੇਣ ਲਈ ਕਹੇ। ਔਰੰਗਜ਼ੇਬ ਨੇ ਕਿਹਾ :

"ਜਿਸ ਫ਼ੈਜ਼ (ਖ਼ੁਸ਼ੀ) ਨੂੰ ਉਹ ਲੋੜਦਾ ਹੈ। ਅਸਲ ਵਿਚ ਇਹ ਹੀ ਹਨ।"

ਜਦ ਧਨ ਤੇ ਵਸਤੂਆਂ ਉਸ ਨੂੰ ਦਿੱਤੀਆਂ ਗਈਆਂ ਤਾਂ, ਉਸ ਨੇ ਸਭ ਵਸਤਾਂ ਇਧਰ ਉੱਧਰ ਸੁੱਟ ਦਿੱਤੀਆਂ ਤੇ ਆਪੂੰ ਦਰਿਆ ਵਿਚ ਛਾਲ ਮਾਰ ਦਿੱਤੀ। ਸਲਾਬਤ ਖ਼ਾਨ ਨੇ ਸ਼ੋਰ ਮਚਾਇਆ ਤੇ ਚੋਬਿਆਂ ਨੂੰ ਹੁਕਮ ਦਿੱਤਾ ਕਿ ਦੇਖਣਾ ਉਹ ਸ਼ੱਖਸ ਡੁੱਬਣ ਨਾਂਹ ਪਾਏ। ਉਸ ਨੂੰ ਕੱਢ ਲਿਆ ਗਿਆ ਉਹ ਵਾਰ ਵਾਰ ਕਹੇ ਕਿ ਮੈਨੂੰ ਮੁਰੀਦ ਬਣਾਵੋ।

ਔਰੰਗਜ਼ੇਬ ਨੇ ਇਹ ਸਭ ਸੁਣ ਕਿਹਾ ਕਿ : ਇੰਝੇ ਝੂਠਾ ਖ਼ਿਆਲ ਉਸ ਸ਼ੱਖਸ ਦੇ ਦਿਮਾਗ਼ ਵਿਚ ਸਮਾ ਗਿਆ ਹੈ ਕਿ ਉਹ ਮੇਰਾ ਮੁਰੀਦ ਹੋਵੇ। ਔਰੰਗਜ਼ੇਬ ਨੇ ਇੱਥੇ ਇਕ ਤੁਕ ਪੜ੍ਹੀ :

*ਕੁਲਹਾ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ।*
*ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ।*

(ਪੰਨਾ ੧੨੮੬, ਗੁਰੂ ਗ੍ਰੰਥ ਸਾਹਿਬ)

ਇਹ ਤੁਕਾਂ ਮਲਾਰ ਦੀ ਵਾਰ ਜੋ ਗੁਰੂ ਨਾਨਕ ਦੇਵ ਜੀ ਨੇ ਉਚਾਰੀ ਸੀ, ਉਸ ਦੀ ਉਨ੍ਹੀਵੀਂ ਪਉੜੀ ਦਾ ਪਹਿਲਾ ਸਲੋਕ ਹੈ।

ਇਸ ਸਲੋਕ ਦਾ ਭਾਵ ਹੈ ਕਿ ਮੂਰਖ ਕਮਲੇ ਹਨ ਉਹ ਲੋਕ ਜੋ ਸੇਲੀ ਟੋਪੀ ਲੈ ਮੁਰੀਦ ਬਣਦੇ ਹਨ। ਐਸੇ ਤਾਂ ਭਲਾ ਕਮਲੇ ਹੀ ਹਨ ਜੋ ਟੋਪੀਆਂ ਵੰਡ ਕੇ ਮੁਰੀਦ ਬਣਾਂਦੇ ਹਨ ਪਰ ਉਹ ਤਾਂ ਨਿਰੋਲ ਬੇਸ਼ਰਮ ਹਨ ਜੋ ਟੋਪੀ ਲੈ ਕੇ ਸਮਝਦੇ ਹਨ ਕਿ ਸਭ ਬਰਕਤਾਂ ਦੇ ਮਾਲਕ ਹੋ ਗਏ ਹਨ। ਬਰਕਤ ਤਾਂ ਕੇਵਲ ਅਲਹ ਦੇ ਨਾਮ ਵਿਚ ਹੈ।

ਐਸੇ ਲੋਕਾਂ ਟੋਪੀ ਲੈਣ ਤੇ ਟੋਪੀ ਦੇਣ ਵਾਲੇ ਦੀ ਹਾਲਤ ਇੰਝ ਜਾਣੋ ਕਿ ਚੂਹਾ ਆਪ ਤਾਂ ਖੁੱਡ ਵਿਚ ਸਮਾ ਨਾ ਸਕਦਾ ਹੋਵੇ ਤੇ ਉਤੋਂ ਲੱਕ ਨਾਲ ਛੱਜ ਬੰਨ੍ਹ ਲਵੇ। ਮੁਰਸ਼ਦ ਨੂੰ ਅਜੇ ਆਪ ਤਾਂ ਟਿਕਾਅ ਮਿਲਿਆ ਨਹੀਂ, ਦੂਜਿਆਂ ਨੂੰ ਜੀਵਨ ਦਾਨ ਕਿਵੇਂ ਦੇ ਸਕਦਾ ਹੈ। ਐਸੇ ਲੋਕ ਆਪ ਵੀ ਖ਼ੁਆਰ ਹੁੰਦੇ ਹਨ ਅਤੇ ਦੂਜਿਆਂ

ਨੂੰ ਵੀ ਕਰਦੇ ਹਨ। ਮਰ ਖਪ ਜਾਂਦੇ ਹਨ ਅਜਿਹੇ ਬੰਦੇ ਕੋਈ ਨਾਮ ਲੈਣ ਵਾਲਾ ਵੀ ਨਹੀਂ ਰਹਿੰਦਾ।

ਸੁਨੀਤੀ ਕੁਮਾਰ ਚੈਟਰਜੀ ਨੇ ਸਵਾਲ ਉਠਾਇਆ ਹੈ ਕਿ ਇਹ ਸੋਚ ਦੀ ਘੜੀ ਹੈ ਕਿ ਇਤਨੀ ਔਖੀ ਪੰਜਾਬੀ ਦੀ ਤੁਕ ਔਰੰਗਜ਼ੇਬ ਦੇ ਮੂੰਹ ਕਿਵੇਂ ਚੜ੍ਹ ਗਈ। ਕਈਆਂ ਦਾ ਖ਼ਿਆਲ ਹੈ ਕਿ ਇਹ ਰਾਮ ਰਾਇ ਦੇ ਪ੍ਰਭਾਵ ਕਰਕੇ ਹੋਇਆ। ਪਰ ਨਹੀਂ ! ਇਹ ਸਭ ਔਰੰਗਜ਼ੇਬ ਦੀ ਮੁੱਢਲੀ ਵਿਦਿਆ ਜੋ ਉਸ ਨੇ ਸੁਲਤਾਨ-ਪੁਰ ਲੋਧੀ ਲਈ ਸੀ, ਕਰਕੇ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦੀਆਂ ਤੁਕਾਂ ਸਹਿਜੇ ਹੀ ਇਕ ਵਾਰ ਪੜ੍ਹਿਆਂ ਮੂੰਹ ਚੜ੍ਹ ਜਾਂਦੀਆਂ ਹਨ।

ਕਈਆਂ ਇਹ ਵੀ ਲਿਖਿਆ ਹੈ ਕਿ ਔਰੰਗਜ਼ੇਬ ਸਿੱਖ ਘਰ ਵੱਲ ਮੰਦ ਭਾਵਨਾ ਨਹੀਂ ਸੀ ਰੱਖਦਾ ਪਰ ਇਹ ਜਚਦਾ ਨਹੀਂ। ਗੁਰੂ ਹਰਿ ਰਾਇ ਤੇ ਵਾਰ ਵਾਰ ਹੱਲੇ ਤੇ ਫਿਰ ਕੀਤੇ ਹੀਲੇ ਉਸ ਦੀ ਚੰਗੀ ਨਿਯਤ ਨੂੰ ਨਹੀਂ ਦਰਸਾਂਦੇ।

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਠੀਕ ਲਿਖਿਆ ਹੈ :

"ਰਾਮ ਰਾਇ ਨੇ ਔਰੰਗਜ਼ੇਬ ਦੀ ਰਾਜਸੀ ਸਰਪ੍ਰਸਤੀ ਲੈ ਲਈ। ਖ਼ੁਸ਼ਾਮਦੀ ਬਣ ਝੁਕ ਗਿਆ। ਬਾਦਸ਼ਾਹ ਦਾ ਅਨੁਸਾਰੀ ਹੋ ਗਿਆ। ਇਸ ਅਖ਼ਲਾਕੀ ਕਮਜ਼ੋਰੀ (ਮਾਰਲ ਵੀਕਨੈਸ) ਦੀ ਖ਼ਬਰ ਜਦ ਗੁਰੂ ਹਰਿ ਰਾਇ ਜੀ ਨੇ ਸੁਣੀ ਤਾਂ ਉਨ੍ਹਾਂ ਹੁਕਮ ਦਿੱਤਾ : ਜਿਥੇ ਮਰਜ਼ੀ ਸੂ ਚਲਾ ਜਾਵੇ। ਉਸ ਦਾ ਕੋਈ ਸੰਬੰਧ ਸਾਡੇ ਨਾਲ ਨਹੀਂ ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਗ਼ਲਤ ਰੰਗ ਵਿਚ ਪੇਸ਼ ਕੀਤਾ ਹੈ।"

ਕਨਿੰਘਮ ਦਾ ਇਥੋਂ ਤੱਕ ਲਿਖਣਾ ਤਾਂ ਠੀਕ ਹੈ ਕਿ ਔਰੰਗਜ਼ੇਬ ਨੇ ਰਾਮ ਰਾਇ ਨੂੰ ਨਿਵਾਜਿਆ ਪਰ ਇਸ ਸੱਚਾਈ ਤੋਂ ਕੋਹਾਂ ਦੂਰ ਹੈ ਕਿ ਉਸ ਦਾ ਔਰੰਗਜ਼ੇਬ ਦੇ ਨੇੜੇ ਹੋਣ ਕਾਰਣ ਗੁਰੂ ਹਰਿ ਰਾਇ ਜੀ ਨੂੰ ਕੋਈ ਮਾੜਾ ਸੀ।[1] ਮਾੜਾ ਨਹੀਂ, ਮਹਾਰਾਜ ਨੇ ਬਹੁਤ ਹੀ ਮਾੜਾ ਕਿਹਾ ਜਦ ਉਸ ਦੀਆਂ ਕਰਤੂਤਾਂ ਦਾ ਪਤਾ ਲੱਗਾ।

**ਆਉਣ ਵਾਲਿਆਂ ਖ਼ਤਰਿਆਂ ਤੋਂ ਪੰਥ ਨੂੰ ਚਿਤਾਵਨੀ**—ਗੁਰੂ ਹਰਿ ਰਾਇ ਜੀ ਨੇ ਅਨੁਭਵ ਕੀਤਾ ਕਿ ਜੋ ਰਾਮ ਰਾਇ ਵਰਗਾ ਡੋਲ ਸਕਦਾ ਹੈ ਤਾਂ ਪੰਥ ਦੇ ਜਹਾਜ਼ ਨੂੰ ਖ਼ਤਰੇ ਤੋਂ ਬਚਾਉਣ ਲਈ ਕੋਈ ਸਦੀਵੀ ਇਲਾਜ ਦੀ ਵੀ ਲੋੜ ਹੈ।

ਲਿਖਿਆ ਹੈ ਕਿ ਇਕ ਦਿਨ ਇਕਾਂਤ ਸੰਗਤਾਂ ਨਾਲ ਪਹਾੜੀ ਤੇ ਬੈਠੇ ਹੋਏ ਸਨ ਕਿ ਇਕ ਦਮ ਸਾਵਧਾਨ ਹੋ ਗਏ ਤੇ ਸੰਗਤਾਂ ਨੂੰ ਕਹਿਣ ਲੱਗੇ ਕਿ ਇੰਝ ਲੱਗਦਾ ਹੈ ਕਿ ਜੋ ਸਿੱਖੀ ਦਾ ਜਹਾਜ਼ ਗੁਰਾਂ ਨੇ ਬੜੀ ਮਿਹਨਤ ਨਾਲ ਬਣਾਇਆ ਹੈ ਉਹ ਟੋਟੇ-ਟੋਟੇ ਹੋ ਜਾਏਗਾ। ਸਿੱਖਾਂ ਬੇਨਤੀ ਕੀਤੀ ਕਿ ਇਸ ਜਹਾਜ਼ ਨੂੰ ਕਿਹੜੇ ਵੱਡੇ ਖ਼ਤਰੇ ਹਨ ?

੧. ਹਿਸਟਰੀ ਔਫ ਦੀ ਸਿੱਖਸ, ਸਫ਼ਾ ੫੫।

**ਪਹਿਲਾ**—ਆਪ ਜੀ ਨੇ ਕਿਹਾ ਵੱਡਾ ਖ਼ਤਰਾ ਹੈ ਜਦ,

**"ਆਪ ਆਪ ਹੁਇ ਸਭ ਮੋ ਗਏ"**

ਜਦ ਹਰ ਕੋਈ ਆਪਣੀ ਹੋਂਦ ਜਤਲਾਏਗਾ, ਆਪਣੀ ਮਰਯਾਦਾ ਚਲਾਉਣ ਦਾ ਯਤਨ ਕਰੇਗਾ।

**ਦੂਜੇ**—ਆਗੂ ਜਦ '**ਅਰਥ ਲੋਭ ਕੇ ਬਸੀ ਪਰੇ**' ਤਾਂ ਇਹ ਬੇੜਾ ਡੋਲ ਜਾਏਗਾ।

**ਤੀਜੇ**—ਪਖੰਡਨ ਕੀ ਪੂਜਾ ਕਾਰਨ ਛੇਕ ਹੁੰਦੇ ਹਨ, 'ਕਾਚੇ ਪਾਹਿਆਂ (ਕੱਚੇ ਪਿਲਿਆਂ) ਦੀ ਅਗਵਾਈ ਕਿਸੇ ਮੰਜ਼ਲ ਤੇ ਨਹੀਂ ਲੈ ਜਾਂਦੀ।

ਬਸ ਇਲਾਜ ਇਹੋ ਹੀ ਹੈ ਕਿ ਮਰਯਾਦਾ ਤੇ ਪੰਥਕ ਰਹਿਣੀ ਪੱਕੀ ਕੀਤੀ ਜਾਵੇ। ਗੁਰੂ ਤੇ ਅਟੱਲ ਤੇ ਅਖੰਡ ਵਿਸ਼ਵਾਸ ਹੋਵੇ :

*'ਮਾਨਹਿ ਸਤਿਗੁਰ ਏਕ ਅਖੰਡ।'*

ਇਕੋ ਪੰਥਕ ਰਹਿਣੀ ਤੇ ਇਕੋ ਵਾਹਿਗੁਰੂ ਦੇ ਪ੍ਰੇਮ ਵਾਲੀ ਭਗਤੀ[1] ਦ੍ਰਿੜ੍ਹ ਕਰਨ ਨਾਲ ਇਹ ਫੁਟਾ ਹੋਇਆ, ਖੰਡ ਖੰਡ ਹੋਇਆ ਬੇੜਾ ਜੁੜ ਜਾਂਦਾ ਹੈ। ਦੋਖੀਆਂ ਨੂੰ ਉਚਿਤ ਦੰਡ ਮਿਲਣ ਨਾਲ ਫਿਰ ਉਹ ਸਿਰ ਨਹੀਂ ਉਠਾਂਦੇ।[2] ਦਸਵੇਂ ਜਾਮੇ ਵਿਚ ਪਖੰਡੀਆਂ ਦਾ ਪਰਹਾਰ ਕਰਕੇ ਵੱਲ ਦੱਸ ਜਾਣਗੇ ਕਿ ਵੱਖਰੇ-ਵੱਖਰੇ ਹੋਏ ਜਹਾਜ਼ ਨੂੰ ਇੱਕਤਰ ਕਰਕੇ ਪਵਿੱਤਰ ਪੰਥ ਕਿਵੇਂ ਬਚਾਉਣਾ ਹੈ।

SIKHBOOKCLUB.COM

---

੧. ਭਗਤਿ ਇਕੰਗੀ, ਭਜਨ ਅਧਾਰੇ।

੨. ਦੰਡ ਉਚਿਤ ਕੋ ਦੈ ਹੈ ਦੰਡ।

(ਰਾਸ ੧੦, ਅੰਸ਼ ੨੨, ਸੂਰਜ ਪ੍ਰਕਾਸ਼)

 www.sikhbookclub.com

# ੧੨
# ਜੋਤ ਸਮਰਪੀ ਅਸ਼ਟ ਗੁਰ

**ਗੁਰੂ ਹਰਿ ਰਾਇ ਜੀ ਦਾ ਨਿਰਣਾ**—ਜਦ ਰਾਮ ਰਾਇ ਨੇ ਖ਼ੁਸ਼ਾਮਦ ਦੀ ਹੱਦ ਕਰ ਦਿੱਤੀ ਸੀ ਤਾਂ ਜਿਥੇ ਗੁਰੂ ਹਰਿ ਰਾਇ ਜੀ ਨੇ ਇਹ ਫ਼ਰਮਾਇਆ ਸੀ ਕਿ ਉਹ ਸਾਡੇ ਮੂੰਹ ਨਾ ਲੱਗੇ, ਉੱਥੇ ਨਾਲ ਹੀ ਬਚਨ ਕਹੇ ਸਨ ਕਿ '**ਗੁਰਤਾ ਉਚਿੱਤ ਨਹੀਂ ਰਾਖਯੋ ਮਾਨ**।' ਭਾਵ ਸਪੱਸ਼ਟ ਸੀ ਕਿ ਰਾਮ ਰਾਇ ਇਤਨੀ ਜ਼ਿੰਮੇਵਾਰੀ ਦੇ ਚੁੱਕਣ ਯੋਗ ਨਹੀਂ।

ਉਸੇ ਵੇਲੇ ਇਹ ਬਚਨ ਵੀ ਗੁਰੂ ਹਰਿ ਰਾਇ ਜੀ ਨੇ ਕੀਤੇ ਸਨ ਕਿ ਗੁਰੂ ਪਦ ਦੀ ਭਾਰੀ ਜ਼ਿੰਮੇਵਾਰੀ ਇਹ ਗੁਰੂ ਹਰਿ ਕ੍ਰਿਸ਼ਨ ਜੀ ਹੀ ਚੁੱਕ ਸਕਦੇ ਹਨ। '**ਸਰਬ ਸਹਾਰਹਿ ਗੁਰਤਾ ਭਾਰ**' ਦੇ ਵਾਕ ਮਹਾਰਾਜ ਨੇ ਉਚਾਰੇ ਸਨ।

ਇਹ ਵੀ ਫ਼ਰਮਾਇਆ ਸੀ ਕਿ (ਗੁਰੂ) ਹਰਿ ਕ੍ਰਿਸ਼ਨ ਜੀ ਪ੍ਰਿਥਵੀ ਸਮਾਨ ਖਿਮਾਵਾਨ ਹਨ, ਪਹਾੜ ਵਾਂਗ ਅਹਿੱਲ ਹਨ, ਨਾਮ ਵਿਚ ਹਰ ਵੇਲੇ ਜੁੜੇ ਰਹਿੰਦੇ ਹਨ ਤੇ ਦੁੱਖ ਰੂਪੀ ਹਿਰਨ, ਉਨ੍ਹਾਂ ਦੀ ਇਕੋ ਭਬਕ ਨਾਲ ਨੱਸ ਜਾਣਗੇ।

*'ਸਿਮਰਹਿ ਨਾਮ ਕਿ ਸੁਨਿ ਹੈ ਕਾਨਿਨ,*
*ਦੁੱਖ ਮ੍ਰਿਗਨਿ ਕੋ ਸਿੰਘ ਜਮ ਜਾਨਨ।'*

**ਗੁਰੂ ਹਰਿ ਕ੍ਰਿਸ਼ਨ ਜੀ ਦੀ ਪ੍ਰਭਾ ਤੇ ਪ੍ਰਭਾਵ**—ਗੁਰੂ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ੭ ਜੁਲਾਈ, ੧੬੫੬ ਨੂੰ ਕੀਰਤਪੁਰ ਵਿਖੇ ਸ਼ੀਸ਼ ਮਹੱਲ ਵਿਖੇ ਹੋਇਆ। ਗੁਰੂ ਹਰਿ ਰਾਇ ਜੀ ਨੇ ਜਨਮ ਸਮੇਂ ਹੀ ਭਵਿੱਖ ਵਾਕ ਕੀਤੇ ਸਨ ਕਿ ਜੋ ਕਾਰਜ ਇਹ ਨਿਭਾਉਣਗੇ, ਹੋਰ ਕੋਈ ਨਹੀਂ ਕਰ ਸਕੇਗਾ।

ਆਪ ਜੀ ਦਾ ਚਿਹਰਾ ਅਤਿ ਮਨਮੋਹਨਾ ਤੇ ਕੋਮਲ ਸੀ। 'ਅਦਭੁਤ ਸੁੰਦਰ ਰੂਪ ਧਰ' ਦੇ ਸ਼ਬਦ ਸਾਖੀਕਾਰਾਂ ਲਿਖੇ ਹਨ। ਪ੍ਰਸਿੱਧ ਕਵੀ ਕੇਸ਼ਵਦਾਸ ਦੇ ਪੁੱਤਰ ਕੁਵਰੇਸ਼ ਨੇ ਗੁਰੂ ਹਰਿ ਕ੍ਰਿਸ਼ਨ ਜੀ ਬਾਰੇ ਲਿਖਿਆ ਵੀ ਹੈ ਕਿ ਉਨ੍ਹਾਂ ਵੱਲ ਦੇਖਿਆਂ ਤ੍ਰਿਸ਼ਨਾ ਮੁੱਕ ਜਾਂਦੀ ਹੈ।[1] ਦੇਖਿਆਂ ਮਨ ਨੂੰ ਖਿੱਚ ਪੈਂਦੀ ਸੀ।

---

੧. ਗੁਰੂ ਅਤ੍ਰਿਸ਼ਨ ਗੁਰੂ ਹਰਿ ਕ੍ਰਿਸ਼ਨ।

ਜਦ ਬੈਠਣ ਯੋਗ ਹੋਏ ਤਾਂ ਸਮਾਧੀ ਲਗਾ ਬੈਠਦੇ, ਕੀਰਤਨ ਤੇ ਪਾਠ ਟਿਕ ਕੇ ਸੁਣਦੇ। ਜਦ ਆਪੂੰ ਪਾਠ ਕਰਨ ਯੋਗ ਹੋਏ ਤਾਂ ਸੁਰ ਵਿਚ ਪਾਠ ਕਰਦੇ। ਸਰੀਰ ਦੇ ਛਹੁਲੇ ਸਨ। ਸੁਭਾਅ ਦੇ ਸ਼ੀਲ। ਹੱਥੀਂ ਸੇਵਾ ਕਰਦੇ ਅਤੇ ਪਿਤਾ ਵਾਂਗ ਸੰਗਤਾਂ ਨੂੰ ਪ੍ਰਸ਼ਾਦ ਛਕਾ ਬਹੁਤ ਹੀ ਪ੍ਰਸੰਨ ਹੁੰਦੇ।

ਨੁਹਾਰ ਬਾਰੇ ਲਿਖਿਆ ਹੈ ਕਿ ਨੈਨ ਕਮਲ ਵਰਗੇ ਅਤੇ ਛਬਿ ਬਹੁਤ ਹੀ ਸੁੰਦਰ ਬਣ ਗਈ ਸੀ। ਕਿਸੇ ਵੱਲ ਦੇਖਦੇ ਤਾਂ ਇੰਝ ਲਗਦਾ ਜਿਵੇਂ ਉਸ ਤੇ ਕਿਰਪਾ ਕਰ ਰਹੇ ਹਨ। ਜਦ ਬੋਲਦੇ ਤਾਂ ਇਵੇਂ ਲਗਦਾ ਕਿ ਗਿਆਨ ਦਾ ਸੂਰਜ ਚੜ੍ਹ ਗਿਆ ਹੈ।

ਬਹੁਤ ਸਮਾਂ ਪਿਤਾ ਜੀ ਪਾਸ ਹੀ ਠਹਿਰਦੇ ਤੇ ਉਨ੍ਹਾਂ ਦੀ ਕਰਣੀ ਦਾ ਪ੍ਰਭਾਵ (ਗੁਰੂ) ਹਰਿ ਕ੍ਰਿਸ਼ਨ ਜੀ ਦੇ ਹਰ ਕਰਮ ਤੇ ਪੈ ਰਿਹਾ ਸੀ।

**ਗੁਰਤਾ ਦੇ ਲਾਇਕ**—ਇਸ ਵਾਰੀ ਬਾਬਾ ਰਾਮ ਰਾਇ ਜੀ ਵੀ ਪਾਠ ਕਰ ਰਹੇ ਸਨ ਤੇ ਨੇੜੇ ਹੀ (ਗੁਰੂ) ਹਰਿ ਕ੍ਰਿਸ਼ਨ ਜੀ ਪਾਠ ਕਰਦੇ ਸਨ ਤਾਂ ਸੁਣਨ ਵਾਲੇ ਸਿੱਖ ਨੇ ਗੁਰੂ ਜੀ ਪਾਸ ਆ ਕੇ ਦੋਵਾਂ ਪੁੱਤਰਾਂ ਦੀ ਬਹੁਤ ਹੀ ਉਪਮਾ ਕੀਤੀ ਕਿ ਸਾਹਿਬਜ਼ਾਦੇ ਨਾਮ ਰੰਗ ਵਿਚ ਰੰਗੇ ਹੋਏ ਹਨ।

ਮਹਾਰਾਜ ਨੇ ਇਕ ਖੰਦੂਹੀ ਦੇ ਕੇ ਕਿਹਾ ਕਿ ਪਾਠ ਕਰਦਿਆਂ ਦੋਵਾਂ ਨੂੰ ਚੁਭੋ ਕੇ ਦੇਖਣਾ ਕਿ ਬਾਣੀ ਵਿਚ ਲੀਨ ਕਿਹੜਾ ਹੈ ਤੇ ਕੌਣ ਸਿਰਫ਼ ਪਾਠ ਕਰ ਰਿਹਾ ਹੈ। ਜਦ (ਗੁਰੂ) ਹਰਿ ਕ੍ਰਿਸ਼ਨ ਜੀ ਨੂੰ ਖੰਦੂਹੀ ਚੋਭੀ ਤਾਂ ਉਹ ਅਡੋਲ ਸਨ ਤੇ ਜਦ ਰਾਮ ਰਾਇ ਨੂੰ ਅਜੇ ਛੁਹਾਈ ਹੀ ਸੀ ਕਿ ਉਹ ਤ੍ਰਭਕ ਉਠਿਆ।

ਇਕ ਵਾਰੀ ਇਕ ਸਿੱਖ ਨੇ ਪੁੱਛਿਆ ਕਿ ਦੋਵਾਂ ਪੁੱਤਰਾਂ ਵਿਚੋਂ ਆਪ ਨੂੰ ਕੌਣ ਪਿਆਰਾ ਹੈ ? ਉੱਤਰ ਦੇਣ ਦੀ ਥਾਵੇਂ ਗੁਰੂ ਹਰਿ ਰਾਇ ਜੀ ਨੇ ਕਿਹਾ : ਕਿ ਜਿਸ ਪੀੜ੍ਹੇ ਤੇ ਪੰਜ ਗ੍ਰੰਥੀ ਰੱਖ ਦੋਵੇਂ ਪਾਠ ਕਰ ਰਹੇ ਹਨ, ਉਸ ਪੀੜ੍ਹੇ ਦੇ ਪਾਵੇ ਨੂੰ ਇਹ ਸੂਈ ਖੁਭੋ ਦੇਣੀ ਅਤੇ ਫਿਰ ਆ ਕੇ ਮੈਨੂੰ ਦੱਸਣਾ।

ਉਸ ਸਿੱਖ ਨੇ ਅਜਿਹਾ ਹੀ ਕੀਤਾ। ਰਾਮ ਰਾਇ ਜੀ ਦੇ ਪੀੜ੍ਹੇ ਦੇ ਪਾਵੇ ਨੂੰ ਜਦ ਖੁਭੋਈ ਤਾਂ :

*ਨਹਿ ਪਾਵੇ ਮਹਿ ਪ੍ਰਵਿਸ਼ਹਿ ਆਗੇ।*[1]

ਕਈ ਵਾਰੀ ਉਸ ਕੋਸ਼ਿਸ਼ ਕੀਤੀ ਪਰ ਲੱਕੜ ਵਿਚ ਸੂਈ ਕਿਵੇਂ ਜਾਏ ?

ਫਿਰ (ਗੁਰੂ) ਹਰਿ ਕ੍ਰਿਸ਼ਨ ਜੀ ਦੇ ਪੀੜ੍ਹੇ ਦੇ ਪਾਵੇ ਵਿਚ ਉਸ ਪੁਰਸ਼ ਨੇ ਸੂਈ ਖੁਭੋਈ ਹੀ ਸੀ ਕਿ ਸੂਈ ਇਸ ਤਰ੍ਹਾਂ ਪਾਵੇ ਵਿਚ ਚਲੀ ਗਈ ਜਿਵੇਂ ਲੱਕੜ ਦੇ ਨਾਂਹ ਹੋ ਕੇ ਕੋਈ ਮੋਮ ਦੇ ਪਾਵੇ ਹੋਣ।

*"ਹੁਤੇ ਮੋਮ ਸਮ, ਸਭ ਗਡ ਗਈ।*
*ਰਹਿਬੇ ਨਿਕਾਸ, ਬੀਚ ਲੈ ਭਈ।" ੨੮।*

੧. ਰਾਸਿ ੯, ਅੰਸੂ ਪ੯, ਸ੍ਰੀ ਗੁਰੂ ਪ੍ਰਤਾਪ ਸੂਰਜ।

 www.sikhbookclub.com

ਉਸ ਸਿੱਖ ਨੇ ਵਾਪਰੀ ਘਟਨਾ ਗੁਰੂ ਹਰਿ ਰਾਇ ਜੀ ਨੂੰ ਆ ਕੇ ਦੱਸੀ। ਸਤਵੇਂ ਪਿਤਾ ਜੀ ਨੇ ਉੱਤਰ ਦਿੱਤਾ : ਗੁਰੂ ਦੀ ਉਪਮਾ ਇਹ ਹੀ ਹੈ ਕਿ ਜਿਸ ਦੀ ਦ੍ਰਿਸ਼ਟੀ ਨਾਲ ਹੀ ਸੁੱਕੇ ਹਰੇ ਹੋ ਜਾਣ। ਮੁਰਦੇ ਜੀਅ ਪੈਣ, ਬੁਜ਼ਦਿਲ, ਕਾਇਰ, ਕੇਹਰ ਸਮ ਸਾਹਸੀ ਹੋ ਜਾਣ।

ਜਿਸ ਦਾ ਆਪਣਾ ਮਨ ਲਿਵ ਵਿਚ ਦ੍ਰਵ ਜਾਂਦਾ ਹੈ, ਉਸ ਦੇ ਬਚਨਾਂ ਨਾਲ ਜਗਤ ਦ੍ਰਵੇਗਾ।[1] ਇਹ ਹਰ ਕੋਈ ਜਾਣ ਗਿਆ ਸੀ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੇ ਖੇਲ ਲੋਕਾਂ ਦੇ ਹਿਰਦਿਆਂ ਤੇ ਅਮਿੱਟ ਭਾਵ ਛੱਡਣਗੇ।

**ਮਰਯਾਦਾ ਦਰਸਾਈ**—ਰਾਮ ਰਾਇ ਇਸ ਕੋਸ਼ਿਸ਼ ਵਿਚ ਸੀ ਕਿ ਮਸੰਦਾਂ ਤੇ ਸੰਗਤਾਂ ਨੂੰ ਗੰਢ ਕੇ ਆਪਣੇ ਗੁਰੂ ਹੋਣ ਦਾ ਢੰਡੋਰਾ ਦੇਵੇ। ਹੁਜਤਾਂ ਉਹ ਖਪਤ ਕਰ ਰਿਹਾ ਸੀ। ਜਦ ਗੁਰੂ ਜੀ ਨੇ ਹੁਕਮਨਾਮੇ ਭੇਜੇ ਸਨ ਕਿ ਕੋਈ ਉਸ ਨੂੰ ਦਮੜੀ ਕੌਡੀ ਨਾਂਹ ਦੇਵੇ ਤਾਂ ਉਸ ਇਹ ਆਖ ਕੇ ਧਨ ਇਕੱਠਾ ਕਰ ਲਿਆ ਸੀ ਕਿ ਗੁਰੂ ਜੀ ਨੇ ਤਾਂ ਕੌਡੀ ਦੀ ਮਨਾਹੀ ਕੀਤੀ ਹੈ, ਰੁਪਿਆਂ ਦੀ ਨਹੀਂ । ਗੁਰੂ ਜੀ ਨੇ ਹੁਕਮਨਾਮੇ ਦੂਰ ਦੇਸ਼ਾਂ ਤੱਕ ਭੇਜ ਦਿੱਤੇ ਕਿ ਸੰਗਤਾਂ ਕੀਰਤਪੁਰ ਪੁੱਜਣ।

ਧੀਰ ਮੱਲ ਵੀ ਰਾਮ ਦੇ ਕਹਿਣ ਤੇ ਗੁਰੂ ਹਰਿ ਰਾਇ ਜੀ ਪਾਸ ਆਇਆ ਅਤੇ ਕਿਹਾ ਕਿ ਅੱਗੇ ਬਹੁਤ ਬਖੇੜੇ ਪਏ ਹਨ। ਰਾਮ ਰਾਇ ਦੀ ਔਰੰਗਜ਼ੇਬ ਨਾਲ ਸੁਲਾਹ ਹੈ, ਸੋ ਗੁਰ-ਗੱਦੀ ਉਸ ਨੂੰ ਦੇਵੋ। ਨਾਂਹ ਦੇਣ ਨਾਲ ਬੜੀ ਦੁਬਿਧਾ ਪਵੇਗੀ।

ਗੁਰੂ ਹਰਿ ਰਾਇ ਜੀ ਨੇ ਕਿਹਾ ਜੋ ਗੁਰੂ ਨਾਨਕ ਦੇਵ ਜੀ ਨੇ ਲੀਹ ਪਾਈ ਹੈ, ਅਸੀਂ ਤਾਂ ਉਸੇ ਤੇ ਹੀ ਟੁਰ ਰਹੇ ਹਾਂ। ਬਾਬਾ ਸ੍ਰੀ ਚੰਦ ਤੇ ਲਖ਼ਮੀ ਚੰਦ ਤਾਂ ਸਭ ਗੁਣ ਲਾਇਕ ਸਨ। ਉਨ੍ਹਾਂ ਤਾਂ ਸਿਰਫ਼ ਕਹਿਣਾ ਨਹੀਂ ਸੀ ਪਾਲਿਆ ਤਾਂ ਗੁਰ-ਗੱਦੀ ਦਾਸ ਸ੍ਰੀ ਅੰਗਦ ਨੂੰ ਦੇ ਦਿੱਤੀ ਸੀ।

ਇਸੇ ਤਰ੍ਹਾਂ ਜਦ ਅੰਗਦ ਦੇਵ ਜੀ ਨੇ ਡਿੱਠਾ ਕਿ ਪੁੱਤਰਾਂ ਹਿਰਦੇ ਸਰਲਤਾ ਹੀ ਨਹੀਂ ਤਾਂ ਬਾਬਾ ਅਮਰ ਦਾਸ ਜੀ ਨੂੰ ਸੌਂਪ ਦਿੱਤੀ।

ਗੁਰੂ ਅਮਰ ਦਾਸ ਜੀ ਨੇ ਜੇਠਾ ਜੀ ਨੂੰ ਨਿਰਮਾਣ ਜਾਣ ਦਿੱਤੀ।

ਫਿਰ ਗੁਰੂ ਰਾਮ ਦਾਸ ਜੀ ਨੇ ਦੇਖਿਆ ਕਿ ਵੱਡਾ ਪੁੱਤਰ ਪ੍ਰਿਥੀ ਚੰਦ ਤਾਂ ਕੇਵਲ ਦਰਬ ਇਕੱਠਾ ਕਰਨ ਦੇ ਆਹਰ ਲੱਗਾ ਹੋਇਆ ਹੈ ਤੇ ਸਿਵਾਇ ਚਾਤਰੀ ਦੇ ਕੁਝ ਨਹੀਂ ਕਰਦਾ ਤੇ ਸੰਤੋਖ ਸ਼ਾਂਤੀ ਵਾਲੀ ਕੋਈ ਚੀਜ਼ ਉਸ ਪਾਸ ਨਹੀਂ ਤਾਂ ਗੁਰੂ-ਗੱਦੀ ਉਸ ਨੂੰ ਨਾ ਦਿੱਤੀ। ਤੁਸੀਂ ਤਾਂ ਭਲੀ ਪ੍ਰਕਾਰ ਜਾਣਦੇ ਹੋ ਕਿ ਕਿਸੇ ਬਖੀਲੀ ਕਰਨ ਵਾਲ਼ੇ, ਆਪ ਹੁਦਰੇ, ਮਾਇਆ ਪਿੱਛੇ ਖਹੁ ਖਹੁ ਕਰਨ ਵਾਲੇ ਨੂੰ ਇਹ ਜ਼ਿੰਮੇਵਾਰੀ ਨਹੀਂ ਸੌਂਪੀ ਜਾ ਸਕਦੀ।

---

੧. ਜਿਨ ਕੇ ਸ਼ਬਦ ਬਿਖੈ ਅਤਿ ਸੁਕਤਿ।
ਹੋਇ ਕਠਨ ਮਨ ਸੋ ਬੀ ਸੁਧਰਤਿ। (ਰਾਸਿ ੯, ਅੰਸੂ ੫੯, ਸੂਰਜ ਪ੍ਰਕਾਸ਼)

ਰਾਮ ਰਾਇ ਨੇ ਦਿੱਲੀ ਜਾ ਕੇ ਕਰਾਮਾਤਾਂ ਦਿਖਾਈਆਂ। ਅਸੀਂ ਚੁੱਪ ਰਹੇ। "ਕਰੀ ਸੁ ਕਰੀ, ਅਪਰ ਹਮ ਮਾਨੀ", ਪਰ ਇਹ ਕਿਵੇਂ ਸਹਾਰ ਹੁੰਦਾ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਹ ਥੋੜ੍ਹੀ ਮਤ ਵਾਲਾ ਕੁਝ ਦਮੜਿਆਂ ਪਿੱਛੇ ਹੀ ਵਟਾ ਦੇਵੇ। ਇਤਨਾ ਸੁਣ ਧੀਰ ਮੱਲ ਚੁੱਪ ਕਰ ਮੁੜ ਗਿਆ।

ਇਹ ਪ੍ਰਿਥੀ ਚੰਦ, ਧੀਰ ਮੱਲ ਜਾਂ ਰਾਮ ਰਾਇ ਗੁਰੂ-ਗੱਦੀ ਨੂੰ ਐਸ਼ਵਰਜ ਦੀ ਚੀਜ਼ ਖ਼ਿਆਲ ਕਰਦੇ ਸਨ। ਗੁਰਤਾ ਤਾਂ ਆਤਮ ਪਦ ਪਾ ਕੇ ਆਪਾ ਵਾਰਨਾ ਹੈ।

ਨਿਜ ਸੁਖਾਂ ਦਾ ਤਿਆਗ ਕਰਕੇ ਸ੍ਰਿਸ਼ਟੀ ਦੇ ਉਦਾਰ ਲਈ ਜੁਟ ਜਾਣਾ ਹੈ। ਗੁਰੂ ਘਰ ਹਰ ਚੋਣ ਨਤੀਜੇ ਤੋਂ ਬੇਪ੍ਰਵਾਹ ਹੋ ਕੇ ਕੀਤੀ ਜਾਂਦੀ ਸੀ।

ਇਕ ਹੋਰ ਪੱਖੋਂ ਦੇਖੋ, ਦੋਵੇਂ ਰਾਮ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਜੀ ਇਕੋ ਮਾਂ ਦੇ ਜਾਏ ਸਨ। ਗੁਰ ਜੋਤ ਸੂਰਜ ਦੀਆਂ ਕਿਰਨਾਂ ਪੈ ਦੋਵਾਂ ਤੇ ਰਹੀਆਂ ਸਨ ਪਰ ਜਦ ਖ਼ਾਲੀ ਹਿਰਦੇ ਤੇ ਡੂੰਘੇ ਟੋਇਆਂ ਤੇ ਪਈਆਂ ਤਾਂ ਵਿੱਚੇ ਹੀ ਰੁਲ ਪੁਲ ਗਈਆਂ ਪਰ ਜਦ ਉਹ ਹੀ ਕਿਰਨਾਂ ਹਿਵੇ ਘਰ, ਬਰਫ਼ ਦੀ ਚੋਟੀ 'ਤੇ ਪਈਆਂ ਤਾਂ ਚਮਕ ਉੱਠੀਆਂ, ਚੰਨ ਬਣ ਜਗਤ ਨੂੰ ਸ਼ੀਤਲਤਾ ਦੇਣ ਲੱਗੀਆਂ। ਜ਼ਰਾ ਰਲਾ ਕੇ ਪੜ੍ਹੋ ਦੋਵੇਂ ਵਾਕ ਤਾਂ ਗੁਰੂ ਹਰਿ ਕ੍ਰਿਸ਼ਨ ਜੀ ਦੀ ਅਜ਼ਮਤ ਸਮਝ ਆ ਜਾਵੇਗੀ। **ਹੁਕਮ ਸੀ ਜੋ ਰਾਮ ਰਾਇ ਦੇ ਮੱਥੇ ਲੱਗੇਗਾ, ਉਹ ਮੇਰਾ ਸਿੱਖ ਨਹੀਂ ਪਰ ਦੂਜੇ ਪਾਸੇ "ਗੁਰੂ ਹਰਿ ਕ੍ਰਿਸ਼ਨ ਧਿਆਇਐ ਜਿਸ ਡਿਠੈ ਸਭਿ ਦੁਖੁ ਜਾਇ।"**

**ਗੁਰੂ ਗੱਦੀ ਬਖ਼ਸ਼ੀ**—ਇਕੱਠੀਆਂ ਸੰਗਤਾਂ ਨੂੰ ਫਿਰ ਚੇਤਾਵਨੀ ਦਿੱਤੀ ਕਿ ਇਹ ਲੋਭੀ ਲੋਕ ਆਪੋ ਧਾਪੀ ਪਾਉਣਗੇ। ਜਹਾਜ਼ ਨੂੰ ਤੋੜਨ ਫੋੜਨ ਦੀ ਕੋਸ਼ਿਸ਼ ਕਰਨਗੇ। ਕਰਾਮਾਤਾਂ ਦਿਖਾਲ ਕੇ ਦੰਭ ਖਿਲਾਰਨਗੇ ਪਰ ਤੁਸੀਂ ਦ੍ਰਿੜ ਰਹਿਣਾ। ਗੁਰੂ ਕੋਈ ਸਰੀਰ ਨਹੀਂ ਹੈ। ਜੋਤ ਹੈ। ਅਨੁਭਵ ਹੈ। ਉਹ ਅਨੁਭਵ ਗੁਰਬਾਣੀ ਵਿਚ ਹੈ।' ਆਸਾ ਦੀ ਵਾਰ ਦੇ ਕੀਰਤਨ ਉਪਰੰਤ ਆਪ ਜੀ ਨੇ ਚੌਰੀ ਕਰਨ ਵਾਲੇ ਸਿੱਖ ਨੂੰ ਹੁਕਮ ਦਿੱਤਾ ਕਿ ਚੌਰ ਹੁਣ ਗੁਰੂ ਹਰਿ ਕ੍ਰਿਸ਼ਨ ਤੇ ਕਰੋ।

ਆਪ ਜੀ ਸਿੰਘਾਸਨ ਤੋਂ ਉੱਠੇ ਤੇ ਤਖ਼ਤ 'ਤੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਿਠਾਲ ਕੇ ਤਿੰਨ ਪ੍ਰਕਰਮਾਂ ਕੀਤੀਆਂ। ਮੱਥਾ ਟੇਕਿਆ ਤੇ ਗੁਰੂ ਨਾਨਕ ਸਮਾਨ ਹੀ ਆਦਰ ਦਿੱਤਾ।

*"ਹਾਥ ਜੋਰ ਕੈ ਮਸਤਕ ਟੇਕਿਓ।*
*ਸ੍ਰੀ ਨਾਨਕ ਬਪੁ ਸੁਤ ਕੋ ਭੇਟਿਓ।"*

ਸਾਡੇ ਸਮਾਨ ਹੀ ਗੁਰੂ ਹਰਿ ਕ੍ਰਿਸ਼ਨ ਜੀ ਹਨ। ਲੋਕ ਪ੍ਰਲੋਕ ਦੇ ਇਹ ਹੀ ਮਾਲਕ ਹਨ। ਇਹਨਾਂ ਪਾਸ ਹੀ ਮੁਕਤੀ ਦੀ ਕੁੰਜੀ ਹੈ। ਜਗ ਗੁਰਤਾ ਇਹਨਾਂ ਪਾਸ ਹੀ ਹੈ। ਸ਼ਰਧਾ ਧਾਰ ਜੋ ਵੀ ਲੜ ਪਕੜੇਗਾ ਸਭ ਫਲ ਪ੍ਰਾਪਤ ਹੋਣਗੇ :

*"ਮਾਲਕ ਲੋਕ ਪ੍ਰਲੋਕਹਿ ਕੇਰਾ।*
*ਫਲ ਪ੍ਰਾਪਤ ਜਿਹ ਭਾਉ ਘਨੇਰਾ।"*

 www.sikhbookclub.com

ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਨੇ ਗੁਰ ਗੱਦੀ ਸਮਰਪਨ ਦੀ ਮਰਯਾਦਾ ਨਿਭਾਈ। ਸੰਗਤਾਂ ਸਿਰ ਨਿਵਾਇਆ ਤੇ ਭੇਟਾ ਚਰਨੀਂ ਰੱਖੀਆਂ। ਫ਼ੌਜਾਂ ਨੇ ਬੰਦੂਕਾਂ ਨਾਲ ਸਲਾਮੀ ਦਿੱਤੀ। ਨਗਾਰੇ ਵੱਜੇ। "ਪੂਜਨਿ ਮਹਿ ਧੌਂਸੇ ਧੁੰਕਾਰੇ।" ਇਹ ਯਾਦ ਰਹੇ ਕਿ ਨਗਾਰੇ ਵਜਾਉਣਾ ਸੁਤੰਤਰਤਾ ਦਾ ਹੀ ਚਿੰਨ੍ਹ ਹੈ। ਉਧਰ ਜਦ ਰਾਮ ਰਾਇ ਨੂੰ ਇਹ ਖ਼ਬਰ ਪੁੱਜੀ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰੂ ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ ਤਾਂ 'ਗਿਰਯੋ ਮੂਰਛਾ ਖਾਇ।'

**ਜੋਤੀ ਜੋਤ ਸਮਾਉਣਾ**—ਗੁਰੂ-ਗੱਦੀ ਦੀ ਜ਼ਿੰਮੇਵਾਰੀ ਸੌਂਪ ਕੇ ਗੁਰੂ ਹਰਿ ਰਾਇ ਜੀ ਸਾਰਾ ਸਮਾਂ ਹੀ ਕੀਰਤਨ ਸੁਣਨ, ਪਾਠ ਕਰਨ ਵਿਚ ਹੀ ਬਤੀਤ ਕਰਦੇ ਸਨ।

੬ ਅਕਤੂਬਰ, ੧੬੬੧ ਨੂੰ ਆਪ ਜੀ ਜੋਤੀ ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਦੀਵਾਨ ਵਿਚ ਹੀ ਸੰਗਤਾਂ ਨੂੰ ਕਿਹਾ :

*ਸਰੀਰਾਂ ਦਾ ਸਾਥ ਥੋੜ੍ਹ ਚਿਰਾ ਹੈ।*

"ਜਿਵੇਂ ਬੱਦਲ ਆਪਣਾ ਸਰੀਰ ਧਾਰ ਕੇ ਜਲ ਦੀ ਵਰਖਾ ਕਰਦਾ ਹੈ। ਠੰਡ ਵਰਤਾਂਦਾ ਹੈ, ਤਪਤ ਘਟਾਂਦਾ ਹੈ। ਖੇਤੀਆਂ ਦੀ ਪਾਲਣਾ ਕਰਦਾ ਹੈ ਅਤੇ ਫਿਰ ਸਾਗਰ ਵਿਚ ਹੀ ਲੀਨ ਹੋ ਜਾਂਦਾ ਹੈ। ਤੈਸੇ ਹੀ ਗੁਰੂ ਮੇਘ ਨਿਆਈਂ ਹੈ। ਸਰੀਰਾਂ ਬਿਨਸਨਾ ਹੈ। ਅੱਜ ਕੀ ਤੇ ਕਲ੍ਹ ਕੀ, ਗੁਰੂ ਜੋਤ ਸਦਾ ਕਾਇਮ ਹੈ। ਹੁਣ ਇਹ ਪ੍ਰਤੱਖ ਗੁਰੂ ਹਰਿ ਕ੍ਰਿਸ਼ਨ ਵਿਚ ਹੈ।"

ਮਹਿਮਾ ਪ੍ਰਕਾਸ਼ ਵਾਰਤਕ ਦੇ ਸ਼ਬਦਾਂ ਵਿਚ ਫ਼ਰਮਾਇਆ ਸੀ :

ਮੇਰੀ ਸਰਬਤ ਸੰਗਤਿ ਪਰ ਬਡੀ ਖ਼ੁਸ਼ੀ ਹੈ ਅਬ ਮੈਂ ਜੋਤੀ ਜੋਤ ਸਮਾਵਤਾ ਹੂੰ। ਤੁਮ ਕੋ ਸਤਿਗੁਰ ਹਰਿ ਕ੍ਰਿਸ਼ਨ ਵਿਦਮਾਨ ਹੈ। ਗੁਰੂ ਗੁਰੂ ਜਪਨਾ। ਕੀਰਤਨ ਭਜਨ ਕਰਨਾ। ਗੁਰੂ ਗੁਰੂ ਕਰਤ ਰਹਨਾ।

*'ਇਹਨਾ ਬਚਨ ਸਤਿਗੁਰੂ ਜੀ ਮੁਖਾਰਬਿੰਦ ਸੇ ਕੀਆ।'*

ਇਤਨਾ ਆਖ ਕੇ ਨੈਣ ਮੁੰਦ ਲਏ ਅਤੇ ਉਥੇ ਹੀ ਬਿਰਾਜ ਗਏ ਜਿੱਥੇ ਪਾਠ ਪਏ ਸੁਣਦੇ ਸਨ। ਚਿੱਤ ਬ੍ਰਿਤੀ ਨੂੰ ਰੋਕਿਆ ਤੇ ਇੰਝ ਅਭੇਦ ਹੋ ਗਏ ਜਿਵੇਂ ਜਲ ਵਿਖੇ ਜਲ ਸਮਾਂਦਾ ਹੈ। ਸੰਗਤਾਂ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ ਸੁਣਦੇ ਸਾਰ ਉਮਡ ਪਈਆਂ। ਗੁਰੂ ਹਰਿ ਕ੍ਰਿਸ਼ਨ ਜੀ ਨੇ ਕੀਰਤਨ ਅਰੰਭ ਕਰਾ ਦਿੱਤਾ।

ਲੋਕੀਂ ਗੁਰੂ ਹਰਿ ਰਾਇ ਜੀ ਦੇ ਗੁਣ ਗਾ ਰਹੇ ਸਨ ਕਿ ਉਨ੍ਹਾਂ ਵਿਚ ਕ੍ਰੋਧ ਲੇਸ਼ ਮਾਤਰ ਨਹੀਂ ਸੀ। ਸਦਾ ਇਕ ਰਸ ਵਿਚਰੇ। ਸਤਿ ਚਿੱਤ ਅਨੰਦ ਦਾ ਸੰਗਮ ਉਨ੍ਹਾਂ ਦਾ ਹਿਰਦਾ ਸੀ।

*"ਰਿਦਾ ਏਕ ਰਸ ਪਰਮ ਪੁਨੀਤ।*
*ਸਤਿ ਚਿੱਤ ਅਨੰਦੁ ਸੁ ਚੀਤ।"*

ਸਦਾ ਸੱਚ ਨੂੰ ਉੱਚਾ ਰੱਖਿਆ। ਉਹ ਨਿਰਭਉ ਨਿਰਵੈਰੁ ਸਨ।

ਚੰਦਨ ਦੀ ਚਿਖਾ ਬਣਾ ਕੇ ਪਤਾਲਪੁਰੀ ਹੀ ਸਸਕਾਰ ਕੀਤਾ ਗਿਆ। ਸੰਗਤਾਂ

 www.sikhbookclub.com

ਦੇ ਨੈਣ ਛਲਕ ਰਹੇ ਸਨ। ਕੁਝ ਕੁ ਦੀਆਂ ਸਿਸਕੀਆਂ ਦੀਆਂ ਆਵਾਜ਼ਾਂ ਵੀ ਆ ਰਹੀਆਂ ਸਨ।

ਗੁਰੂ ਹਰਿ ਕ੍ਰਿਸ਼ਨ ਜੀ ਨੇ ਧੀਰਜ ਦਿੱਤਾ।

ਸਰੀਰ ਦੀ ਨਾਸ਼ਵੰਤਾ ਦਾ ਗਿਆਨ ਕਰਾਇਆ। ਫ਼ਰਮਾਇਆ :

ਜਿਵੇਂ ਸਰੀਰਾਂ ਦੇ ਪਹਿਨੇ ਕੱਪੜੇ ਥੋੜੇ ਦਿਨਾਂ ਵਿਚ ਹੰਢ ਜਾਣ ਉਪਰੰਤ ਉਤਾਰ ਸੁੱਟੀਦੇ ਹਨ ਤਿਵੇਂ ਇਹ ਸਰੀਰ ਜੀਰਣ ਹੋ ਜਾਂਦਾ ਹੈ। ਕੰਧ ਤੇ ਕੋਈ ਕਿਤਨੀ ਲੰਮੀ ਦੌੜ ਲਗਾ ਸਕਦਾ ਹੈ। ਕੰਧ ਦਾ ਸਿਰਾ ਤਾਂ ਆਖਰ ਆ ਹੀ ਜਾਣਾ ਹੈ :

*"ਜੈਸੇ ਬਸਤਰ ਦੇਹ ਓਢਾਨੇ,*
*ਦਿਨ ਦੋਇ ਚਾਰਿ ਭੋਰਾਹਾ।*
*ਭੀਤਿ ਊਪਰੇ ਕੇਤਕੁ ਧਾਈਐ,*
*ਅੰਤਿ ਓਰ ਕੋ ਆਹਾ।"*[1]

"ਸਾਨੂੰ ਗੁਰੂ ਪਾਤਸ਼ਾਹ ਸਮਝਾ ਗਏ ਹਨ ਕਿ ਰਹਿੰਦਾ ਨਾਮ ਹੈ, ਕਰਨੀ ਹੈ, ਸੱਚ ਹੈ। ਕਰਣ ਕਾਰਣ ਸਭ ਦੇ ਸਿਰ ਤੇ ਮੌਜੂਦ ਹੈ। 'ਕਰਣ ਕਾਰਣ ਸਭ ਸੈ ਸਿਰਿ ਤੋਹੀ।'

ਤੀਜੇ ਦਿਨ ਜਦ ਚਿਤਾ ਦੀ ਰਾਖ ਚੁੱਕਣ ਲੱਗੇ ਤਾਂ ਸਭ ਹੈਰਾਨ ਹੋਏ ਕਿ ਫੁਲ ਹੈ ਹੀ ਨਹੀਂ ਸਨ। ਗੁਰੂ ਸਰੀਰ ਨਹੀਂ ਜੋਤ ਹੈ।

*"ਕਾਸਟ ਜਰੇ ਭਸਮ ਤਿਸ ਥਾਵਾ।*
*ਬੀਨਤਿ ਫੁਲ ਨਹੀਂ ਕਿਛ ਪਾਵਾ।"*

(ਰਾਸ ੧੦, ਅੰਸ਼ ੨੮)

੧. ਆਸਾ ਮਹਲਾ ਪੰਜਵਾਂ। (ਪੰਨਾ ੪੦੨)

SIKHBOOKCLUB.COM

# ੧੩
# ਨਿਰਭਉ ਨਿਰਵੈਰੁ

## ਸਮੁੱਚੇ ਜੀਵਨ ਤੇ ਇਕ ਝਾਤ

ਗੁਰੂ ਹਰਿ ਰਾਇ ਜੀ ਦੇ ਸਮੁੱਚੇ ਜੀਵਨ ਨੂੰ ਜੇ ਦੋ ਹੀ ਸ਼ਬਦਾਂ ਵਿਚ ਵਰਣਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਉਹ "ਨਿਰਭਉ ਨਿਰਵੈਰੁ" ਦੀ ਪ੍ਰਤੱਖ ਮੂਰਤਿ ਸਨ।

ਸਾਰੀ ਆਯੂ, ਨਿਰਭੈ ਹੋ ਕੇ ਕਟੀ। ਸੰਗਤਾਂ ਨੇ ਤਾਂ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਹੀ ਦੇਖ ਲਿਆ ਸੀ ਕਿ ਉਨ੍ਹਾਂ ਕਿਵੇਂ ਅੱਗੇ ਵਧ ਕੇ ਚਿਖ਼ਾ ਵਿਚ ਛਾਲ ਮਾਰਨ ਵਾਲਿਆਂ ਦੀ ਬਾਂਹ ਪਕੜ ਪਾਸੇ ਕੀਤਾ। ਕਿਸੇ ਦੇ ਡਰ ਭੈ ਵਿਚ ਨਾ ਆਏ। ਅਰੰਭ ਵਿਚ ਵੱਡੇ ਭਰਾ ਧੀਰ ਮੱਲ ਨੇ ਡਰ ਡਰਾਵੇ ਦਿੱਤੇ। ਉਸ ਸ਼ਾਹਜਹਾਨ ਨਾਲ ਬਣਾ ਵੀ ਲਈ। ਪਰ ਆਪ ਜੀ ਬੇਪਰਵਾਹ ਵਿਚਰਦੇ ਰਹੇ। ਫ਼ੌਜਾਂ ਰੱਖੀਆਂ, ਕਿਲ੍ਹੇ ਉਸਾਰੇ, ਫ਼ਸੀਲਾਂ ਬਣਾਈਆਂ, ਨਗਾਰੇ ਵਜਾਏ, ਝੰਡੇ ਝੁਲਾਏ, ਸਤਾਇਆਂ ਨੂੰ ਪਨਾਹਾਂ ਦਿੱਤੀਆਂ, ਸੋਹਣ ਵਰਗੇ ਦੀਵਾਨਾ ਨੂੰ ਜਦ ਗੁਰੂ ਸੇਵੀ ਹੋਣ ਕਾਰਨ ਬਿਲਾਸਪੁਰ ਦੇ ਰਾਜੇ ਨੇ ਦੇਸ਼-ਨਿਕਾਲਾ ਦਿੱਤਾ ਤਾਂ ਜਾਗੀਰ ਛੱਡਣੀ ਤਾਂ ਪਰਵਾਨ ਕਰ ਲਈ ਪਰ ਸੋਹਣ ਨੂੰ ਪੂਰਾ ਆਦਰ ਦਿੱਤਾ।

ਜਦ ਪਹਾੜੀ ਰਾਜੇ ਰੁਅਬ ਪਾਉਣ ਦੇ ਖ਼ਿਆਲ ਨਾਲ ਆਏ ਤਾਂ ਐਸੇ ਬਚਨ ਬੋਲੇ ਕਿ ਹੰਕਾਰੀਆਂ ਦਾ ਹੰਕਾਰ ਚਲਿਆ ਗਿਆ। ਰਾਜ ਦੇ ਪਹਿਲਵਾਨਾਂ ਨੂੰ ਸਾਧਾਰਨ ਸਿੱਖਾਂ ਕੋਲੋਂ ਹੀ ਹਰਵਾ ਦਿੱਤਾ।

ਇਕ ਵਾਰੀ ਦਾਰਾ ਦੀ ਬਾਂਹ ਫੜ ਲਈ ਤਾਂ ਅਖ਼ੀਰ ਤੱਕ ਨਾ ਛੱਡੀ। ਔਰੰਗਜ਼ੇਬ ਨੇ ਕਈ ਵਾਰੀ ਹਮਲੇ ਕੀਤੇ ਪਰ ਆਪ ਜੀ ਰਤਾ ਭਰ ਵੀ ਉਤੇਜਤ ਨਾ ਹੋਏ। ਔਰੰਗਜ਼ੇਬ ਨੇ ਝਬਾਲ ਦੀ ਅਕਬਰ ਵਾਲੀ ਜ਼ਮੀਨ ਤੇ ਕਬਜ਼ਾ ਕਰ ਲਿਆ ਪਰ ਆਪ ਜੀ ਨੇ ਗੱਲ ਹੀ ਨਾ ਗੌਲੀ। ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਜਦ ਔਰੰਗਜ਼ੇਬ ਦੇ ਸਾਰੇ ਹਮਲੇ ਨਿਸਫ਼ਲ ਹੋ ਗਏ ਤਾਂ ਉਸ ਹੀਲੇ ਕੀਤੇ ਕਿ

ਗੁਰੂ ਪਾਤਸ਼ਾਹ ਨੂੰ ਕਿਸੇ ਤਰ੍ਹਾਂ ਜ਼ੇਰ ਕੀਤਾ ਜਾਏ। ਮਹਾਰਾਜ ਦਾ ਇਹ ਹੀ ਉੱਤਰ ਸੀ ਕਿ ਅਸਾਂ ਕੋਈ ਉਸ ਦਾ ਖ਼ਿਰਾਜ ਨਹੀਂ ਦੇਣਾ ਤੇ ਨਾ ਮੈਨੂੰ ਕੁਝ ਲੈਣ ਦੀ ਖ਼ਾਹਿਸ਼ ਹੈ। ਐਸੇ ਧਰੋਹੀ ਦੁਸ਼ਟ ਨਾਲ ਕਦੇ ਮੇਲ ਨਹੀਂ ਕਰਨਾ ਜਿਸ ਭਰਾਵਾਂ ਨੂੰ ਮਾਰਿਆ, ਪਿਤਾ ਨੂੰ ਕੈਦ ਕੀਤਾ, ਸੰਤ ਮਹਾਤਮਾ, ਫ਼ਕੀਰਾਂ ਨੂੰ ਤਸੀਹੇ ਦੇਂਦਾ ਹੈ ਅਤੇ ਸਰਮਦ ਵਰਗੇ ਖ਼ੁਦਾ ਪਿਆਰੇ ਨੂੰ ਕਤਲ ਕੀਤਾ ਹੈ। ਤਾਂ ਹੀ ਤਾਂ ਇਤਿਹਾਸਕਾਰਾਂ ਲਿਖਿਆ ਹੈ :

**"ਮਨ ਮੇਂ ਨ ਧਾਰਾ ਡਰ, ਜ਼ਰਾ ਭਰ ਸ਼ਾਹਿ ਕੇ।"**

ਜਦ ਖ਼ਬਰ ਪੁੱਜੀ ਕਿ ਵੱਡੇ ਪੁੱਤਰ ਰਾਮ ਰਾਇ ਨੇ ਖ਼ੁਸ਼ਾਮਦ ਵਿਚ ਆ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ ਦਾ ਇਕ ਸ਼ਬਦ ਬਦਲਾਇਆ ਹੈ ਤਾਂ ਨਾ ਸਿਰਫ਼ ਉਸ ਨੂੰ ਤਿਆਗਿਆ ਸਗੋਂ ਕਿਹਾ ਕਿ ਨਾਲਾਇਕ ਅਤੇ ਥੋੜ੍ਹੀ ਅਕਲ ਵਾਲੇ ਨੂੰ ਕੀ ਹੱਕ ਹੈ ਗੁਰੂ ਨਾਨਕ ਦੇ ਵਾਕ ਉਲਟਾਏ। ਗੁਰੂ ਨਾਨਕ ਸੱਚਾ ਪਾਤਸ਼ਾਹ ਹੈ। ਗੌਰਾ ਉਨ੍ਹਾਂ ਦਾ ਆਪਣਾ ਨਿਕਟਵਰਤੀ ਸੀ। ਭਾਈ ਭਗਤੂ ਦਾ ਜੋਧਾ ਪੁੱਤਰ ਸੀ ਪਰ ਜਦ ਉਸ ਨੇ ਨਿਰਦੋਸ਼ ਭਾਈ ਜੱਸੋ ਦਾ ਸਿਰ ਲਾਹ ਦਿੱਤਾ ਤਾਂ 'ਹਤਿਆਰਾ' ਤੱਕ ਕਹਿਣ ਤੋਂ ਸੰਕੋਚ ਨਾ ਕੀਤਾ।

ਜ਼ੈਦ ਪੁਰਾਣੇ ਵਾਲਿਆਂ ਬਾਰੇ ਜਦ ਸੁਣਿਆ ਕਿ ਉਹ ਹੰਕਾਰੀ ਕਾਲੋਕਿਆਂ ਦੀਆਂ ਔਰਤਾਂ ਤਕ ਨੂੰ ਠੱਠਾ ਮਸਖ਼ਰੀ ਕਰਦੇ ਹਨ ਤਾਂ ਉਸ ਦਾ ਪਰਹਾਰ ਕਰਵਾਇਆ। ਉਸ ਦੇ ਸਾਰੇ ਵਾਰ ਆਪਣੇ ਤੇ ਝੱਲੇ।

SIKHBOOKCLUB.COM

ਪਖੰਡੀਆਂ, ਦੰਭੀਆਂ ਨੂੰ ਆਪ ਜੀ ਆੜੇ ਹੱਥ ਲੈਂਦੇ ਸਨ। ਬ੍ਰਾਹਮਣਾਂ ਦੀਆਂ ਕੁਚਾਲਾਂ ਤੋਂ ਪੰਥ ਨੂੰ ਸੁਚੇਤ ਕੀਤਾ ਤੇ ਸਿੱਖੀ ਮਰਯਾਦਾ ਦ੍ਰਿੜ੍ਹ ਕਰਾਂਦੇ ਰਹੇ।

ਭਾਈ ਨੰਦ ਲਾਲ ਜੀ ਨੇਂ ਇਸੇ ਲਈ ਉਨ੍ਹਾਂ ਨੂੰ ਮੌਤ ਦੇ ਫੰਧੇ ਨੂੰ ਤੋੜਨ ਵਾਲਾ[1] ਅਤੇ ਜਮਰਾਜ ਨੂੰ ਵੀ ਨੀਵਾਂ ਦਿਖਾਲਣ ਵਾਲਾ ਕਿਹਾ ਹੈ।

ਉਨ੍ਹਾਂ ਦਾ ਨਾਮ ਹੀ ਅਜਿਹਾ ਹੈ ਜੋ ਹੰਕਾਰ ਵਿਚ ਮੱਤੇ ਰੁਸਤਮ ਤੇ ਬਹਮਨ ਵਰਗੇ, ਜੋ ਅਸਮਾਨ ਤੋਂ ਉੱਚੀਆਂ ਗੱਲਾਂ ਕਰਦੇ ਮਨ ਦਾ ਪੰਜਾ ਮਰੋੜ ਦਿੰਦੇ ਹਨ। ਵੱਡੇ-ਵੱਡੇ ਸ਼ਸਤ੍ਰਧਾਰੀ ਉਨ੍ਹਾਂ ਅੱਗੇ ਸਿਰ ਝੁਕਾਂਦੇ ਹਨ। ਉਨ੍ਹਾਂ ਦੀ ਤੱਕਣੀ ਹੀ ਬੱਬਰ ਸ਼ੇਰ ਨੂੰ ਪਾਲਤੂ ਬਣਾ ਦੇਂਦੀ ਹੈ। ਉਹ ਬਾਗ਼ੀਆਂ ਤੇ ਸਿਰ ਫਿਰਿਆਂ ਦਾ ਸਿਰ ਕਲਮ ਕਰਨ ਵਾਲੇ ਹਨ।[2] ਕੋਈ ਬਾਗ਼ੀ ਸਿਰ ਨਹੀਂ ਉਠਾ ਸਕਿਆ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ੨੨੦੦ ਚੋਣਵੇਂ

---

੧. ਅਜ਼ ਹਮ ਗੁਸਲ-ਇ-ਕਮੰਦ ਇ ਮਰਗ।
ਵ ਹਲਾਕ ਵ ਮਲਕ ਉਲ ਮੌਤ-ਇ-ਸਹਿਮਨਾਕ।
ਅਜ਼ ਅਜ਼ਮਤਸ਼ ਸੀਨਾ-ਚਾਕ।

੨. ਗਰਦਨ-ਜ਼ਨਿ ਸਰਕਸ਼ਾਂ ਗੁਰੂ ਕਰਤਾ ਹਰਿ ਰਾਇ।

ਸਵਾਰਾਂ ਦੀ ਇਕ ਫ਼ੌਜ ਬਣਾਈ ਸੀ ਜਿਸ ਦਾ ਨਾਂ ਹੀ **"ਗੁਰੂ ਹਰਿ ਰਾਇ ਜੀ ਦਾ ਡੇਰਾ"** ਰੱਖਿਆ ਸੀ । ਜਦ ਵੀ ਕੋਈ ਮੁਹਿੰਮ ਸਰ ਨਾ ਹੋਵੇ ਉਸ ਵੇਲੇ ਉਨ੍ਹਾਂ ਸਵਾਰਾਂ ਦੀ ਫ਼ੌਜ ਭੇਜੀ ਜਾਂਦੀ ਸੀ ਅਤੇ ਜਿੱਤਾਂ ਪ੍ਰਾਪਤ ਹੁੰਦੀਆਂ ਸਨ।

ਦੂਜੇ ਪਾਸੇ ਨਿਰਵੈਰ, ਉਦਾਰ, ਹਲੀਮ, ਸ਼ਾਂਤ-ਚਿੱਤ ਸੰਤੋਖੀ, ਦਾਤੇ ਤੇ ਕੋਮਲ ਇਤਨੇ ਕਿ ਪਿਆਰ ਹੀ ਵੰਡਦੇ ਰਹੇ। ਕਨਿੰਘਮ ਨੇ ਠੀਕ ਲਿਖਿਆ ਹੈ ਕਿ ਉਨ੍ਹਾਂ ਦੀ ਸਾਰੀ ਕਾਰ ਵਿਚ ਹਲੀਮੀ ਭਰੀ ਸੀ। ਸਰਬ ਥਾਈਂ ਬਹੁਤ ਹੀ ਮਾਣ ਤੇ ਸਤਿਕਾਰ ਪਾਇਆ।

ਜਿਤਨੇ ਇਹ ਭਾਈ ਤੇ ਸਰਦਾਰ ਹਨ, ਉਨ੍ਹਾਂ ਦੀ ਰਹਿਮਤ ਸਦਕਾ ਹੀ ਵਰੋਸਾਏ ਗਏ ਹਨ।[1]

ਲਤੀਫ਼ ਨੇ ਵੀ ਇਹ ਹੀ ਲਿਖਿਆ ਹੈ ਕਿ ਉਹ ਸ਼ਾਂਤ-ਚਿੱਤ, ਸੰਤੋਖੀ ਤੇ ਮਿੱਠ-ਬੋਲੜੇ ਸਨ।[2]

ਗਰੀਨਲੀਜ ਨੇ ਗੌਸਪਲ ਔਫ਼ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹਰਿ ਰਾਇ ਨੂੰ ਮੂਰਤ ਹੀ ਦਇਆ (ਮਰਸੀ) ਦੀ ਕਿਹਾ ਹੈ।[3]

ਭਾਈ ਗੁਰਦਾਸ ਦੂਜੇ ਨੇ ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ ਵਾਰ ਵਿਚ ਗੁਰੂ ਹਰਿ ਰਾਇ ਜੀ ਦੀ ਮਹਿਮਾ ਕਰਦੇ ਲਿਖਿਆ ਹੈ ਕਿ 'ਉਨ੍ਹਾਂ ਨੇ ਐਸੀ ਕਮਾਈ' ਕਰ ਲਈ ਸੀ ਕਿ ਸਦਾ ਹੀ ਸਮਾਧੀ ਸਥਿਤ ਰਹੇ। ਜਿਸ 'ਖੁਭੀ ਰਹੀ ਸੁਰਤਿ ਪ੍ਰਭ ਚਰਨਨ' ਦਾ ਜ਼ਿਕਰ ਕਲਗੀਧਰ ਨੇ ਕੀਤਾ ਹੈ, ਉਹ ਹੀ ਅਵੱਸਥਾ ਸਤਵੇਂ ਪਾਤਸ਼ਾਹ ਦੀ ਹੈ। ਇਤਨੀਆਂ ਸ਼ਕਤੀਆਂ ਦੇ ਮਾਲਕ ਹੋ ਕੇ ਵੀ ਕਦੇ ਆਪਾ ਨਾ ਜਣਾਇਆ। 'ਜਿਨ ਪਾਇਆ ਤਿਨੈ ਛਪਾਇਆ।' ਉਨ੍ਹਾਂ 'ਤੇ ਹੀ ਢੁੱਕਦਾ ਹੈ। ਵਾਰ ਕੀ ਪਉੜੀ ਦੇ ਸ਼ਬਦ ਹਨ :

*ਸਪਤਮ ਮਹਲ ਅਗਮ। ਹਰਿ ਰਾਇਆ।*
*ਜਿਨ ਸੁੰਨ ਧਿਆਨ ਕਰ ਜੋਗ ਕਮਾਇਆ।*
*ਚੜ ਗਗਨ ਗੁਫਾ ਮਹਿ ਰਹਿਓ ਸਮਾਈ।*
*ਜਹਿ ਬੈਠ ਅਡੋਲ ਸਮਾਧਿ ਲਗਾਈ।*
*ਸਭ ਕਲਾ ਪੇਚ ਕਰਿ ਗੁਪਤ ਰਹਾਯੇ।*
*ਤਹਿ ਅਪਨ ਰੂਪ ਕੋ ਨਹਿ ਦਿਖਲਾਯੇ ।੨੨।*

---

੧. ਹਿਸਟਰੀ ਔਫ਼ ਦੀ ਸਿੱਖਸ ਸਫ਼ਾ, ੫੫।
His ministry was mild. Yet such as won for him general respect, and many of 'Bhais', trace their decent to one disciple or other distinguished by (Guru) Har Rai.

੨ Quiet, Contented and affable.

੩ Mercy.

 www.sikhbookclub.com

ਦਯਾਲੂ ਇਤਨੇ ਕਿ ਜਦ ਸੁਣਿਆ ਕਿ ਦਾਰਾ ਅਸਾਧ ਰੋਗ ਨਾਲ ਪੀੜਤ ਹੈ ਤੇ ਜਿਨ੍ਹਾਂ ਦਵਾਈਆਂ ਨਾਲ ਅਰੋਗ ਹੋ ਸਕਦਾ ਹੈ ਉਹ ਉਨ੍ਹਾਂ ਦੇ ਹੀ ਸ਼ਫ਼ਾਖ਼ਾਨੇ ਵਿਚ ਹਨ ਤਾਂ ਤੁਰੰਤ ਭੇਜ ਦਿੱਤੀਆਂ। ਸ਼ਾਹ ਜਹਾਨ ਦੀਆਂ ਕੀਤੀਆਂ ਜੰਗਾਂ ਦੀ ਵਿਚਾਰ ਵਿਚਕਾਰ ਨਹੀਂ ਪੈਣ ਦਿੱਤੀ। ਉਦਾਰ ਇਤਨੇ ਕਿ ਸ਼ਿਕਾਰ ਖੇਡਣ ਜਾਂਦੇ ਤਾਂ ਹਰ ਕੋਸ਼ਿਸ਼ ਇਹ ਹੁੰਦੀ ਕਿ ਸ਼ਿਕਾਰ ਜ਼ਿੰਦਾ ਹੀ ਹੱਥ ਆਵੇ। ਜੋ ਕੋਈ ਘਾਇਲ ਵੀ ਹੋ ਜਾਂਦਾ ਤਾਂ ਉਸ ਦਾ ਇਲਾਜ ਕਰ ਕੇ ਖੁੱਲ੍ਹਾ-ਛੱਡ ਦੇਂਦੇ। ਰੱਖ ਜੋ ਉਨ੍ਹਾਂ ਬਣਾਈ ਉਥੇ ਸ਼ੇਰ ਤੇ ਬੱਕਰੀ ਸੱਚਮੁੱਚ ਇਕੋ ਹੀ ਘਾਟ ਤੇ ਪਾਣੀ ਪੀਂਦੇ ਸਨ। ਕੋਮਲ ਇਤਨੇ ਕਿ ਦੋ ਪਹਿਰ ਇਕ ਥਾਂ ਹੀ ਟਿਕ ਬੈਠੇ ਰਹੇ ਕਿ ਮਤਾ ਜ਼ਰਾ ਕੁ ਹਿੱਲਣ ਨਾਲ ਕਿਸੇ ਭਾਈ ਗੌਂਦੇ ਦੇ ਪਿਆਰ ਵਿਚ ਵਿਘਨ ਪਏ। ਭਾਉ ਭਗਤ ਦੇ ਭੁੱਖੇ ਇਤਨੇ ਕਿ ਮੀਲਾਂ ਦਾ ਪੈਂਡਾ ਮਾਰ ਮਾਈ ਤਾਬੋ ਦੇ ਮਿੱਸੇ ਪ੍ਰਸ਼ਾਦੇ ਖਾਣ ਲਈ ਗਏ। ਸੰਤੋਖੀ ਇਤਨੇਂ ਕਿ ਇਕ ਵਾਰੀ ਪ੍ਰਸ਼ਾਦ ਛਕਣ ਤੋਂ ਬਾਅਦ ਫਿਰ ਦਿਹਾੜੀ ਮੂੰਹ ਹੀ ਨਾ ਪਾਉਂਦੇ। ਲੋਕ ਦਰਦੀ ਇਤਨੇ ਕਿ ਪੰਜਾਬ ਵਿਚ ਕਾਲ ਪੈਣ ਦੀ ਖ਼ਬਰ ਸੁਣ ਕੇ ਹੁਕਮਨਾਮੇ ਪਠਾਏ ਕਿ ਕਾਰ ਭੇਟ ਉੱਥੇ ਹੀ ਵਰਤੋ। ਲੰਗਰ ਚਲਾਓ। ਭੁੱਖਾ ਕੋਈ ਰਹਿਣ ਨਾ ਪਾਵੇ। ਮੇਰੀ ਖ਼ੁਸ਼ੀ ਉਸੇ ਸਿੱਖ ਤੇ ਹੈ ਜੋ ਸਮੇਂ ਘੁੱਥੇ ਅਤਿਥੀ ਨੂੰ ਭਾਉ ਕਰ ਪ੍ਰਸ਼ਾਦ ਛਕਾਏ। ਗਰੀਨ ਲੀਜ਼ ਨੇ ਸੋਹਣਾ ਲਿਖਿਆ ਹੈ ਕਿ ਉਨ੍ਹਾਂ ਵਰਗਾ ਮਹਿਮਾਨ ਨਿਵਾਜ਼ ਕੋਈ ਨਹੀਂ ਸੀ। ਬੜੇ ਖ਼ੁਸ਼ ਹੁੰਦੇ ਪ੍ਰਸ਼ਾਦ ਛਕਾ ਕੇ।[੧] **ਆਪੂੰ ਹਮੇਸ਼ਾ ਸਾਰੀ ਜ਼ਿੰਦਗੀ ਹੀ ਪਿੱਛੋਂ ਖਾਧਾ।** ਅਲੋਪ ਇਤਨੇ ਕਿ ਘੰਟਿਆਂ ਬੱਧੀ ਇਕੱਲਿਆਂ ਹੀ ਜੰਗਲਾਂ ਦੀ ਸੈਰ ਕਰਦੇ ਰਹਿੰਦੇ। ਦਾਤੇ ਇਤਨੇ ਕਿ 'ਦੇਂਦਾ ਦੇ, ਲੈਂਦੇ ਥਕਿ ਪਾਹਿ,' ਦੇ ਅਰਥ ਲਗਦੇ। ਏਸ ਕਾਰਨ ਤਾਂ ਗੁਰ ਪ੍ਰਣਾਲੀ ਦੇ ਲਿਖਾਰੀਆਂ ਨੇ ਲਿਖਿਆ :

*"ਜਾ ਕੇ ਦਰਬਾਰ ਦੀਸੈ ਨਾਹਿ ਕੋ ਮੰਗਤਾ।"*

ਕ੍ਰਿਪਾਲੂ ਇਤਨੇ ਕਿ ਘੋੜੇ ਨੂੰ ਦੌੜਾਂਦੇ ਜੋ ਬੱਚਾ ਵੀ ਤ੍ਰਭਕ ਕੇ ਡਿੱਗਾ ਤਾਂ ਰੁਕ ਕੇ ਚੁੱਕਿਆ ਤੇ ਛਾਤੀ ਨਾਲ ਲਾਇਆ ਅਤੇ ਵਰ ਦਿੱਤੇ।

ਬਾਣੀ ਦਾ ਸਤਿਕਾਰ ਇਤਨਾ ਕਰਦੇ ਕਿ ਗੌਡੋਂ ਤੇ ਚੋਟ ਤਾਂ ਲਗਵਾ ਲਈ ਪਰ ਸਨਮਾਨ ਵਿਚ ਢਿੱਲ ਨਾ ਪੈਣ ਦਿੱਤੀ। ਪੁੱਤਰ ਤਿਆਗ ਦਿੱਤਾ ਪਰ ਬਾਣੀ ਦਾ ਅਪਮਾਨ ਨਾ ਸਹਾਰਿਆ। ਗੁਰਬਾਣੀ ਨਾਲ ਪਿਆਰ ਇਤਨਾ ਕਿ ਆਪੂੰ ਕਥਾ ਕਰ ਕੇ ਰਮਜ਼ਾਂ ਖੋਲ੍ਹਦੇ। ਫ਼ਕੀਰੀ ਦੀ ਧਾਂਕ ਇਤਨੀ ਕਿ ਦੂਰੋਂ-ਦੂਰੋਂ ਫ਼ਕੀਰ ਸਾਧੂ ਆ ਕੇ ਅਟਕਾਂ ਹਟਾਂਦੇ। ਬੋਲਦੇ ਤਾਂ ਬੇਦ ਦਾ ਗਿਆਨ ਅੰਦਰ ਪ੍ਰਕਾਸ਼ ਹੋ ਜਾਂਦਾ। "ਬਿਧਿ ਬੇਦਨ ਭਾਸ਼ਨ ਸਵਤੇ ਪ੍ਰਕਾਸ਼ਨ।" ਸਾਰੀ ਸ੍ਰਿਸ਼ਟੀ ਉਨ੍ਹਾਂ ਦੀ ਆਤਮਿਕ ਉੱਚਤਾ ਹੀ ਦਿੜ੍ਹਾਂਦੀ ਅਤੇ "ਕੋਈ ਪ੍ਰੀਤ ਵੰਤ ਹੋ ਕੇ ਸ਼ੁੱਧ ਹਿਰਦੇ ਦਰਸ਼ਨ ਕੋ

---

੧. He took great joy in being hospitable to guests ans this characteristic remained with him all through his life. p.p ੨੮ —ਇੰਟ੍ਰੋਡਕਸ਼ਨ ।

ਜਾਤਾ, ਜਿਸ ਮਨੋਰਥ ਕੀ ਇੱਛਾ ਕਰਤਾ, ਤਤਕਾਲ ਹੀ ਪ੍ਰਾਪਤ ਹੁੰਦਾ।' ਜਿਨ੍ਹਾਂ ੧੨ ਬਖ਼ਸ਼ਸ਼ਾਂ ਨੇ ਸਿੱਖੀ ਹਿੰਦੁਸਤਾਨ ਅਤੇ ਉਸ ਬਾਹਰ ਚਹੁੰਆਂ ਕੋਨਿਆਂ ਤੱਕ ਫੈਲਾਈ, ਉਨ੍ਹਾਂ ਵਿਚੋਂ ੧੦ ਆਪ ਜੀ ਦੀ ਅਸੀਸ ਨਾਲ ਬਣੀਆਂ ਸਨ।

"ਭਗਤਿ ਗਿਰ" ਵਰਗੇ ਸਾਧੂਆਂ ਨੂੰ ਸਿੱਖੀ ਪਰਚਾਰ ਲਈ ਲਗਾ ਦੇਣਾ ਆਪ ਜੀ ਦੀ ਸ਼ਖ਼ਸੀਅਤ ਦਾ ਹੀ ਚਮਤਕਾਰ ਸੀ।

ਦੇਣਾਂ ਤੇ ਦਿੱਤਾਂ ਦਾ ਕੋਈ ਪਾਰਾਵਾਰ ਨਹੀਂ ਹੈ। ਇਹ ਬੜੇ ਗਹੁ ਨਾਲ ਵਾਚਣ ਵਾਲੀ ਗੱਲ ਹੈ ਕਿ ਭਾਈ ਨੰਦ ਲਾਲ ਜੀ ਨੇ ਉਨ੍ਹਾਂ ਦਾ ਨਾਮ ਗੰਜ-ਨਾਮਾ ਵਿਚ 'ਕਰਤਾ ਹਰਿ ਰਾਇ' ਲਿਖਿਆ ਹੈ। ਜਦ ਹਿੱਜੇ ਕਰ ਕੇ ਲਫ਼ਜ਼ਾਂ ਨੂੰ ਅਰੰਭ ਕੀਤਾ ਹੈ ਪਹਿਲਾਂ ਕਾਫ

ک ਫਿਰ ਰੇ ر ਤੇ ت ਅਤੇ ਅਲਫ਼ ا ਲਿਖਿਆ ਹੈ। ਉਹ ਕਿਤਨੀਆਂ ਹੀ ਸੰਸਥਾਵਾਂ, ਮਰਿਯਾਦਾਵਾਂ, ਰਾਜਾਂ, ਸਰਦਾਰੀਆਂ ਤੇ ਨਿਯਮਾਂ ਦੇ ਕਰਤਾ ਸਨ। ਜੋਟੀਆਂ ਦੇ ਸ਼ਬਦ ਗਾਉਣ ਦੀ ਰੀਤ ਆਪ ਜੀ ਨੇ ਹੀ ਚਲਾਈ। ਕਿਉਂਕਿ ਕੀਰਤਨੀਏ ਹਰ ਥਾਂ ਪੁੱਜ ਨਹੀਂ ਸਨ ਸਕਦੇ । ਸਿੱਖੀ ਲੋਕ-ਲਹਿਰ ਬਣ ਗਈ। ਸ਼ਬਦ ਨਾਲ ਸਿੱਖ ਜੁੜੇ ਰਹਿਣ ਇਸ ਲਈ ਆਗਿਆ ਕੀਤੀ ਕਿ ਜੋਟੀਆਂ ਦਾ ਸ਼ਬਦ ਜ਼ਰੂਰ ਪੜ੍ਹਿਆ ਜਾਏ।

ਗੁਰਧਾਮਾਂ ਦੀ ਯਾਤਰਾਂ ਵੇਲੇ ਕੋਈ ਖੇਚਲ ਖਾਹੀ ਨਾ ਕਰੇ, ਇਸ ਲਈ ਆਪੂੰ ਸੰਜਮ ਰੱਖ ਕੇ ਦੱਸਿਆ। ਨਨਕਾਣਾ ਸਾਹਿਬ, ਅੰਮ੍ਰਿਤਸਰ, ਗੋਇੰਦਵਾਲ, ਡੇਹਰਾ ਸਾਹਿਬ, ਲਾਹੌਰ ਭੁੰਜੇ ਹੀ ਆਸਨ ਰੱਖਿਆ। ਲੰਗਰ ਦੀ ਮਰਯਾਦਾ ਬੱਧੀ। ਜੇ ਕੋਈ ਧਰਮਸਾਲ ਜਾਏ ਤਾਂ ਭਾਵੇਂ ਚੁਟਕੀ ਕੁ ਆਟਾ ਲੈ ਜਾਏ ਦਾ ਹੁਕਮ ਦੇ ਕੇ ਸਿੱਖ ਦੀ ਬ੍ਰਿਤੀ ਲੈਣ ਨਾਲੋਂ ਦੇਣ ਦੀ ਬਣਾਈ। ਧਰਮਸਾਲ ਦੀ ਝਾਕ ਨਾ ਰਹੇ ਸਭ ਵੰਡ ਖ਼ੁਸ਼ੀਆਂ ਲੈਂਦੇ।

ਲੰਗਰ ਸ਼ੁਰੂ ਹੋਣ ਤੇ ਨਗਾਰਾ ਜ਼ਰੂਰ ਹੋਵੇ ਤਾਂ ਕਿ ਇਹ ਕੋਈ ਨਾ ਆਖ ਸਕੇ ਕਿ ਸੱਦਾ ਨਹੀਂ ਦਿੱਤਾ ਗਿਆ। ਸਿੱਖਾਂ ਦਾ ਸੁਭਾਅ ਹੀ ਬਣ ਗਿਆ ਕਿ ਪ੍ਰਸ਼ਾਦ ਛਕਣ ਵੇਲੇ ਇਕੱਲਿਆਂ ਵੀ ਹੁੰਦੇ ਤਾਂ ਆਵਾਜ਼ ਉੱਚੀ ਮਾਰ ਲੈਂਦੇ। ਨਾਦਰ ਸ਼ਾਹ ਜਦ ਹਮਲਾਵਰ ਹੋਇਆ ਤਾਂ ਇਹ ਗੁਣ ਸੁਣ ਹੈਰਾਨ ਹੋਇਆ ਸੀ। ਉਸ ਕਿਹਾ ਵੀ ਸੀ ਕਿ ਜੇ ਉੱਚੀ ਆਵਾਜ਼ ਸੁਣ ਕੋਈ ਦੁਸ਼ਮਣ ਆ ਜਾਏ ਤਾਂ ਇਹ ਸਿੱਖ ਲੋਕ ਕੀ ਕਰਦੇ ਹਨ।

ਜ਼ਕਰੀਆਂ ਖ਼ਾਨ ਨੇ ਕਿਹਾ ਸੀ :

*ਉਸ ਸਮੇਂ ਬੈਰੀ ਕਿਮ ਆਵੈ,*
*ਪਰਮ ਮੀਤ ਸਮ ਤੇਹਿ ਛਕਾਵੈ।*

ਅਗਲਾ ਸਵਾਲ ਸੀ—ਆਪ ਫਿਰ ਕੀ ਖਾਂਦੇ ਹਨ ? ਤਾਂ ਜ਼ਕਰੀਆ ਨੇ ਕਿਹਾ ਸੀ :

*ਬੈਰੇ ਤੋਂ ਆਪ ਖਲੋਂ ਹੈਂ।*

 www.sikhbookclub.com

*ਨਹੀਂ ਤੋਂ ਲੰਗਰ ਮਸਤ ਬਤੇਂ ਹੈਂ।"*

ਇਹ ਜਾਚਾਂ ਗੁਰੂ ਹਰਿ ਰਾਇ ਜੀ ਨੇ ਹੀ ਸਿਖਾਲੀਆਂ ਸਨ।

ਖੜੇ ਹੋ ਕੇ ਅਰਦਾਸ ਕਰਨ ਦੀ ਰੀਤ ਵੀ ਗੁਰੂ ਹਰਿ ਰਾਇ ਜੀ ਨੇ ਪੱਕੀ ਕੀਤੀ ਸੀ। ਅੱਜ ਜੋ ਪਦ ਛੇਦ ਤੇ ਕਿੰਤੂ ਕਰਦੇ ਹਨ, ਉਨ੍ਹਾਂ ਨੂੰ ਇਹ ਪੜ੍ਹ ਅਤੇ ਗੁਰੂ ਹਰਿ ਰਾਇ ਜੀ ਦਾ ਹੱਥੀਂ ਮੂਲ ਮੰਤਰ ਲਿਖਿਆ ਦੇਖ ਹੈਰਾਨੀ ਹੋਵੇਗੀ ਕਿ ਇਹ ਪਰਪਾਟੀ ਵੀ ਸਤਵੇਂ ਪਾਤਸ਼ਾਹ ਨੇ ਪਾਈ ਸੀ।[1] ਕੋਈ ਬਾਣੀ ਗ਼ਲਤ ਨਾ ਪੜ੍ਹੇ ਇਹ ਉਸ ਵੱਲ ਪਹਿਲਾ ਕਦਮ ਸੀ। ਗੁਰੂ ਪਾਤਸ਼ਾਹ ਦੇ ਨੀਸਾਣ ਨੂੰ ਦੇਖ ਕੇ ਵੀ ਸੋਝੀ ਪੈਂਦੀ ਹੈ ਕਿ ਉਹ ਦ੍ਰਿੜ੍ਹ ਸੰਕਲਪ ਵਿਅਕਤੀ ਸਨ।

ਇਤਿਹਾਸ ਨੂੰ ਸਾਂਭਣ ਵੱਲ ਵੀ ਆਪ ਜੀ ਨੇ ਹੀ ਪ੍ਰੇਰਨਾ ਦਿੱਤੀ। ਆਪ ਜੀ ਦੀ ਹੀ ਪਾਲਿਤਿ ਪੁੱਤਰੀ ਬੀਬੀ ਰੂਪ ਕੌਰ ਜੀ ਨੇ ਸ੍ਰੀ ਸਤਿਗੁਰੂ ਜੀ ਕੇ ਮੂਹੇ ਕੀਆਂ ਸਾਖੀਆਂ ਇਕੱਤ੍ਰ ਕੀਤੀਆਂ । ਆਪ ਜੀ ਦੇ ਬਚਨ ਪੜ੍ਹ ਕੇ ਪਤਾ ਲਗਦਾ ਹੈ ਕਿ ਜੀਵਨ ਦੇ ਹਰ ਪੱਖ ਨੂੰ ਸੰਵਾਰਨ ਲਈ ਰਾਹ ਦੇ ਚਿਰਾਗ਼ ਰੋਸ਼ਨ ਕਰ ਰਹੇ ਸਨ। ਕੁਝ ਕੁ ਬਚਨ ਇਸ ਪ੍ਰਕਾਰ ਸਨ :

**—ਬਿਗੜ ਰੂਪ ਅਹੰਕਾਰ ਹੈ। ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।**


SIKHBOOKCLUB.COM

—ਪਾਪਾਂ ਦਾ ਮੂਲ ਲੋਭ ਹੈ।

—ਸਿੱਖ ਦੇ ਗੁਜ਼ਰਨ ਤੇ ਕਦੇ ਨਹੀਂ ਕਹਿਣਾ ਮੋਇਆ ਹੈ ਜਾਂ ਜਮ ਲੈ ਗਿਆ ਹੈ। ਆਖਣਾ-ਅਕਾਲ ਪਾਸ ਗਿਆ ਹੈ।

---

੧. ਮਹਾਰਾਜ ਦੇ ਹੱਥੀਂ ਲਿਖੇ ਮੂਲ ਮੰਤਰ ਦੇ ਦਰਸ਼ਨ ਜੋ ਆਦ ਗ੍ਰੰਥ ਸੰਮਤ ੧੭੧੬ ਵਖਖੋ ਮਾਹ ਵੈਸਾਖ ੧ ਵਦੀ ੧ ਦੇ ਲਿਖੇ ਗ੍ਰੰਥ ਦੇ ਤਤਕਰੇ ਬਾਦ ਅੰਕਤ ਹਨ।



—ਗੁਰੂ ਦੀ ਖ਼ੁਸ਼ੀ ਉਸੇ ਤੇ ਹੈ ਜੋ ਸਮੇਂ ਘੁੱਥਿਉਂ ਆਏ ਅਤਿਥੀ ਨੂੰ ਰੁਚਿ ਕਰ ਪਰਸ਼ਾਦ ਛਕਾਂਦਾ ਹੈ।

—ਮਨਿ ਜਾਗੈ ਕੀ ਇਹੀ ਨਿਸ਼ਾਨੀ।
ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।

—ਅਜਾਪ ਵਸਤੂ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ।

**—ਅੰਗ ਭੰਗ ਨੂੰ ਖਵਾਲਣਾ ਬੜਾ ਨੇਕ ਕਰਮ ਹੈ।**

—ਜਿੱਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।

**—ਕਮਾਈ ਵਿਚੋਂ ਜਿਸ ਦਸਵੰਧ ਦਿੱਤਾ, ਉਸ ਘਰ ਸਭੋ ਸੁਖ।**

—ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।

—ਹਾਕਮ ਬਣ ਕਿਸੇ ਤੇ ਰੁਅਬ ਨਾ ਪਾਓ।

**—ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ ਦੇ ਕੁਹਾੜਾ ਮਾਰਨ ਤੁਲ ਹੈ।**

—ਰਾਤ ਨੂੰ ਸੌਣ ਵੇਲੇ ਮਹੱਲਾਂ ਦੇ ਦਰਵਾਜ਼ੇ ਖਿੜਕੀਆਂ ਬੰਦ ਕਰ ਕੇ ਹਰਮਾਂ ਵਿਚ ਇਸ ਤਰ੍ਹਾਂ ਅਵੇਸਲੇ ਨਾ ਸੁੱਤੇ ਰਹੋ ਕਿ ਦੁਖੀ ਦੀਨ ਦੀ ਆਵਾਜ਼ ਹੀ ਕੰਨੀ ਨਾ ਪਵੇ।

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਸਮੁੱਚੀ ਸ਼ਖ਼ਸੀਅਤ ਬਾਰੇ ਬਹੁਤ ਢੁੱਕਵਾਂ ਲਿਖਿਆ ਹੈ ਕਿ ਜਿਹੜੀ ਗੱਲ ਉਨ੍ਹਾਂ ਦੀ ਅੰਤਰ ਆਤਮਾ ਮੰਨਦੀ ਸੀ ਅਤੇ ਦੂਜਿਆਂ ਨੂੰ ਕਹਿਣੀ ਹੁੰਦੀ ਸੀ, ਪਹਿਲਾਂ ਉਸ ਨੂੰ ਆਪਣੇ ਤੇ ਫ਼ੌਜੀ ਜ਼ਬਤ ਵਾਂਗੂੰ ਲਾਗੂ ਕਰਦੇ।[1]

ਉਹ ਕਰਤਾ ਸਨ, ਉਨ੍ਹਾਂ ਸਾਰੀ ਜ਼ਿੰਦਗੀ ਕੋਈ ਫੁੱਲ ਪੁੱਟਿਆ ਨਹੀ, ਲਾਉਂਦੇ ਹੀ ਰਹੇ।

ਭਾਈ ਨੰਦ ਲਾਲ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਪੁਸਤਕ ਨੂੰ ਸਮਾਪਤ ਕਰਨਾ ਹੈ ਕਿ ਗੁਰੂ ਕਰਤਾ ਹਰਿ ਰਾਇ, ਸੱਚ ਦੇ ਪਾਲਣਹਾਰ ਵੀ ਹਨ ਤੇ ਸੱਚ ਦੇ ਧਾਰਨੀ ਵੀ।[2]

ਸੁਲਤਾਨ ਵੀ ਹਨ, ਦਰਵੇਸ਼ ਵੀ।[3]
ਗੁਰੂ ਕਰਤਾ ਹਰਿ ਰਾਇ
ਲੋਕ ਪ੍ਰਲੋਕ ਦੋਹਾਂ ਜਹਾਨਾਂ ਦੇ ਸਰਦਾਰ ਹਨ।[4]

---

੧. He had Military discipline for himself in everything that affected his conscience (ਬੁੱਕ ਔਫ਼ ਟੈੱਨ ਮਾਸਟਰਜ਼, ਸਫ਼ਾ ੭੩)

੨. ਹਕ ਪਰਵਰ ਹਰ ਕੇਸ਼।

੩. ਸੁਲਤਾਨ ਹਮ ਦਰਵੇਸ਼।

੪. ਸਰਵਹਿ ਕੌਨੈਨ।


www.sikhbookclub.com

ਗੁਰੂ ਕਰਤਾ ਹਰਿ ਰਾਇ ਦੇ ਦਰਬਾਰ
ਉਹ ਮੰਗਤੇ ਬਣ ਖੜੇ ਹਨ ਜੋ ਆਪੂੰ ਵੰਡਣ ਵਾਲੇ ਹਨ।[1]
ਦਰਗਾਹ ਦੇ ਪਿਆਰੇ ਹਨ ਗੁਰੂ ਹਰਿ ਰਾਇ।[2]
ਉਨ੍ਹਾਂ ਦਾ ਨਾਮ ਸਖਾਵਤ ਦਾ ਸੂਚਕ ਹੈ। ਸਾਧਾਂ ਲਈ ਅਮਰ ਰਸ ਹੈ।

ਗੁਰੂ ਕਰਤਾ ਹਰਿ ਰਾਇ ਜੀ ਦੇ ਵਾਕਾਂ ਤੇ ਟੁਰਿਆਂ ਸੱਚ ਦੀ ਪਾਤਸ਼ਾਹੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਹਰਿ ਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦੇ ਯਾਰ ਤੇ ਸਹਾਰਾ ਹਨ :

**"ਯਾਰਿ ਮੁਤਜ਼ਰੱਆਂ, ਗੁਰ ਕਰਤਾ ਹਰਿ ਰਾਇ।"**

---

੧. ਮਨਅਮ ਅਲਫ਼ਜ਼ਾਲ ਖੁਦ ਤਾਲਬਸ਼।
੨. ਮਕਬਲੇ ਦਰਗਾਹਿ ਵਾਹਬ ਮਤਆਲ।


www.sikhbookclub.com

## ਪ੍ਰਿੰ: ਸਤਿਬੀਰ ਸਿੰਘ ਰਚਿਤ ਧਾਰਮਿਕ ਤੇ ਇਤਿਹਾਸਕ ਰਚਨਾਵਾਂ

| | |
|---|---|
| ਸਾਡਾ ਇਤਿਹਾਸ (ਭਾਗ ਪਹਿਲਾ) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ਦੂਜਾ) | (ਬਾਬਾ ਬੰਦਾ ਬਹਾਦਰ ਤੋਂ ਸਿੱਖ ਰਾਜ ਤੱਕ) |
| ਬਲਿਓ ਚਿਰਾਗ਼ | (ਜੀਵਨੀ ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਜੀਵਨੀ ਗੁਰੂ ਅੰਗਦ ਦੇਵ ਜੀ) |
| ਪਰਬਤ ਮੇਰਾਣੂ | (ਜੀਵਨੀ ਗੁਰੂ ਅਮਰਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਜੀਵਨੀ ਗੁਰੂ ਰਾਮਦਾਸ ਜੀ) |
| ਪਰਤਖੁ ਹਰਿ | (ਜੀਵਨੀ ਗੁਰੂ ਅਰਜਨ ਦੇਵ ਜੀ) |
| ਗੁਰ ਭਾਰੀ | (ਜੀਵਨੀ ਗੁਰੂ ਹਰਗੋਬਿੰਦ ਜੀ) |
| ਨਿਰਭਉ ਨਿਰਵੈਰੁ | (ਜੀਵਨੀ ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਜੀਵਨੀ ਗੁਰੂ ਤੇਗ ਬਹਾਦਰ ਜੀ) |
| ਪੁਰਖ ਭਗਵੰਤ | (ਜੀਵਨੀ ਗੁਰੂ ਗੋਬਿੰਦ ਸਿੰਘ ਜੀ) |
| ਕਥਾ ਪੁਰਾਤਨ ਇਉਂ ਸੁਣੀ (ਭਾਗ 1) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਕਥਾ ਪੁਰਾਤਨ ਇਉਂ ਸੁਣੀ (ਭਾਗ 2) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੁ ਅਸੀਂ ਕੁਝ ਨਹੀਂ ਜਾਣਦੇ) |
| ਰਛਿਆ ਰਹਿਤ | (ਰਹਿਤ ਦੀ ਮਹੱਤਤਾ ਬਾਰੇ) |
| ਖ਼ਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸੌ ਸਵਾਲ | (ਗੁਰਮਤਿ ਸਬੰਧੀ ਸਵਾਲ-ਜਵਾਬ) |
| ਆਦਿ ਸਿੱਖ ਤੇ ਆਦਿ ਸਾਖੀਆਂ | (ਸਿੱਖਾਂ ਪ੍ਰਤੀ ਗੁਰੂ ਸਾਹਿਬ ਦੇ ਬਚਨ) |
| ਅਨਾਦਿ ਅਨਾਹਤਿ | (ਜਪੁ ਤੇ ਉਹਦੇ ਪੱਖ) |
| ਰਬਾਬ ਤੋਂ ਨਗਾਰਾ | (ਇੱਕੜ-ਦੁੱਕੜ) |
| ਮਨਿ ਬਿਸ੍ਰਾਮ | (ਸੁਖਮਨੀ ਸਾਹਿਬ ਬਾਰੇ) |
| ਬਾਰਹ ਮਾਹਾ ਤਿੰਨੇ | (ਪਾਤਸ਼ਾਹੀ 1, 5 ਤੇ 10 ਵੱਲੋਂ ਉਚਾਰੇ ਬਾਰਾਮਾਹ) |
| ਪੂਰਨ ਸਚਿ ਭਰੇ | (ਮੰਨੋ ਭਾਵੇਂ ਨਾਂਹ) |

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ।


www.sikhbookclub.com